ਮੰਚਣ

ਪੁਸਤਕ ਲੜੀ ਨੰ: 9

ਆਨਰੇਰੀ ਸੰਪਾਦਕ: ਆਤਮਜੀਤ ਅਤੇ ਸਤੀਸ਼ ਕੁਮਾਰ ਵਰਮਾ
ਸਹਿਯੋਗ: ਬ. ਸ. ਰਤਨ ਅਤੇ ਬੀ. ਪੀ. ਸਿੰਘ ਤੇ ਸਰਬਜੀਤ ਸਿੰਘ ਬੇਦੀ

ਅੱਖਰ



ਸਫ਼ਦਰ ਹਾਸ਼ਮੀ ਨੰਬਰ



ਸਕੈੱਚ : ਸਾਧਨਾ ਸੰਗਰ

ਸਰਵਰਕ : ਮਨਮੋਹਨ ਸਿੰਘ ਬਾਵਾ

ਪੰਜਾਬੀ ਨਾਟਕ-ਥੀਏਟਰ ਦੀ ਪੁਸਤਕ-ਲੜੀ 1989/9
ਆਨਰੇਰੀ ਸੰਪਾਦਕ : ਆਤਮਜੀਤ ਅਤੇ ਸਤੀਸ਼ ਕੁਮਾਰ ਵਰਮਾ
ਸਹਿਯੋਗ : ਬ ਸ.ਰਤਨ, ਬੀ ਪੀ. ਸਿੰਘ ਤੇ ਸਰਬਜੀਤ ਸਿੰਘ ਬੇਦੀ
ਲੋਕ ਸੰਪਰਕ : ਮਦਨ ਗਰਗ
225, ਫ਼ੇਜ਼ 6, ਮੁਹਾਲੀ-160 055 (ਪੰਜਾਬ)

ਸਫ਼ਦਰ ਹਾਸ਼ਮੀ ਨੰਬਰ

ਮੁੱਲ : 20 ਰੁਪਏ (ਵਿਸ਼ੇਸ਼ ਅੰਕ) ਚਾਰ ਅੰਕ : 30 ਰੁਪਏ (ਵਿਦੇਸ਼ : 200 ਭਾਰਤੀ ਰੁਪਏ)
ਸੰਸਥਾਵਾਂ ਤੇ ਲਾਇਬਰੇਰੀਆਂ : 60 ਰੁਪਏ

ਇਕ ਅੰਕ ਦੇ ਲੇਖਕ ਅਤੇ ਅਨੁਵਾਦਕ

ਮਨਮੋਹਨ ਸਿੰਘ ਬਾਵਾ
ਵਾਈ-30, ਹੌਜ ਖਾਸ
ਨਵੀਂ ਦਿੱਲੀ

ਪਿਆਰਾ ਸਿੰਘ ਸਹਿਰਾਈ
ਮਾਰਫ਼ਤ ਨਵਯੁਗ ਪਬਲਿਸ਼ਰਜ਼, ਪਲੱਈਆਰ ਗਾਰਡਨ ਮਾਰਕਿਟ, ਚਾਂਦਨੀ ਚੌਕ,
ਨਵੀਂ ਦਿੱਲੀ

ਜਗਦੀਸ਼ ਫਰਿਆਦੀ
1790, ਗਲੀ ਨੰ: 6, ਨਈ ਬਸਤੀ, ਬਠਿੰਡਾ

ਪਾਲੀ ਭੁਪਿੰਦਰ ਸਿੰਘ
256, ਬਿਸ਼ਨੰਦੀ ਬਾਜ਼ਾਰ, ਜੈਤੋਂ

ਤੇਜਬੀਰ ਕਸੇਲ
111, ਫੇਜ਼-4, ਮੁਹਾਲੀ

ਸਬਿੰਦਰਜੀਤ ਸਾਗਰ (ਡਾ.)
ਰੀਡਰ, ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸਫ਼ਦਰ ਹਾਸ਼ਮੀ ਦੀਆਂ ਮੂਲ ਰਚਨਾਵਾਂ
ਅਤੇ ਹੋਰ ਜਾਣਕਾਰੀ ਲਈ ਸੰਪਰਕ :
ਮਨਮੋਹਨ ਸਿੰਘ ਬਾਵਾ
ਵਾਈ-30. ਹੌਜ ਖਾਸ
ਨਵੀਂ ਦਿੱਲੀ

0 ਮੰਚਣ ਪੁਸਤਕ-ਲੜੀ ਦੇ ਅੰਕ ਨਾ ਤਾਂ ਮੁਫ਼ਤ ਭੇਜੇ ਜਾਂਦੇ ਹਨ ਤੇ ਨਾ ਹੀ ਕਿਸੇ ਸਟਾਲ ਤੇ ਮਿਲਦੇ ਹਨ ।

0 ਮੰਚਣ ਦੇ ਪੁਰਾਣੇ ਉਪਲਬਧ ਅੰਕਾਂ ਦੀ ਕੀਮਤ : 10 ਰੁਪਏ ਪ੍ਰਤੀ ਕਾਪੀ
(ਵਿਸ਼ੇਸ਼ ਅੰਕ : 20 ਰੁਪਏ ਪ੍ਰਤੀ ਕਾਪੀ)

ਸੰਪਾਦਕੀ

ਸਫ਼ਦਰ ਹਾਸ਼ਮੀ

ਮੰਚਣ ਦਾ ਨੌਵਾਂ ਅੰਕ ਲੋਕ-ਨਾਟ ਦੀ ਪਰੰਪਰਾ ਸੰਬੰਧੀ ਹੋਣਾ ਸੀ, ਪਰ ਇਹ ਨਹੀਂ ਹੋ ਸਕਿਆ। ਸਫ਼ਦਰ ਹਾਸ਼ਮੀ ਨੇ ਹਿੰਦੁਸਤਾਨੀ ਰੰਗਮੰਚ ਨੂੰ ਅਜੇ ਬੜਾ ਕੁਝ ਦੇਣਾ ਸੀ, ਪਰ ਉਹ ਨਹੀਂ ਦੇ ਸਕਿਆ। ਅਸੀਂ ਹਾਸ਼ਮੀ ਪਾਸੋਂ ਅਜੇ ਬਹੁਤ ਕੁਝ ਲੈਣਾ ਸੀ, ਉਸ ਹਾਸ਼ਮੀ ਕੋਲੋਂ ਜੋ ਨਾਟਕਕਾਰ ਸੀ, ਨਿਰਦੇਸ਼ਕ ਸੀ, ਅਭਿਨੇਤਾ ਸੀ, ਚਿਤਰਕਾਰ ਸੀ, ਫ਼ੋਟੋਗਰਾਫ਼ਰ ਸੀ, ਕਵੀ ਸੀ, ਚਿੰਤਕ ਸੀ, ਫ਼ਿਲਮਕਾਰ ਸੀ, ਕ੍ਰਾਂਤੀਕਾਰੀ ਸੀ. ਰਾਸ਼ਟਰਵਾਦੀ ਸੀ, ਤੇ ਇਕ ਕੋਮਲ ਭਾਵੀ ਇਨਸਾਨ ਸੀ, ਅਸੀਂ ਇਸ ਇਨਸਾਨ ਕੋਲੋਂ ਅਜੇ ਬਹੁਤ ਕੁਝ ਲੈਣਾ ਸੀ, ਪਰ ਅਸੀਂ ਨਹੀਂ ਲੈ ਸਕੇ।

ਇਹ ਕਿਸੇ ਵੀ ਸਮਾਜ ਵਾਸਤੇ ਬਹੁਤ ਹੀ ਜ਼ਿਆਦਾ ਸ਼ਰਮਨਾਕ ਸਥਿਤੀ ਹੈ ਕਿ ਉਹ ਆਪਣੇ ਅਤਿ ਕੀਮਤੀ ਇਨਸਾਨਾਂ ਨੂੰ ਵੀ ਨਾ ਸਾਂਭ ਸਕੇ। ਅਸੀਂ ਸਾਰੇ ਇਸ ਸ਼ਰਮ ਵਿਚ ਭਿੱਜੇ ਹੋਏ ਹਾਂ। ਹੋਰ ਵੀ ਸ਼ਰਮਨਾਕ ਹੈ ਆਪਣੇ ਗੁਨਾਹਾਂ ਤੇ ਪਰਦਾ ਪਾਉਣਾ।

ਮੰਚਣ ਇਸ ਵਿਸ਼ੇਸ਼ ਅੰਕ ਰਾਹੀਂ ਆਪਣੇ ਰੰਗਕਰਮੀ ਸਾਥੀ ਨੂੰ ਸ਼ਰਧਾਂਜਲੀ ਦੇਣ ਦੇ ਨਾਲ-ਨਾਲ ਇਸ ਸਾਰੀ ਸਥਿਤੀ ਤੇ ਇਕ ਗੰਭੀਰ ਸੰਵਾਦ ਵੀ ਤੋਰਨਾ ਚਾਹੁੰਦਾ ਹੈ। ਸੰਵਾਦ, ਜੋ ਮਹਿਜ਼ ਪਾਖੰਡ ਨਾ ਹੋਵੇ। ਸੰਵਾਦ ਜੋ, ਸਿਰਫ਼ ਉਬਾਲ ਨਾ ਬਣ ਜਾਵੇ।

ਆਉ, ਗੰਭੀਰ ਹੋ ਕੇ ਆਪਣੇ ਮੁਲਕ ਦੀ ਉਸ ਸਥਿਤੀ ਦੇ ਰੂਬਰੂ ਖੜੇ ਹੋਈਏ ਜਿਸ ਵਿਚ ਇਕ ਸੱਚੇ ਕਲਾਕਾਰ ਨੂੰ ਮਾਰ ਮੁਕਾਉਣ ਦੀ ਲੋੜ ਪੈ ਜਾਂਦੀ ਹੈ।

0 0 0 0

ਇਸ ਅੰਕ ਦੀ ਤਿਆਰੀ ਵਿਚ ਸਮੁੱਚੇ ਪੰਜਾਬੀ ਨਾਟ ਤੇ ਰੰਗਮੰਚ ਜਗਤ ਵੱਲੋਂ ਜੋ ਸਾਨੂੰ ਸਹਿਯੋਗ ਪ੍ਰਾਪਤ ਹੋਇਆ ਹੈ, ਉਸ ਲਈ ਅਸੀਂ ਸਭ ਦੇ ਸ਼ੁਕਰਗੁਜ਼ਾਰ ਹਾਂ। ਦਿੱਲੀ ਤੋਂ ਮਨਮੋਹਨ ਬਾਵਾ, ਮਦਨ ਗੋਪਾਲ ਸਿੰਘ, ਸੁਹੇਲ ਹਾਸ਼ਮੀ ਤੇ ਚਰਨਜੀਤ ਸਿੰਘ ਅਤੇ ਪੰਜਾਬ ਤੋਂ ਸਾਧਨਾ ਸੰਗਰ, ਪਾਲੀ ਭੁਪਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਦੇ ਸਾਰੇ ਉਦਮਾਂ ਲਈ ਅਸੀਂ ਵਿਸ਼ੇਸ਼ ਧੰਨਵਾਦੀ ਹਾਂ। ਜਿਨ੍ਹਾਂ ਰੰਗਕਰਮੀਆਂ ਦੇ ਸ਼ਰਧਾਂਜਲੀ-ਸ਼ਬਦ ਸਾਨੂੰ ਪੱਛੜ ਕੇ ਪੁੱਜੇ ਹਨ ਅਤੇ ਅਸੀਂ ਇਸ ਅੰਕ ਵਿਚ ਇਸੇ ਹੀ ਕਾਰਨ ਸੰਮਲਿਤ ਨਹੀਂ ਕਰ ਸਕੇ ਉਨ੍ਹਾਂ ਪਾਸੋਂ ਖਿਮਾਂ ਦੀ ਯਾਚਨਾ ਹੈ।

□

ਸਫ਼ਦਰ

ਛਮ ਛਮ ਰੋਵੋ ਤੁਸੀਂ ਕਿਉਂ ਅੱਖੀਓ,
ਕੌਣ ਆਖਦਾ ਸਫ਼ਦਰ ਸਾਡਾ ਪੂਰਾ ਹੋ ਗਿਆ ?
ਸਫ਼ਦਰ ਤਾਂ ਅੰਗ-ਸੰਗ ਹੈ ਸਾਡੇ,
ਗੀਤ ਗਾ ਰਿਹਾ ਉਹ ਕ੍ਰਾਂਤੀ ਦੇ,
ਰਣ-ਤੱਤੇ ਵਿਚ ਜੂਝ ਰਿਹਾ ਹੈ !
ਸਭਿਆਚਾਰ ਸੁਨਹਿਰਾ ਸਾਡਾ ਭ੍ਰਸ਼ਟ ਹੋ ਰਿਹਾ,
ਜਨ-ਕਲਚਰ ਦਾ ਅੱਜ ਮਿਥਿਹਾਸੀਕਰਣ ਹੋ ਰਿਹਾ ।
ਸਾਡਾ ਸਫ਼ਦਰ ਇਸ ਕਲਚਰ ਦੀ ਰਖਿਆ ਖ਼ਾਤਰ
ਕਲਮ ਚਲਾਉਂਦਾ,
ਨਾਟਕ ਰਚਦਾ ਨਜ਼ਰ ਹੈ ਆਉਂਦਾ !
ਨਗ਼ਮਾ ਹੈ ਸਰਵਾਹੀ ਉਹਦੀ,
ਸ਼ਬਦ ਹੈ ਤਿੱਖਾ ਸ਼ਸਤਰ ਉਸਦਾ !
ਲੱਖਾਂ ਧੁਨੀਆਂ ਵਿਚ ਉਸਦੀ ਧੁਨੀ ਹੈ ਰਲ ਗਈ !
ਵਾਜ ਉਸਦੀ ਲੱਖਾਂ ਵਾਜਾਂ ਵਿਚ ਸਮਾ ਗਈ !
"ਬੰਧਨ-ਮੁਕਤ ਜੀਵਨ ਲਈ ਜੂਝੋ !"
ਸ਼ਬਦ ਬੋਲਦੇ ਉਹਦਾ ਸੁਨੇਹਾ !
ਮੇਰੇ ਮਨ ਵਿਚ, ਤੇਰੇ ਮਨ ਵਿਚ,
ਜਿਹੜਾ ਵੀ ਲੋਕਾਂ ਨੂੰ ਪਿਆਰੇ
ਉਹਦੇ ਮਨ ਵਿਚ ਸਫ਼ਦਰ ਵੱਸਦਾ !
ਵੀਰ ਕਿਸੇ ਦਾ, ਪੁੱਤ ਕਿਸੇ ਦਾ,
ਮਿੱਤਰ ਪਿਆਰਾ ਯਾਰ ਕਿਸੇ ਦਾ,
ਮੁਸਕਾਉਂਦਾ ਮੁਸਕਾਉਂਦਾ ਆਉਂਦਾ,
ਦਰ ਦਰ ਉੱਤੇ ਦਸਤਕ ਦੇਂਦਾ,
ਦਿਲ ਦੇ ਤਖ਼ਤ ਹਜ਼ਾਰੇ ਉਤੇ ਆ ਕੇ ਬਹਿੰਦਾ !
ਮਿਠੀਆਂ-ਮਿਠੀਆਂ, ਨਿੱਕੀਆਂ ਨਿੱਕੀਆਂ ਗਲਾਂ ਕਰਦਾ, ਮੁਸਕਾਂਦਾ—ਖ਼ੁਸ਼ਬੋਈ ਵੰਡਦਾ !
ਹੱਸਦਾ—ਪੂਰਾ ਘਰ ਗੂੰਜਾਂਦਾ !
ਸਫ਼ਦਰ ਤਾਂ ਸਾਕਾਰ ਮੁੱਹਬਤ !
ਪ੍ਰੇਮ ਖੇਡਣ ਦਾ ਚਾਉ ਉਹਨੂੰ,

ਸਿਰ ਧਰ ਤਲੀ ਤੇ
ਗਿਆ ਯਾਰ ਦੀ ਗਲੀ ਉਹ ਮੁੜ ਮੁੜ !
ਗਲੀ ਵਿਚ ਹਤਿਆਰੀ ਤਾਕਤ ਉਸ ਤੇ ਟੁੱਟਦੀ,
ਸੱਪ, ਨਾਗ ਤੇ ਅਜਗਰ ਉਹਨੂੰ ਮੁੜ ਮੁੜ ਡੰਗਦੇ,
ਸਮਝਣ ਸਫ਼ਦਰ ਮੁਕ ਗਿਆ ਹੈ !
ਪਰ ਸਫ਼ਦਰ ਨਾ ਅੱਜ ਤਕ ਮੁੱਕਿਆ,
ਆਪਣੇ ਲਹੂ 'ਚੋਂ ਸੌ ਸਫ਼ਦਰ ਬਣ ਉਹ ਹੈ ਉਠਦਾ !
ਕਲਮਾਂ ਫੜ ਮੁੜ ਰਚਨਾ ਕਰਦਾ !
ਗੁਲਨਾਰ ਤਰਾਨਾ ਉਸਦਾ ਸਾਨੂੰ ਸੁਣਨ ਹੈ ਲੱਗਦਾ !
ਵੇਖੋ, ਔਹ ਸੁਰ ਉਸ ਦੀ ਗੂੰਜੀ !
ਗੀਤ ਗੂੰਜਿਆ ਹੈ ਕ੍ਰਾਂਤੀ ਦਾ !
ਵਾਜ ਉਚੇਰੀ ਹੁੰਦੀ ਜਾਂਦੀ !
ਤੇ ਪੈਰਾਂ ਦੀ ਚਾਪ ਵਧੇਰੇ ਨੇੜੇ ਸੁਣਦੀ !
ਪੰਛੀ ਉਹਨੂੰ ਜੀ ਆਇਆਂ ਆਖਣ ਲਈ ਕਾਹਲ ;
ਫੁੱਲ ਧੌਣਾਂ ਚੁੱਕ ਤੱਕ ਰਹੇ ਨੇ ;
ਅਤੇ ਕਹਿਕਸ਼ਾਂ ਦਰਦ ਦਾ ਲਿਸ਼ਕਿਆ
ਸਾਡੇ ਮਨ ਵਿਚ !
ਸਫ਼ਦਰ ਸੂਰਜ ਬਣ ਕੇ, ਸਾਡੀ ਰੂਹ ਵਿਚ ਚੜ੍ਹਦਾ !
ਸਫ਼ਦਰ ਤਾਂ ਚਾਨਣ ਹੈ, ਸਾਡਾ ਰਾਹ ਰੁਸ਼ਨਾਉਂਦਾ !
ਛਮ ਛਮ ਰੋਵੋ ਤੁਸੀਂ ਕਿਉਂ ਅੱਖੀਓ,
ਕੌਣ ਆਖਦਾ ਸਫ਼ਦਰ ਸਾਡਾ ਪੂਰਾ ਹੋ ਗਿਆ ?
ਸਫ਼ਦਰ ਤਾਂ ਅੰਗ-ਸੰਗ ਹੈ ਸਾਡੇ,
ਗੀਤ ਗਾ ਰਿਹਾ ਹੈ ਕ੍ਰਾਂਤੀ ਦੇ !
ਰਣ-ਤੱਤੇ ਵਿਚ ਜੂਝ ਰਿਹਾ ਹੈ !

[ਪਿਆਰਾ ਸਿੰਘ ਸਹਿਰਾਈ]

ਹਾਸ਼ਮੀ ਬਾਰੇ

ਹਾਸ਼ਮੀ 'ਕੱਲਾ ਨਹੀਂ ਜੋ ਚੜ੍ਹਿਆ ਜ਼ੁਲਮਾਂ ਦੀ ਬਲੀ ।
ਹੈ ਹਜ਼ਾਰਾਂ ਸਾਲ ਲੰਮੀ ਕਾਤਲਾਂ ਦੀ ਇਹ ਗਲੀ
ਜਦ ਵੀ ਕਿਸੇ ਫ਼ਨਕਾਰ ਨੇ
ਜ਼ਾਲਮ ਦਾ ਚਿਹਰਾ ਚਿਤਰਿਆ
ਕਾਗ਼ਜ਼, ਕੈਨਵਸ ਜਾਂ ਰੰਗ-ਮੰਚ 'ਤੇ

ਦਾਰ 'ਤੇ ਲਟਕਾਇਆ ਜਾਂ ਕਰਵਾਇਆ ਉਸਨੂੰ ਮੰਗਸਾਰ
ਵਕਤ ਦੀ ਸਰਕਾਰ ਨੇ
ਬੇ-ਅਸਰ ਰਹਿੰਦੀ ਨਹੀਂ ਮਜ਼ਲੂਮਾਂ ਦੇ ਦਿਲ 'ਚੋਂ ਨਿਕਲੀ ਆਹ
'ਤੇ ਅਜਾਈਂ ਜਾਂਦਾ ਨਹੀਂ ਨਿਰਦੋਸ਼ਾਂ ਦਾ ਡੁੱਲ੍ਹਿਆ ਲਹੂ
ਉਸਦਾ ਹਰ ਕਤਰਾ ਜਨਮ ਦਿੰਦਾ ਹੈ ਇਕ ਤੂਫ਼ਾਨ ਨੂੰ
ਜੋ ਉਡਾ ਲੈ ਜਾਂਦਾ ਹੈ ਸ਼ਾਹਾਂ ਦੇ ਤਾਜ
ਦੁਨੀਆਂ ਦੀ ਤਾਰੀਖ਼ ਹੈ ਇਸ ਦੀ ਗਵਾਹ ।

[ਜਗਦੀਸ਼ ਫ਼ਰਿਆਦੀ]

ਆਉਣ ਦੇਵਾਂਗੇ ਅਸੀਂ ਕੀ ਉਹ ਸਮਾਂ ?

(ਸਫ਼ਦਰ ਹਾਸ਼ਮੀ ਦੀ ਯਾਦ ਨੂੰ ਸਮਰਪਤ)

ਆਪਣੇ ਪਰਛਾਵੇਂ ਤੋਂ ਜਦ ਤ੍ਰਹਿੰਦਾ ਮਨੁੱਖ,
ਘਰ ਦੀਆਂ ਕੰਧਾਂ ਵੀ ਕਰਦੀਆਂ ਮੁਖ਼ਬਰੀ,
ਹਰ ਗਲੀ ਦੇ ਮੋੜ ਤੇ
ਲਪਕਦਾ ਸਾਇਆ ਕੋਈ ਨਿਗਲਨ ਲਈ !
ਦਗੜ ਦਗੜ ਬੂਟਾਂ ਦੀ ਹੁੰਦੀ ਸੜਕ 'ਤੇ
ਜਦ ਰਾਤ ਨੂੰ।
ਕੰਬ ਜਾਂਦੀ ਆਤਮਾ,
ਅੰਗਾਂ ਦੀ ਸੱਤਾ ਹੈ ਦੇ ਜਾਂਦੀ ਜਵਾਬ !
ਬੂਹਾ ਖੜਕਾਏ ਬਿਨਾਂ ਜਦ ਆਵਾਜ਼
ਲੰਘ ਜਾਂਦੀ ਹੈ ਅਗਾਂਹ,
ਛਾ ਜਾਂਦੀ ਚੁੱਪ ਮੁੜ—
ਆਂਵਦਾ ਹੈ ਸੁਖ ਦਾ ਸਾਹ,
ਬੱਸ ਸੁਖ ਦਾ ਸਾਹ।
ਨੀਂਦ ਪਰ 'ਆਉਂਦੀ ਨਹੀਂ—
ਨੀਂਦ ਜਿਸ ਨੂੰ ਆਖਦੇ !
ਆਉਣ ਦੇਵਾਂਗੇ ਅਸੀਂ ਕੀ ਉਹ ਸਮਾਂ ?

[ਪਿਆਰਾ ਸਿੰਘ ਸਹਿਰਾਈ]

□

ਨੁੱਕੜ

ਹਤਿਆਰੇ

ਸਫ਼ਦਰ ਹਾਸ਼ਮੀ

[ਗੋਲ ਦਾਇਰੇ ਵਿਚ ਬੈਠੇ ਦਰਸ਼ਕ । ਪੰਜ ਪਾਤਰ ਆ ਕੇ ਗੋਲਾਕਾਰ ਖੜੇ ਹੋ ਕੇ ਇੱਕਠੇ ਗਾਉਂਦੇ ਹਨ]

ਪੰਜੇ : ਸ਼ਹਿਰਾਂ ਵਿੱਚੋਂ ਸ਼ਹਿਰ ਸੁਣੀਂਦਾ, ਸ਼ਹਿਰ ਸੁਣੀਂਦਾ ਅਲੀਗੜ੍ਹ ।
ਅਲੀਗੜ੍ਹ ਦਾ ਜਿੰਦਰਾ ਸੁਣਦੇ, ਪੱਕਾ ਜੀਕਣ ਪੱਥਰ।
ਧਨ ਦੌਲਤ ਦਾ ਉਹ ਰਖਵਾਲਾ, ਚੋਰਾਂ ਦੇ ਲਈ ਰੱਫੜ।
ਐਸੇ ਜਿੰਦਰੇ ਦੇ, ਅਸੀਂ ਯਾਰੋ ਕਾਰੀਗਰ— ਐਸੇ ਜਿੰਦਰੇ ਦੇ—

[ਇਕ ਕਾਰੀਗਰ ਸੂਤਰਧਾਰ ਦੇ ਰੂਪ ਵਿਚ ਬਾਹਰ ਆਕੇ ਦਰਸ਼ਕਾਂ ਨੂੰ ਸੰਬੋਧਿਤ ਹੁੰਦਾ ਹੈ।]

ਸੂਤਰਧਾਰ : ਤਾਂ ਦੋਸਤੋ, ਇਹ ਹੈ, ਜਿੰਦਰਿਆਂ ਦਾ ਸ਼ਹਿਰ ਅਲੀਗੜ੍ਹ। ਹੁਣ ਜਿੰਦਰਿਆਂ ਨਾਲ ਤਾਂ ਮੈਂ ਤੁਹਾਡੀ ਕੀ ਪਛਾਣ ਕਰਾਵਾਂ, ਕਿਉਂਕਿ ਅਜਕਲ ਤਾਂ ਹਰ ਸ਼ਰੀਫ ਆਦਮੀ ਦੀ ਜ਼ੁਬਾਨ ਤੇ ਹੀ ਜਿੰਦਰੇ ਲੱਗੇ ਹੋਏ ਨੇ । ਪਰ ਇਸ ਸ਼ਹਿਰ ਨੂੰ ਤੁਸੀਂ ਜ਼ਰੂਰ ਪਹਿਚਾਨ ਲਓ । ਇੱਥੇ ਘਰ ਘਰ ਜਿੰਦਰੇ ਬਣਦੇ ਨੇ। ਕਿਸੇ ਘਰ ਗਾਲਣ ਦਾ ਕੰਮ ਹੁੰਦਾ ਹੈ ਤੇ ਕਿਸੇ ਘਰ ਢਾਲਣ ਦਾ । ਕਿਤੇ ਚਾਬੀ ਬਣਦੀ ਹੈ ਤੇ ਕਿਤੇ ਟਾਂਕਾ ਲਾਇਆ ਜਾਂਦਾ ਹੈ । ਕਿਸੇ ਹੋਰ ਘਰ ਤਿਆਰ ਮਾਲ ਤੇ ਕਢਾਈ ਦਾ ਕੰਮ ਹੁੰਦਾ ਹੈ । ਗੱਲ ਕੀ —ਇਸ ਕੰਮ ਵਿਚ ਹਰ ਜਾਤ ਤੇ ਹਰ ਮਜ਼ਹਬ ਦੇ ਕਾਰੀਗਰ ਲੱਗੇ ਹੋਏ ਨੇ ਭਾਵੇਂ ਕਾਰਣ ਕੋਈ ਵੀ ਹੋਵੇ ! ਪਰ ਜਨਾਬ ਜਿੰਦਰੇ ਬਨਾਉਣ ਦਾ ਇਹ ਕਿੱਤਾ ਕਈ ਵੱਖ ਵੱਖ ਫਿਰਕਿਆਂ ਦਾ ਸਾਂਝਾ ਕਿੱਤਾ ਬਣ ਗਿਆ ਹੈ । ਮਸਲਨ ਜੇਕਰ ਲੋਹਾ ਗਾਲਣ ਦਾ ਕੰਮ ਮੁਸਲਮਾਨ ਕਰਦੇ ਹਨ ਤਾਂ ਉਸਨੂੰ ਜਿੰਦਰਿਆਂ ਦੇ ਰੂਪ ਵਿਚ ਢਾਲਣ ਦਾ ਕੰਮ ਹਿੰਦੂਆਂ ਦੇ ਹੱਥ ਹੈ, ਯਾਨੀ ਕਿ ਕਿਆ ਬਾਤਾਂ ਅਲੀਗੜ੍ਹ ਦੇ ਜਿੰਦਰੇ ਦੀਆਂ । ਸ਼ੁਰੂ ਹੁੰਦੇ ਨੇ ਬਿਸਮਿੱਲਾਹ ਤੋਂ ਤੇ ਮੁਕਦੇ ਹਨ ਜਾ ਕੇ ਰਾਮ ਰਾਮ ਤੇ। ਸੱਤ ਹੱਥਾਂ ਵਿਚ ਨਿਕਲ ਕੇ ਪੂਰਾ ਹੁੰਦਾ ਹੈ । ਸਮਝੋ ਸੱਤ ਹੱਥਾਂ ਨੂੰ ਜੋੜਕੇ ਰੱਖਦਾ ਹੈ । ਮਤਲਬ ਬਿਲਕੁ ਲਮਾਫ ਹੈ, ਕਾਰੀਗਰ ਚਾਹੇ ਹਿੰਦੂ ਹੋਣ, ਚਾਹੇ ਮੁਸਲਮਾਨ, ਚੰਗੀ ਤਰ੍ਹਾਂ ਜਾਣਦੇ ਨੇ ਕਿ ਇਕ ਦੂਜੇ ਦੇ ਬਗੈਰ ਉਨ੍ਹਾਂ ਦੀ ਪੁਗਣੀ ਨਹੀਂ । ਗਲਾਈ ਚਾਹੇ ਕਿੰਨੀ ਹੀ

ਵਧੀਆ ਕਿਉਂ ਨਾ ਹੋਵੇ, ਬਗੈਰ ਹੁਨਰੀ ਢਲਾਈ ਦੇ ਜਿੰਦਰਾ ਜ਼ੀਰੋ ਹੀ ਰਹੇਗਾ। ਜੇ ਢਲਾਈ ਦਾ ਕੰਮ ਚੰਗਾ ਹੁੰਦਾ ਹੈ ਤਾਂ ਫਿਰ ਟਾਂਕੇ ਦੀ ਸਮੱਸਿਆ . ਤੇ ਜਨਾਬ, ਇਹੀ ਵਜ੍ਹਾ ਹੈ ਕਿ ਜ਼ਹਿਰ ਘੋਲਣ ਵਾਲਿਆ ਦੀਆ ਸਿਰ ਤੋੜ ਕੋਸ਼ਿਸ਼ਾ ਦੇ ਬਾਵਜੂਦ ਵੀ ਇਨ੍ਹਾਂ ਗਰੀਬਾ ਵਿਚ ਫਿਰਕਾਪ੍ਰਸਤੀ ਦੀ ਬੂਅ ਨਹੀਂ ਆਈ। ਮਗਰ ਮੇਰੇ ਹਜ਼ੂਰ। ਚੋਰ-ਡਾਕੂਆਂ ਦੀ ਇਸ ਨਗਰੀ ਵਿਚ ਕੋਈ ਕਦੋਂ ਤਕ ਖ਼ੈਰ ਮਨਾ ਸਕਦਾ ਹੈ। ਅਜਿਹਾ ਨਹੀਂ ਹੈ ਹੁਣ ਕਿ ਇਸ ਹਰ-ਭਰੇ ਤੇ ਮਹਿਕਦੇ-ਟਹਿਕਦੇ ਗੁਲਜ਼ਾਰ ਤੇ ਕਿਸੇ ਦੀਆ ਮਨਹੂਸ ਨਜ਼ਰਾਂ ਨਹੀਂ ਲੱਗੀਆ ਹੋਈਆਂ। ਬਹੁਤ ਸਾਰੇ ਜ਼ਾਲਿਮ ਹਨ, ਜਿਹੜੇ ਹਰ ਹੀਲੇ-ਵਸੀਲੇ ਇਸ ਬਾਗ ਦੇ ਫੁੱਲ ਤੋੜ ਲੈਣਾ ਚਾਹੁੰਦੇ ਹਨ, ਟਹਿਣੀਆਂ ਟੁੱਟਦੀਆ ਹਨ, ਜਾਂ ਬਾਗ ਉਜੜਦਾ ਹੈ, ਨੁਮਾਰਾਦਾ ਨੂੰ ਇਸ ਦੀ ਕੋਈ ਪਰਵਾਹ ਨਹੀਂ। ਜਿੱਥ ਤੱਕ ਆਪਣੇ ਬਜ਼ੁਰਗਾ ਤੋਂ ਮੈਨੂੰ ਪਤਾ ਲੱਗਾ ਹੈ, ਜਿੰਦਰੇ ਬਨਾਉਣ ਦਾ ਕੰਮ ਇਨ੍ਹਾਂ ਗਰੀਬ ਦਸਤਕਾਰਾਂ ਦਾ ਖਾਨਦਾਨੀ ਕੰਮ ਹੈ—ਤੇ ਇਨ੍ਹਾਂ ਦੀ ਇਸ ਕਲਾ ਦੀ ਦੁਨੀਆਂ ਭਰ ਵਿਚ ਮਸ਼ਹੂਰੀ ਹੈ। ਪਰ ਇਨਸਾਨੀ ਲਹੂ ਦੇ ਪਿਆਸੇ ਕੁਝ ਭੇੜੀਏ ਇਨ੍ਹਾਂ ਕਾਰੀਗਰਾਂ ਦੇ ਕੰਮ ਨੂੰ ਤਬਾਹ ਕਰਕੇ ਇਨ੍ਹਾਂ ਦੀ ਇਸ ਕਲਾ ਨੂੰ ਆਪਣ ਪੈਸੇ ਦਾ ਗ਼ੁਲਾਮ ਬਣਾ ਲੈਣਾ ਚਾਹੁੰਦੇ ਹਨ। ਪਤਾ ਲਗਾ ਹੈ ਕਿ ਘਰਾਂ ਵਿਚ ਜਿੰਦਰੇ ਬਨਾਉਣ ਵਾਲੇ ਇਨ੍ਹਾਂ ਕਾਰਖਾਨਿਆਂ ਨੂੰ ਹੀ ਜਿੰਦਰੇ ਮਾਰ ਦੇਣ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਵਜ੍ਹਾ ਇਹ ਹੈ ਕਿ ਇਨ੍ਹਾਂ ਦੇ ਹੁੰਦੇ ਹੋਏ ਵੱਡੀਆਂ ਵੱਡੀਆਂ ਫੈਕਟਰੀਆਂ ਦੇ ਬਣੇ ਜਿੰਦਰਿਆਂ ਦੇ ਗਾਹਕ ਹੀ ਨਹੀਂ ਮਿਲਦੇ—ਤੇ ਫਿਰ ਵੱਡੀਆਂ ਫੈਕਟਰੀਆਂ ਲਈ ਇਨ੍ਹਾਂ ਕਾਰੀਗਰਾਂ ਤੋਂ ਜ਼ਿਆਦਾ ਹੁਨਰਮੰਦ ਕਾਰੀਗਰ ਹੋਰ ਕਿੱਥੋਂ ਮਿਲਣਗੇ? ਇਸ ਲਈ ਮਹਿਜ਼ ਇਸ ਲਈ ਉਨ੍ਹਾਂ ਦਰਿੰਦਿਆਂ ਦੀ ਇਹ ਹਾਰਦਿਕ ਖ਼ਾਹਿਸ਼ ਹੈ ਕਿ ਮੋਹ-ਪਿਆਰ ਦੀਆਂ ਨੀਹਾਂ ਤੇ ਉਸਰਿਆ ਇਹ ਕਾਰੋਬਾਰ ਕਿਸੇ ਵੀ ਤਰ੍ਹਾਂ ਸਦਾ ਲਈ ਢਹਿ ਜਾਵੇ।

[ਸਰਮਾਏਦਾਰ ਔਰਤ ਤੇ ਮੈਨੇਜਰ ਦਾ ਪ੍ਰਵੇਸ਼]

ਸਰਮਾਏਦਾਰ : ਮੈਂ ਹਾਂ ਇਕ ਸਰਮਾਏਦਾਰ ਜਿੰਦਰਿਆਂ ਦੀ ਇਕ ਵੱਡੀ ਸਾਰੀ ਫੈਕਟਰੀ ਦੀ ਮਾਲਕ . ਪਰ ਇਕ ਦਰਦ ਹੈ, ਇਕ ਪੀੜ ਹੈ ਜੋ ਹਰ ਵਕਤ ਕਲੇਜੇ ਧੂੰਹਦੀ ਰਹਿੰਦੀ ਹੈ ਆਈ' ਮ ਟੈਰੀਬਲੀ ਅਪਸੈਟ ਮਿਸਟਰ ਗੁਪਤਾ।

ਮੈਨੇਜਰ : ਯੈਸ ਮੈਡਮ!

ਸਰਮਾਏਦਾਰ : ਵਹਾਟ ਮੈਡਮ! ਸਾਡੇ ਮਾਲ ਦੀ ਕੁਝ ਸੇਲ ਵਧੀ?

ਮੈਨੇਜਰ : ਨੋ ਮੈਡਮ!

ਸਰਮਾਏਦਾਰ : ਤੁਸੀਂ ਇਸ ਬਾਰੇ ਕੁਝ ਸੋਚਿਆ ਹੈ?

ਮੈਨੇਜਰ : ਯੈਸ ਮੈਡਮ! ਨੋ ਮੈਡਮ!

ਸਰਮਾਏਦਾਰ : ਮੇਰੇ ਖਿਆਲ ਵਿਚ ਤੁਹਾਨੂੰ ਨੌਕਰੀ ਤੋਂ ਬਰਖਾਸਤ ਕਰਨਾ ਪਏਗਾ,

ਮੈਨੇਜਰ : ਯੰਸ ਮੈਡਮ! ਓ ਨੋ ਮੈਡਮ!!

ਸਰਮਾਏਦਾਰ : ਈਡੀਅਟ, ਵਹਾਟ ਆਈ ਮੀਨ ਇਜ਼, ਯੂ ਆਰ ਯੂਸਲੈਸ . ਜ਼ਰਾ ਇਸ ਪਾਸੇ ਕੁਝ ਸੋਚੋ ਇਨ੍ਹਾਂ ਕਾਰਖਾਨਿਆਂ ਦੇ ਹੁੰਦੇ ਹੋਏ ਸਾਡੇ ਨਹੀਂ ਵਧ ਸਕਦੀ। ਜਦੋਂ ਤੱਕ ਮਾਰਕੀਟ ਵਿਚ ਅਲੀਗੜ੍ਹ ਦਾ ਜਿੰਦਰਾ ਹੈ, ਸਾਡੀ ਇੰਡਸਟਰੀ ਤਰੱਕੀ ਨਹੀਂ ਕਰ ਸਕਦੀ।

ਮੈਨੇਜਰ : ਯੈਸ ਮੈਡਮ, ਬਹੁਤ ਸੋਹਣੀ ਗੱਲ ਹੈ। ਅਜਿਹੀ ਗੱਲ ਕੋਈ ਤਹਾਡੇ ਜਿਹੀ ਮਹਾਨ ਸ਼ਖ਼ਸੀਅਤ ਹੀ ਕਹਿ ਸਕਦੀ ਸੀ।

ਸਰਮਾਏਦਾਰ : ਸ਼ਟ ਅਪ! ਹੁਣ ਸਮੇਂ ਦੀ ਲੋੜ ਇਹ ਹੈ ਕਿ ਰਾਹ ਦੇ ਇਸ ਕੰਡੇ ਨੂੰ ਕੱਢ ਸੁਟ ਦਿੱਤਾ ਜਾਏ, ਆਖਿਰ ਇਹ ਨੈਸ਼ਨਲ ਇਕਾਨਮੀ ਨੂੰ ਜ਼ਿੰਦਾ ਰੱਖਣ ਦਾ ਸਵਾਲ ਹੈ। ਜੇ ਅਸੀਂ ਤਰੱਕੀ ਕਰਨੀ ਹੈ ਤਾਂ ਉਸ ਲਈ ਸਾਨੂੰ ਵੱਡੀਆਂ ਫੈਕਟਰੀਆਂ ਦੀ ਤਰੱਕੀ ਵੱਲ ਧਿਆਨ ਦੇਣਾ ਪਏਗਾ। ਇਹ ਛੋਟੇ ਛੋਟੇ ਧੰਦੇ ਧੰਦੀਆਂ ਅਸੀਂ ਹੁਣ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਆਓ ਇਕਜੁੱਟ ਹੋ ਕੇ ਕੌਮੀ ਤਰੱਕੀ ਦੇ ਇਸ ਕੰਮ ਵਿਚ ਜੁੱਟ ਜਾਈਏ! ਬੋਲੋ ਜੈ ਹਿੰਦ-ਵਨ ਟੂ ਥਰੀ-

[ਗੁਪਤਾ ਜੀ (ਕੰਮ ਦੀ ਮਾਈਮ ਕਰ ਰਹੇ) ਪੰਜ ਪਾਤਰਾਂ ਵਿਚੋਂ ਇਕ ਨੂੰ ਜ਼ੋਰ ਨਾਲ ਡੇਗਣ ਦਾ ਪ੍ਰਯਤਨ ਕਰਦੇ ਹਨ। ਬਹੁਤਾ ਜ਼ੋਰ ਲਗਾਉਣ ਅਤੇ ਉਛਲਕੁਦ ਕਰਨ ਦੇ ਬਾਵਜੂਦ ਵੀ ਉਸ ਨੂੰ ਹਿਲਾ ਨਹੀਂ ਹੁੰਦਾ। ਪੰਜੇ ਪਾਤਰ ਠਹਾਕੇ ਮਾਰ ਮਾਰ ਕੇ ਹੱਸਦੇ ਹਨ। ਹੱਫਦੇ ਹੋਏ ਗੁਪਤਾ ਜੀ ਪਿੱਠ-ਭਾਰ ਜਾਂ ਡਿਗਦੇ ਹਨ]

ਮੈਨੇਜਰ : ਲਗਦਾ ਹੈ ਮੈਡਮ ਸਿੱਧੀ ਉਂਗਲ ਨਾਲ ਘਿਓ ਨਹੀਂ ਨਿਕਲਣਾ, ਬੜੀ ਮੋਟੀ ਚਮੜੀ ਦੇ ਲੋਕ ਨੇ।

ਸਰਮਾਏਦਾਰ : ਡੀਵਾਈਡ ਐਂਡ ਰੂਲ, ਪਾੜੋ ਤੇ ਰਾਜ ਕਰੋ।

ਮੈਨੇਜਰ : ਦੇਟ ਇਜ਼ ਦ ਟ੍ਰਿਕ। ਦੇਵੀ ਜੀ ਤੁਸੀਂ ਸੱਚੀ ਹੀ ਮਹਾਨ ਹੋ।

ਸਰਮਾਏਦਾਰ : ਹੁਣ ਸਾਨੂੰ ਅਜਿਹੇ ਇਨਸਾਨ ਦੀ ਜ਼ਰੂਰਤ ਹੈ

ਮੈਂਨੇਜ਼ਹ : ਇਨਸਾਨ ਦੀ ਨਹੀਂ ਬਲਕਿ ਹੁਣ ਸਾਨੂੰ ਚਾਹੀਦਾ ਹੈ ਇਕ ਐਸਾ ਸ਼ੈਤਾਨ, ਜੋ ਕਰ ਸਕੇ ਅਜਿਹਾ ਇੰਤਜ਼ਾਮ, ਕਿ ਹੋ ਜਾਏ ਇਸ ਧੰਦੇ ਦਾ ਦਾ ਕੰਮ ਤਮਾਮ। ਹੈ ਕੋਈ ਹੋਰ ਪਹਾੜਾ ਸਿੰਘ ਜਾਂ ਜੈ ਚੰਦ ਕਰ ਸਕੇ ਜੋ ਇਸ ਧੰਦੇ ਨੂੰ ਬੰਦ।

ਸਰਜਰ : ਆਵੇ ਕੋਈ ਵਿਭੀਸ਼ਨ ਦੀ ਔਲਾਦ ਮੂੰਹ ਮੰਗੀ ਮੈਂ ਦਿਆਂ ਮੁਰਾਦ।

ਮੈਨੇਜਨ : ਇਸ ਧੰਦੇ ਨੂੰ ਜੋ ਸਕੇ ਖਿੰਡੇਰ, ਲਾਸ਼ਾਂ ਦੇ ਚਾਹੇ ਲੱਗ ਜਾਣ ਢੇਰ।

[ਇਕ ਗੁੰਡਾ ਪਾਤਰ ਉਛਲ ਕੇ ਖੜਾ ਹੁੰਦਾ ਹੈ]

ਗੁੰਡਾ : ਇਹ ਕਿਸ ਨੇ ਬੁਲਾਇਆ ਸਾਨੂੰ, ਕਿਸਨੂੰ ਪਈ ਸਾਡੇ ਤਕ ਲੋੜ ?
ਮੁੱਲ ਤੇ ਜਿਸਨੇ ਕੰਮ ਕਰਾਉਣਾ, ਮਾਰੇ ਇਕ ਆਵਾਜ਼ ਤ੍ਰੋਹ ਹੋਰ ।
ਕਿਸ ਦੇ ਖੋਖੇ ਨੂੰ ਅੱਗ ਲਾਉਣੀ, ਕਿਸ ਘਰ ਦੀ ਹੈ ਇੱਟ ਖੜਕਾਉਣੀ ?
ਕਿਸ ਦੀ ਧੀ ਦੀ ਇੱਜ਼ਤ ਲੁੱਟਣੀ, ਕਿਸ ਦੀ ਜਾਨ ਹੈ ਖੁੱਡੇ ਲਾਉਣੀ ?
ਕਿਹੜੇ ਮੁਹੱਲੇ ਦੰਗਾ ਕਰਨਾ, ਕਿਸ ਪਾਸੇ ਫਸਾਦ ਫੈਲਾਉਣ, ?
ਹਿੰਦੂ ਤੋਂ ਮੁਸਲਿਮ ਕਟਵਾਉਣੇ; ਮੁਸਲਿਮ ਤੋਂ ਹਿੰਦੂ ਮਰਵਾਣੇ ?
ਜੋ ਮਰਜ਼ੀ ਉਹ ਕੰਮ ਕਰਵਾ ਲਓ, ਜੇ ਹੈ ਤੁਹਾਡੀ ਜੇਬ ਚ ਜ਼ੋਰ,
ਜਿਸ ਨੇ ਮੁੱਲ ਤੇ ਕੰਮ ਕਰਵਾਉਣਾ, ਮਾਰੇ ਇਕ ਆਵਾਜ਼ ਹੋਰ ।

ਸਰਮਾਏਦਾਰ : ਮੂੰਹ ਮੰਗੀ ਤੈਨੂੰ ਕੀਮਤ ਦੇਵਾਂ ਜੇਕਰ ਆਪਣੇ ਜੌਹਰ ਵਿਖਾਵੇਂ ।

ਮੈਨੇਜਰ : ਅੜਿਆ ਖੜਾ ਹੈ ਗੱਡਾ ਸਾਡਾ, ਜੇਕਰ ਉਸਨੂੰ ਪਾਰ ਲੰਘਾਵੇਂ ।

[ਉਸਦੇ ਕੰਨ ਵਿਚ ਕੁਝ ਕਹਿੰਦਾ ਹੈ । ਤੇ ਸਰਮਾਏਦਾਰ ਤੇ ਉਹ ਜਾ ਕੇ ਇਕ ਪਾਸੇ ਬੈਠਦੇ ਹਨ]

ਗੁੰਡਾ : (ਕੰਮ ਕਰਦੇ ਮਜ਼ਦੂਰਾਂ ਦੀ ਪਰਿਕਰਮਾ ਕਰਦਾ ਹੈ)
ਇਕ ਨੂੰ ਖਾਵਾਂ ਦੋ ਨੂੰ ਖਾਵਾਂ; ਜਾਂ ਫਿਰ ਮੈਂ ਸਾਰੇ ਖਾ ਜਾਵਾਂ ।
ਚੰਗਾ ਹੈ ਕੋਈ ਚੱਕਰ ਚਲਾਵਾਂ, ਸਭ ਨੂੰ ਆਪੋ ਵਿਚ ਲੜਾਵਾਂ ।
ਫਿਰ ਤਾੜ ਕੇ ਕੋਈ ਮੌਕਾ, ਇੱਕ ਇਕ ਕਰਕੇ ਸਭ ਨੂੰ ਖਾਵਾਂ ।

(ਇਕ ਕੋਲ ਜਾਕੇ) ਨਮਸਕਾਰ ਰਾਮਕ੍ਰਿਸ਼ਨ ਜੀ, ਜ਼ਰਾ ਕੁਝ ਤਾਂ ਤੁਹਾਨੂੰ ਵਿਚਾਰ ਕਰਨਾ ਚਾਹੀਦਾ ਹੈ । ਤੁਹਾਡਾ ਤਾਂ ਨਾਂ ਹੀ ਸਾਖਿਆਤ ਭਗਵਾਨ ਦਾ ਨਾਂ ਹੈ. ਤੇ ਤੁਸੀਂ ਇਨ੍ਹਾਂ ਗਊਮਾਤਾ ਨੂੰ ਮਾਰ ਕੇ ਖਾਣ ਵਾਲੇ ਮਲੇਛਾਂ ਨਾਲ ਮਿਲਕੇ ਕੰਮ ਕਰ ਰਹੇ ਹੋ—ਰਾਮ ਰਾਮ, ਰਾਮ । ਬਰ ਦਰੀ ਕੀ ਕਹੇਗੀ ਆਖ਼ਿਰ ? (ਰਾਮਕ੍ਰਿਸ਼ਨ ਬਾਹਾਂ ਚੜ੍ਹਾ ਕੇ ਸਾਦਿਕ ਵੱਲ ਦੇਖਦਾ ਹੈ । ਗੁੰਡਾ ਦੂਜੇ ਮਜ਼ਦੂਰ ਕੋਲ ਜਾਂਦਾ ਹੈ)'ਅਸਲਾਮ ਲੇਕੁਮ ਸਾਦਿਕ ਭਾਈ ਜਾਨ । ਮੇਰੇ ਅਜ਼ੀਜ ਇਨ੍ਹਾਂ ਕਾਫ਼ਿਰਾਂ ਦੇ ਨਾਲ ਬੈਠ ਕੇ ਖੁਦਾ ਨੂੰ ਨਾਪਾਕ ਕਰਦੇ ਹੋ, ਛੀ ਛੀ ਛੀ (ਸਾਦਿਕ ਵੀ ਬਾਹਾਂ ਚੜ੍ਹਾ ਕੇ ਰਾਮਕ੍ਰਿਸ਼ਨ ਵੱਲ ਦੇਖਦਾ ਹੈ ਦੋਹੇਂ ਇਕ ਦੂਜੇ ਵੱਲ ਵਧਦੇ ਹਨ । ਅਚਾਨਕ ਪਰਤਕੇ—]

ਦੋਹੇਂ : ਠਹਿਰ ਤੇਰੀ ਐਸੀ ਦੀ ਤੈਸੀ ।

[ਗੁੰਡੇ ਵੱਲ ਵਧਦੇ ਹਨ । ਗੁੰਡਾ ਪਿੱਛੇ ਹਟਦਾ ਹੈ]

ਗੁੰਡਾ : ਮੈਂ ਤਾਂ ਸੁਭੈਕੇ ਜਿਹੇ ਗੱਲ ਕਰਦਾ ਸੀ.

ਸਾਦਿਕ : ਸਾਨੂੰ ਲੜਵਾਉਣਾ ਚਾਹੁੰਦਾ ਸੈਂ ?

ਗੁੰਡਾ : ਨਹੀਂ ਨਹੀਂ !

ਰਾਮਕ੍ਰਿਸ਼ਨ : ਠਹਿਰ ਤੈਨੂੰ ਦਿੰਨੇ ਆ ਮੱਤ ।

[ਗੁੰਡਾ ਦੌੜਦਾ ਹੈ. ਦੋਹੇਂ ਉਸਨੂੰ ਡਰਾਉਂਦੇ ਹਨ, ਬਾਕੀ ਤਿੰਨੇ ਹੱਸ ਦੇ ਹਨ]

ਸੂਤਰਧਾਰ : (ਹੱਸਦੇ ਹੋਏ) ਹਾਂ, ਹਾਂ, ਹਾਂ, ਕਿਆ ਬਨੇ ਬਾਤ ਜਹਾਂ ਬਨਾਏ ਨ ਬਨੇ । ਹਾਂ ਤਾਂ ਜਨਾਬ ਦਿਨ ਭਰ ਦੀ ਲੱਕ-ਤੋੜ ਮਿਹਨਤ ਤੋਂ ਬਾਦ ਕੰਮ ਦੀ ਵਾਰੀ ਖ਼ਤਮ ਤੇ ਖੇਡ ਦੀ ਵਾਰੀ ਸ਼ੁਰੂ ।

[ਖੁਦ ਰੈਫ਼ਰੀ ਬਣ ਜਾਂਦਾ ਹੈ ਜੇਬ ਚੋਂ ਸੀਟੀ ਕੱਢ ਕੇ ਵਜਾਉਂਦਾ ਹੈ]

ਸਾਰੇ : ਸ਼ੁਰੂ...!!

ਹਰਕ੍ਰਿਸ਼ਨ : ਹੱਟ ਕੱਬਡੀ ਕੱਬਡੀ ਕੱਬਡੀ-(ਉਦੇ ਸਾਦਿਕ ਦਿਆ ਪੁੱਤਰਾ । ਆ ਮੈਦਾਨ 'ਚ, ਅੱਜ ਤਾਂ ਰਾਮਕ੍ਰਿਸ਼ਨ ਵੀ ਤੈਨੂੰ ਨਹੀਂ ਬਚਾ ਸਕਦਾ । ਜੇ ਇੱਕੋ ਸਾਹ 'ਚ ਤਿੰਨ ਤਿੰਨ ਨਾ ਢਾਏ ਤਾਂ ਮੇਰਾ ਨਾਂ ਵੀ ਹਰੀਕ੍ਰਿਸ਼ਨ ਨਹੀਂ । ਚੱਲ, ਮੈਂ ਤੇ ਰਫ਼ੀਕ, ਦੋਹੇਂ ਬੁੱਢੇ ਬੁੱਢੇ ਇਕ ਪਾਸੇ ਤੇ ਤੁਸੀਂ ਦੋਹੇਂ ਇਕ ਪਾਸੇ ।

ਰਾਮਕ੍ਰਿਸ਼ਨ : ਠੀਕੈ ਫਿਰ । ਆਜਾ ਕੇਰਾਂ ।
: ਚੱਲ ਬਾਈ ਰਾਮਕ੍ਰਿਸ਼ਨ । ਹੋਜਾ ਤਿਆਰ ਤੇ ਲਵਾ ਦੇ ਗੋਡੀਆਂ ।

ਸਾਦਿਕ : ਐਂਵੇ ਬਾਲ੍ਹਾ ਨਾ ਉੱਛਲ । ਕੱਲ ਦੀ ਹਾਰ ਭੁੱਲਗੇ...?

ਰੈਫ਼ਰੀ : ਸ਼ੁਰੂ—?

ਸਾਰੇ : ਸ਼ੁਰੂ..

ਰਫ਼ੀਕ : ਬਿਸਮਿੱਲਾਅਰਰ ਰਹਿਮਾਨਰਰ ਰਹੀਮ-ਹੱਟ ਕਬੱਡੀ ਕਬੱਡੀ...

ਰਾਮਕ੍ਰਿਸ਼ਨ : (ਪਿੱਛੋਂ ਹੀ) ਬੋਲ ਪਵਨ ਸੁਤ ਹਨੂੰਮਾਨ ਕੀ ਜੈ । ਖਿੱਚ ਲੈ ਸਾਦਿਕ-- ਜ਼ੋਰ ਲਗਾ ਕੇ ਹਈਸ਼ਾ...

[ਸਾਰੇ ਕੱਬਡੀ ਵਿਚ ਮਗਨ ਹਨ ।]

ਸਾਦਿਕ : (ਅਚਾਨਕ ਖੇਡ ਰੋਕ ਕੇ) ਉਇ ਉਇ ਕੋਈ ਹੋਸ਼ ਵੀ ਹੈ ਤੁਹਾਨੂੰ ? ਮਗ਼ਰਿਬ ਦੀ ਨਮਾਜ਼ ਦਾ ਵੇਲਾ ਹੋ ਗਿਆ ਮੈਂ ਤਾਂ ਚੱਲਿਆਂ ਮਸਜਿਦ ਨੂੰ, ਆਜ਼ਾਨ ਦੇਣੀ ਹੈ । ਤੂੰ ਅੱਜ ਆਰਤੀ ਨੂੰ ਨਹੀਂ ਜਾਣਾ ਰਾਮਕ੍ਰਿਸ਼ਨ । (ਦਰਸ਼ਕਾਂ ਨੂੰ) ਸਾਲੇ ਭੂਤਨੀ ਦੇ, ਇਕ ਵਾਰ ਖੇਡਣ ਲੱਗ ਜਾਣ ਦੀਨ ਧਰਮ ਨੂੰ ਵੀ ਭੁੱਲ ਬਹਿੰਦੇ ਨੇ । ਉਇ ਚੱਲ...

[ਰਫ਼ੀਕ ਤੇ ਹਰਕ੍ਰਿਸ਼ਨ ਪਾਸੇ ਹੁੰਦੇ ਹਨ । ਸਾਦਿਕ ਅਤੇ ਰਾਮਕ੍ਰਿਸ਼ਨ ਦੋ ਕੋਨਿਆਂ ਤੇ ਦਰਸ਼ਕਾਂ ਵੱਲ ਮੂੰਹ ਕਰਕੇ ਖੜੇ ਹੁੰਦੇ ਹਨ]

ਸੂਤਰਧਾਰ : ਮੰਦਿਰ ਤੇ ਮਸਜਿਦ— ਰਾਮਕ੍ਰਿਸ਼ਨ ਤੇ ਸਾਦਿਕ ਮੁਹੰਮਦ ਇਨ੍ਹਾਂ ਵਿਚ ਜੇ ਕੋਈ ਫ਼ਰਕ ਹੈ ਤਾਂ ਉਹ ਸਿਰਫ਼ ਨਾਂ ਦਾ ਫ਼ਰਕ । ਰਾਮਕਿਸ਼ਨ ਦੇ ਨਾਲ ਸਾਦਿਕ ਦਾ ਘਰ । ਬੁੱਤਾਂ ਦੇ ਨਾਲ ਨਾਲ ਖੁਦਾ ਦਾ ਘਰ । ਤੇ ਰੋਜ਼

ਵਾਕਣ ਦੋਹੇਂ ਦੋਸਤ ਹੱਥਾਂ ਵਿਚ ਹੱਥ ਪਾ ਕੇ ਆਪਣੇ ਆਪਣੇ ਇਸ਼ਟ ਨੂੰ ਯਾਦ ਕਰਨ ਚੱਲੇ।

[ਪ੍ਰਸਥਾਨ। ਸਾਦਿਕ ਆਜ਼ਾਨ ਦਿੰਦਾ ਹੈ. ਰਾਮਕ੍ਰਿਸ਼ਨ ਆਰਤੀ ਕਰਦਾ ਹੈ। ਗੁੰਡਾ ਆਵਾਜ਼ ਸੁਣ ਕੇ ਪੋਲੇ ਪੈਰੀਂ ਆਉਂਦਾ ਹੈ]

ਗੁੰਡਾ : ਹੁਣ ਆਏ ਨੇ ਕਾਬੂ ਹਰਾਮਦੇ

[ਸਾਦਿਕ ਦੇ ਪਿੱਛੇ ਆ ਕੇ ਛੁਰਾ ਕੱਢਦਾ ਹੈ ਤੇ 'ਹਰ ਹਰ ਮਹਾਦੇਵ' ਆਖਦਾ ਸਾਦਿਕ ਦੇ ਛੁਰਾ ਮਾਰਦਾ ਹੈ]

ਸਾਦਿਕ : ਹਾਏ ! ਰਾਮਕ੍ਰਿਸ਼ਨ, ਮੈਨੂੰ ਬਚਾ ਭਰਾ—ਮੈਨੂੰ...(ਡਿਗਦਾ ਹੈ)

ਗੁੰਡਾ : ਹੁਣ ਇਸਦੀ ਵਾਰੀ ਹੈ, ਨਾਰਾ-ਏ-ਤਕਬੀਰ, ਅੱਲ੍ਹਾ ਹੋ ਅਕਬਰ (ਰਾਮ ਕ੍ਰਿਸ਼ਨ ਦੇ ਵੀ ਛੁਰਾ ਮਾਰਦਾ ਹੈ)

ਰਾਮ ਕ੍ਰਿਸ਼ਨ : ਮਾਰਤਾ ਉਇ—! ਸਾਦਿਕ ਮੈਨੂੰ ਬਚਾਈਂ ਮਾਰਤਾ।

[ਖੁਦ ਵੀ ਡਿਗਦਾ ਹੈ। ਗੁੰਡਾ ਖਿਸਕਦਾ ਹੈ। ਸੂਤਰਧਾਰ ਆਉਂਦਾ ਹੈ]

ਸੂਤਰਧਾਰ : (ਦੋਹਾਂ ਲਾਸ਼ਾਂ ਨੂੰ ਸਫ਼ੇਦ ਚਾਦਰ ਨਾਲ ਕੱਜਦਾ ਹੈ) ਅੱਜ ਫੇਰ ਦੋ ਆਦਮੀਆਂ ਦਾ ਕਤਲ ਹੋ ਗਿਆ। ਇਕ ਦਾ ਨਾਂ ਸਾਦਿਕ ਮੁਹੰਮਦ ਵਲਦ ਰਫੀਕ ਮੁਹੰਮਦ, ਦੂਜੇ ਦਾ ਰਾਮਕ੍ਰਿਸ਼ਨ ਵਲਦ ਹਰਕ੍ਰਿਸ਼ਨ। ਦੋਹੇਂ ਰਹਿਣ ਵਾਲੇ ਮੁੱਹਲਾ ਸਰਦਾਰ ਚੌਂਕ ਸ਼ਹਿਰ ਅਲੀਗੜ੍ਹ ਦੇ। ਮਨ ਦੇ ਗੁਆਢੀ, ਤਨ ਦੇ ਗੁਆਂਢੀ ਤੇ ਘਰ ਕੰਧਾਂ ਦੇ ਗੁਆਂਢੀ—ਇਕ ਦੂਜੇ ਦੇ ਸਦੀਆਂ ਪੁਰਾਣੇ ਯਾਰ ਤੇ ਪੇਸ਼ਾ ? ਇਕ ਜਿੰਦਰਿਆਂ ਦੀ ਗਲਾਈ ਕਰਦਾ ਸੀ ਦੂਜਾ ਢਲਾਈ। ਵਾਰਦਾਤ ਦੇ ਵੇਲੇ ਦੋਹੇਂ ਆਪਣੇ ਆਪਣੇ ਬਨਾਉਣ ਵਾਲੇ ਨੂੰ ਯਾਦ ਕਰ ਰਹੇ ਸਨ— ਤੇ ਕਿਸਮਤ ਦੀ ਗੱਲ ਕਿ ਪਹੁੰਚ ਗਏ ਉਨ੍ਹਾਂ ਦੇ ਕੋਲ ਹੀ। ਰਹੀ ਗੱਲ ਕਤਲ ਦੀ ਵਜ੍ਹਾ ਦੀ...ਇਹ ਤਾਂ ਖੁਦਾ ਹੀ ਜਾਣਦਾ ਹੈ ਤੇ ਜਾਂ ਸ਼ਾਇਦ ਪੁਲਿਸ...ਪੁਲਿਸ ਦਾ ਤਾਂ ਇਹ ਕੰਮ ਹੀ ਹੈ—ਕੌਣ ਮਰਿਆ, ਕਿਥੇ ਮਰਿਆ, ਕਿਵੇਂ ਮਰਿਆ, ਕਿਸਨੂੰ ਮਾਰਿਆ, ਤੇ ਕਿਉਂ ਮਾਰਿਆ—ਮੌਕਾ ਏ ਵਾਰਦਾਤ ਤੇ ਜਾਕੇ ਇਸ ਕਾਸੇ ਦੀ ਤਹਕੀਕਾਤ ਕਰਨਾ। ਲਾਸ਼ਾਂ ਦੀ ਸ਼ਨਾਖ਼ਤ ਕਰਨਾ, ਉਨ੍ਹਾਂ ਨੂੰ ਠਿਕਾਣੇ ਲਗਾਉਣਾ, ਪ੍ਰੈਸ ਨੂੰ ਦੱਸਣਾ, ਨਾਂ ਵੀ ਦੱਸਣਾ। ਇਹ ਸਾਰੇ ਕੰਮ ਸਿਰਫ਼ ਪੁਲਿਸ ਦੇ ਨੇ। ਤੇ ਜਨਾਬ, ਇਹ ਤਾਂ ਤੁਹਾਨੂੰ ਵੀ ਪਤਾ ਹੀ ਹੋਵੇਗਾ ਕਿ ਸਰਕਾਰੀ ਕੰਮ ਵਿਚ ਦਖ਼ਲ ਦੇਣਾ ਕਾਨੂੰਨੀ ਜੁਰਮ ਹੈ--ਸੋ ਆਪ ਸਭ ਨੂੰ ਬੇਨਤੀ ਹੈ ਕਿ ਜੋ ਕੁਝ ਤੁਸੀਂ ਵੇਖਿਆ ਹੈ, ਉਸ ਨੂੰ ਭੁੱਲ ਜਾਓ। ਪਰ ਭੁੱਲਣ ਤੋਂ ਪਹਿਲਾਂ ਇਕ ਗੱਲ ਮੈਂ ਦੱਸਣਾ ਬਹੁਤ ਜ਼ਰੂਰੀ ਸਮਝਦਾ ਹਾਂ; ਕਿ ਸਾਡੇ ਮੁਲਕ ਵਿਚ ਬ੍ਰਾਹਮਣ ਚਮਿਆਰ ਨੂੰ ਮਾਰੇ ਜਾਂ ਇਕ ਜ਼ਿਮੀਦਾਰ ਆਪਣੇ

ਕਾਮੇ ਨੂੰ ਕਦੇ ਫਸਾਦ ਨਹੀਂ ਹੁੰਦਾ। ਪਰੰਤੂ ਜੇਕਰ ਗਲਤੀ ਨਾਲ ਵੀ ਇਕ ਹਿੰਦੂ ਮੁਸਲਮਾਨ ਨੂੰ ਜਾਂ ਮੁਸਲਮਾਨ ਇਕ ਹਿੰਦੂ ਨੂੰ ਮਾਰ ਦੇਵੇ ਤਾਂ ਜਨਾਬ ਅੱਗ ਭੜਕ ਪੈਂਦੀ ਹੈ—ਅੱਗ। ਖੂਨ ਦੀਆਂ ਨਦੀਆਂ ਵਹਿ ਤੁਰਦੀਆਂ ਨੇ ਤੇ ਅਲੀਗੜ੍ਹ ਸ਼ਹਿਰ ਵਿਚ ਤਾਂ ਇਸ ਕਿਸਮ ਦੀ ਵਾਰ-ਦਾਤ ਦੀ ਇਕ ਰਵਾਇਤ ਜਿਹੀ ਹੀ ਸੁਣੀ ਹੋਈ ਹੈ। ਪਰ ਹਾਂ, ਇਕ ਜ਼ਿੰਮੇਵਾਰ ਸ਼ਹਿਰੀ ਹੋਣ ਦੇ ਨਾਤੇ, ਮੇਰਾ ਇਹ ਫਰਜ਼ ਬਣਦਾ ਹੈ ਕਿ ਇਹ ਜੋ ਕੁਝ ਹਇਆ ਹੈ, ਕਮਿਸ਼ਨਰ ਸਾਹਿਬ ਨੂੰ ਫੌਰਨ ਇਸਦੀ ਖ਼ਬਰ ਦਿੱਤੀ ਜਾਏ; (ਦਰਵਾਜ਼ਾ ਖਟਖਟਾਉਣ ਦਾ ਅਭਿਨੈ ਕਰਦਾ ਹੈ)

ਦੁਹਾਈ ਹੈ, ਦੁਹ ਈ ਹੈ, ਕਮਿਸ਼ਨਰ ਸਾਹਿਬ ਦੁਹਾਈ ਹੈ।

[ਚਪੜਾਸੀ ਦੀ ਵਰਦੀ ਵਿਚ ਗੁੰਡਾ ਆਉਂਦਾ ਹੈ]

ਗੁੰਡਾ : ਉਇ ਕਿਉਂ ਰੌਲਾ ਪਾਇਐ—? ਤੈਨੂੰ ਪਤਾ ਨਹੀਂ ਸਾਹਿਬ ਆਰਾਮ ਕਰ ਰਹੇ ਐ।

ਸੂਤਰਧਾਰ : ਅਜੀ ਗਜ਼ਬ ਹੋ ਗਿਆ। ਬੜੀ ਵੱਡੀ ਵਾਰਦਾਤ ਹੋ ਗਈ। ਜ਼ਰਾ ਕਮਿਸ਼ਨਰ ਸਾਹਿਬ ਨੂੰ ਬੁਲਾਓ ਤਾਂ ਸਹੀ। (ਕਮਿਸ਼ਨਰ ਸਾਹਿਬ ਅਤੇ ਗੁਪਤਾ ਜੀ ਉਨੀਂਦੇ ਜਿਹੇ ਆਉਂਦੇ ਹਨ। ਗੁੰਡਾ ਸਲਾਮ ਕਰਕੇ ਪਿੱਛੇ ਖੜਾ ਹੋ ਜਾਂਦਾ ਹੈ। ਸਰਮਾਏਦਾਰ ਪਾਤਰ ਹੀ ਹੁਣ ਕਮਿਸ਼ਨਰ ਹੈ) ਯੋਰ ਆਨਰ, ਸ਼ਹਿਰ ਵਿਚ ਕੁਝ ਗੁੰਡੇ ਬਦਮਾਸ਼ ਦੰਗਾ ਕਰਾਉਣ ਦੀ ਸ਼ਾਜਿਸ ਕਰ ਰਹੇ ਨੇ। ਮੇਰੇ ਵਿੰਹਦਿਆਂ ਵਿੰਹਦਿਆਂ ਹੀ ਹਿੰਦੂ ਅਤੇ ਇਕ ਮੁਸਲਮਾਨ ਦਾ ਕਤਲ ਹੋ ਗਿਆ ਹਜ਼ੂਰ। ਦੋਹੇਂ ਵਿਚਾਰੇ ਨਿਹੱਥੇ ਸਨ ਤੇ ਆਪਣੇ ਆਪਣੇ ਮੰਦਿਰ ਤੇ ਮੁਸਜਿਦ ਵਿਚ ਪੂਜਾ ਕਰ ਰਹੇ ਸਨ ਜੀ।

ਸਰਮਾਏਦਾਰ : ਓ ਆਈ ਸੀ, ਬਟ ਯੂ ਸੀ, ਦਿਸ ਇਜ਼ ਨਾਟ ਦ ਟਾਈਮ ਫਾਰ ਕੰਪਲੇਂ-ਟਸ ਐਂਡ ਗਰੀਵੈਂਸਿਸ—

ਗੁਪਤਾ : ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਫਸਾਦਿਆ ਨੂੰ ਮਿਲਣ ਲਈ ਬਾਕਇਦਾ ਇਕ ਟਾਇਮ ਰੱਖਿਆ ਹੋਇਆ ਹੈ।

ਸੂਤਰਧਾਰ : ਪਰ ਖੂਨ ਖਰਾਬੇ ਦਾ ਤਾਂ ਕੋਈ ਵਕਤ ਮੁਕਰਰ ਨਹੀਂ ਹੈ, ਸਰਕਾਰ। ਤੇ ਫਿਰ ਇਹ ਸ਼ਹਿਰੀਆਂ ਦੀ ਜਾਨ ਮਾਲ ਦਾ ਸਵਾਲ ਹੈ। ਜੇਕਰ ਫੌਰਨ ਹੀ ਕੁਝ ਨਾ ਕੀਤਾ ਗਿਆ ਤਾਂ ਜੀ ਬਹੁਤ ਤਬਾਹੀ ਹੋ ਸਕਦੀ ਹੈ।

ਸਰਮਾਏਦਾਰ : ਵਹਾਟ ਡੂ ਯੂ ਮੀਨ ?

ਗੁਪਤਾ ਜੀ : ਮਿਸਟਰ, ਤੁਸੀਂ ਬੜੇ ਬਦਤਮੀਜ਼ ਹੋ, ਸਾਨੂੰ ਸਿਖਾਉਣ ਦੀ ਕੋਸ਼ਿਸ਼ ਨਾ ਕਰੋ।

ਸਰਮਾਏਦਾਰ : ਹੈਣ ਅ ਪੇਸ਼ੰਸ। ਮੈਂ ਦੰਗਾਕਾਰੀਆਂ ਨਾਲ ਸੁਲਝਣਾ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਤੁਸੀਂ ਜਾਓ ਤੇ ਬੜੀ ਬੇਫ਼ਿਕਰੀ ਨਾਲ ਦਰਵਾਜ਼ੇ

ਖੋਲ੍ਹ ਕੇ ਸੌਂਵੋ । ਮੈਂ ਹੁਣੇ ਪੁਲਿਸ ਨੂੰ ਭੇਜਦੀ ਹਾਂ । ਤੁਸੀਂ ਚਲੋ ।

ਗੁਪਤਾ ਜੀ : ਚਲੋ ।

ਗੁੰਡਾ : ਉਏ ਫੁੱਟ ਵੀ ਹੁਣ ਐਥੋਂ । (ਸੂਤਰਧਾਰ ਜਾਂਦਾ ਹੈ)

ਸਰਮਾਏਦਾਰ : ਮੈਨੂੰ ਨਹੀਂ ਸੀ ਪਤਾ ਕਿ ਇਸ ਸ਼ਹਿਰ ਦੇ ਸ਼ਹਿਰੀ ਇੰਨੇ ਹੋਸ਼ਿਆਰ ਨੇ । ਮਿਸਕੈਲਿਊਕੇਸ਼ਨ । ਤੁਹਾਡਾ ਕੀ ਖਿਆਲ ਹੈ, ਮਿਸਟਰ ਗੁਪਤਾ ।

ਗੁਪਤਾ ਜੀ : ਮੇਰਾ ਖਿਆਲ ਹੈ ਸਾਨੂੰ ਜ਼ਰੂਰੀ ਹਦਾਇਤਾਂ ਦੇ ਕੇ ਫੌਰਨ ਪੁਲਿਸ ਨੂੰ ਡਿਸਪੈਚ ਕਰਨਾ ਚਾਹਦਿਾ ਹੈ । (ਗੁੰਡੇ ਵੱਲ ਇਸ਼ਾਰਾ ਕਰਦਾ ਹੈ)

ਸਰਮਾਏਦਾਰ : ਯੈਸ ਵੈਟਸ ਰਾਈਟ (ਗੁਪਤਾ ਜੀ ਸਰਮਾਏਦਾਰ ਦੇ ਇਸ਼ਾਰੇ ਤੇ ਗੁੰਡੇ ਦੇ ਕੰਨ ਵਿਚ ਕੁਝ ਕਹਿੰਦੇ ਹਨ । ਕਮਿਸ਼ਨਰ ਗੁੰਡੇ ਨੂੰ ਪੁਲਿਸ ਦੀ ਟੋਪੀ ਦਿੰਦਾ ਹੈ । ਗੁੰਡਾ ਸੈਲੂਟ ਮਾਰਦਾ ਹੈ) ਓ.ਕੇ. ।।

[ਦੋਹੇਂ ਜਾਂਦੇ ਹਨ । ਗੁੰਡਾ ਰੋਹਬ ਨਾਲ ਘੁੰਮਦਾ ਹੈ]

ਗੁੰਡਾ : ਕੌਣ ਐ ਉਏ ? ਤੇਰੀ ਤਾਂ ਮਾਂ...

ਸੂਤਰਧਾਰ : ਦੀਵਾਨ ਜੀ, ਦੀਵਾਨ ਜੀ ਖ਼ੂਨ

[ਰਫੀਕ ਤੇ ਹਰਕ੍ਰਿਸ਼ਨ ਦੌੜੇ ਆਉਂਦੇ ਹਨ]

ਦੋਹੇਂ : ਖ਼ੂਨ ! ਪੁਲਿਸ ! ਖ਼ੂਨ !!

ਗੁੰਡਾ : ਉਇ ਕਿਉਂ ਰੌਲਾ ਪਾਇਐ ? ਕੌਣ ਓ ਤੁਸੀਂ ? ਕਿਉਂ ਡਾਡਾਂ ਮਾਰੀ ਜਾਂਦੇ ਓ ? ਇਕ ਮਿੰਟ ਨੀ ਚੈਨ ਲੈਣ ਦਿੰਦੇ ਸਾਲੇ ।

ਸੂਤਰਧਾਰ : ਦੀਵਾਨ ਜੀ ਦੋ ਬੰਦਿਆਂ ਦਾ ਕਤਲ ਹੋ ਗਿਆ...ਖ਼ੂਨ ।

ਗੁੰਡਾ : ਕਤਲ ਬੰਦਿਆਂ ਦਾ ਹੀ ਹੁੰਦਾ ਹੈ, ਭਾਂਡਿਆਂ ਦਾ ਨਹੀਂ । ਨਾ ਤੇ ਇਸ 'ਚ ਇੰਨਾ ਚੀਕ-ਚਿਹਾੜਾ ਮਚਾਉਣ ਵਾਲੀ ਕਿਹੜੀ ਗੱਲ ਹੈ, ਹਏਂ ? ਸਾਲਿਆਂ ਨੂੰ ਮਰਨ ਤੋਂ ਇਲਾਵਾ ਕੰਮ ਹੀ ਕੋਈ ਨਹੀਂ । ਦੁਨੀਆਂ ਭਰਦੇ ਵਿਹਲੇ ਏਸੇ ਸ਼ਹਿਰ ਆਕੇ ਮਰਦੇ ਐ । ਕੀ ਨਾ ਐ ਉਏ ਤੇਰਾ ? ਕੀਹਦਾ ਕਤਲ ਹੋ ਗਿਆ ਕਿਥੇ ਐ ? (ਸੂਤਰਧਾਰ ਗੁੰਡੇ ਨੂੰ ਲਾਸ਼ਾਂ ਕੋਲ ਲੈ ਕੇ ਆਉਂਦਾ ਹੈ) ਹੂੰ . ਲਗਦੇ ਸਾਲਾ ਜ਼ਿਆਦੀ ਪੀ ਕੇ ਲੜਦੇ ਹੋਣਗੇ—ਜਾਂ ਜੂਆ ਖੇਡਦੇ ਹੋਣਗੇ—ਹੋਰ ਕੀ ਕਰਨੈ ਇਨ੍ਹਾਂ ਨੇ ?

ਸੂਤਰਧਾਰ : ਇਹ ਤੁਸੀਂ ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ ਦੀਵਾਨ ਜੀ ? ਤੁਹਾਨੂੰ ਸ਼ਰਾਬ ਦੀ ਕਿਥੋਂ ਬੋ ਆ ਗਈ । (ਦਰਸ਼ਕਾਂ ਨੂੰ) ਖ਼ੁਦ ਤਾਂ ਜਿਵੇਂ ਦੁੱਧ ਧੋਤਾ ਹੁੰਦਾ ਹੈ । (ਗੁੰਡੇ ਨੂੰ) ਤੇ ਜੂਆ ਕੋਈ ਮੰਦਰਾਂ ਮਸਜਿਦਾਂ ਵਿਚ ਖੇਡਦਾ ਹੈ । ਮੈਂ ਤਾਂ ਰੌਲਾ ਸੁਣ ਕੇ ਆਇਆ । ਵੇਖਿਆ, ਇਕ ਬਦਮਾਸ਼ ਭੱਜਿਆ ਜਾ ਰਿਹਾ ਸੀ । ਕਰੀਬ ਆ ਕੇ ਵੇਖਿਆ ਤਾਂ ਇਹ ਦੋ ਲਾਸ਼ਾਂ...

ਗੁੰਡਾ : ਹੂੰ – ਮਾਮਲਾ ਕੁਝ ਸੰਗੀਨ ਹੈ । ਤੈਨੂੰ ਥਾਣੇ ਚਲਣਾ ਪਏਗਾ । (ਲਾਸ਼ਾਂ ਨੂੰ ਉਲਟ-ਪਲਟ ਕੇ ਵੇਖਦਾ ਹੈ) ਅੱਛਾ ! ਤਾਂ ਸਾਲੇ ਸੰਪਰਦਾਇਕ ਦੰਗਾ ਕਰ ਰਹੇ ਸੀ ।

ਸੂਤਰਧਾਰ : ਕੀ !!! ਸੰਪਰਦਾਇਕ ਦੰਗਾ—?

ਗੁੰਡਾ : ਹੋਰ ਕੀ ਨਹੀਂ ? ਇਨ੍ਹਾਂ ਵਿਚੋਂ ਇਕ ਹਿੰਦੂ ਹੈ ਤੇ ਦੂਜਾ ਮੁਸਲਮਾਨ । ਹੋਰ ਇਸ ਦਾਂ ਕੀ ਮਤਲਬ ਹੈ । ਫਸਾਦ ! ਸੰਪਰਦਾਇਕ ਫਸਾਦ—ਸ਼ਹਿਰ ਵਿਚ ਫਸਾਦ ਹੋ ਗਿਆ, ਦੰਗਾ—(ਦੌੜ ਜਾਂਦਾ ਹੈ)

ਮੈਨੇਜਰ : ਅੱਜ ਦੀ ਤਾਜਾ ਖ਼ਬਰ-ਅੱਜ ਦੀ ਤਾਜਾ ਖ਼ਬਰ ! ਅਲੀਗੜ੍ਹ ਵਿਚ ਹਿੰਦੂ ਮੁਸਲਮਾਨਾਂ ਵਿਚ ਫਸਾਦ ਭੜਕ ਪਏ...

ਸਰਸਾਏਦਾਰ : ਹੁਣ ਤੁਸੀਂ ਸਮਾਚਾਰ ਸੁਣੋ !

ਸਾਡੇ ਅਲੀਗੜ੍ਹ ਸੰਵਾਦਦਾਤਾ ਨੇ ਖ਼ਬਰ ਦਿੱਤੀ ਹੈ ਕਿ ਇਕ ਕੱਬਡੀ ਮੈਚ ਦੇ ਦੌਰਾਨ, ਗੜਬੜ ਹੋ ਜਾਣ ਦੇ ਕਾਰਣ, ਕੁਛ ਲੋਕਾਂ ਨੂੰ ਮਾਮੂਲੀ ਚੋਟਾਂ ਲੱਗੀਆਂ ਹਨ ।

ਮੈਨੇਜਰ : ਹਿੰਦੂਆਂ ਨੇ ਮੁਸਲਮਾਨਾਂ ਨੂੰ ਮੁਸਲਮਾਨਾਂ ਨੇ ਹਿੰਦੂਆਂ ਨੂੰ ਮਾਰਿਆ । ਅੱਜ ਦੀ ਤਾਜ਼ਾ ਖ਼ਬਰ ।

ਸਰ. : ਪੁਲਿਸ ਸ਼ਰਾਰਤੀ ਅਨਸਰਾਂ ਤੇ ਪੂਰੀ ਨਿਗਰਾਨੀ ਰੱਖ ਰਹੀ ਹੈ ।

ਮੈਨੇਜਰ : ਬਹੁਤ ਸਾਰੀਆਂ ਦੁਕਾਨਾਂ ਲੁੱਟੀਆਂ ਗਈਆਂ । ਅੱਜ ਦੀ ਤਾਜ਼ਾ ਖ਼ਬਰ ।

ਸਰਮਾਏਦਾਰ : ਸਾਡੇ ਨੁਮਾਇੰਦੇ ਅਨੁਸਾਰ ਹਾਲਾਤ ਪੁਰੀ ਤਰ੍ਹਾਂ ਕਾਬੂ ਹੇਠ ਨੇ ।

ਮੈਨੇਜਰ : ਸਰਕਾਰੀ ਗੁਦਾਮਾਂ ਨੂੰ ਅੱਗ ਲਗਾ ਦਿੱਤੀ ਗਈ । ਕਈ ਇਲਾਕਿਆਂ ਵਿਚ ਦਫ਼ਾ 144 ਲਾਗੂ—ਅੱਜ ਦੀ ਤਾਜ਼ਾ ਖ਼ਬਰ ।

ਸਰਮਾਏਦਾਰ : ਦੇਰ ਨਾਲ ਪ੍ਰਾਪਤ ਹੋਈਆਂ ਖ਼ਬਰਾਂ ਅਨੁਸਾਰ ਸ਼ਹਿਰ ਵਿਚ ਹੁਣ ਪੂਰੀ ਤਰ੍ਹਾਂ ਸ਼ਾਂਤੀ ਤੇ ਸਦਭਾਵਨਾ ਦਾ ਮਾਹੌਲ ਬਣਿਆ ਹੋਇਆ ਹੈ ।

ਮੈਨੇਜਰ : ਸ਼ਹਿਰ ਭਰ ਵਿਚ ਕਰਫਿਊ । ਵੇਖਦਿਆਂ ਹੀ ਗੋਲੀ ਮਾਰਨ ਦਾ ਹੁਕਮ । ਅੱਜ ਦੀ...

[ਦੋਹੇਂ ਬੈਠ ਜਾਂਦੇ ਹਨ ।]

ਸੂਤਰਧਾਰ : ਕਮਾਲ ਹੈ । ਇਹ ਪੁਲਸੀਆ ਆਇਆ ਤਾਂ ਇਥੇ ਤਫਤੀਸ਼ ਕਰਨ ਸੀ ਤੇ ਕਰਾ ਗਿਆ ਸ਼ੁਰੂ ਫਸਾਦ । ਕਾਤਿਲ ਨੂੰ ਫੜਨਾ ਤਾਂ ਇਕ ਪਾਸੇ ਰਿਹਾ, ਪਤੰਦਰ ਸਾਰੇ ਸ਼ਹਿਰ ਨੂੰ ਬਰਬਾਦੀ ਦੇ ਚਕਰਾਂ ਵਿਚ ਪਾ ਕੇ ਰੱਖ ਗਿਆ ਹੈ । ਪਰ—ਪਰ—ਇਕ ਗੱਲ ਨੋਟ ਕੀਤੀ ਤੁਸੀਂ ? ਕਾਤਿਲ ਦੀ ਸ਼ਕਲ ਸੂਰਤ ਇਸ ਪੁਲਿਸ ਵਾਲੇ ਨਾਲ ਕਿੰਨੀ ਮਿਲਦੀ ਜੁਲਦੀ ਸੀ?

[ਰਫ਼ੀਕ ਤੇ ਹਰਕ੍ਰਿਸ਼ਨ ਲਾਸ਼ਾਂ ਨੂੰ ਵੇਖਦੇ ਹਨ । ਚਾਦਰ ਚੁਕਦਿਆਂ ਹੀ ਆਪਣੇ ਆਪਣੇ ਪੁੱਤਰਾਂ ਨੂੰ ਪਛਾਣਦਿਆਂ ਹੀ ਸੁੰਨ ਹੋ ਜਾਂਦੇ ਹਨ । ਇਕ ਦਰਦ ਭਰੀ ਆਵਾਜ਼ ਗਲੇ ਵਿੱਚੋਂ ਨਿਕਲਦੀ ਹੈ ਤੇ ਫੇਰ ਆਪਣੀ ਉਸੇ ਮੁਦਰਾ ਵਿਚ ਹੀ ਜੜ ਹੋ ਜਾਂਦੇ ਹਨ]

ਸੂਤਰਧਾਰ : ਮੌਤ ਤਾਂ ਸਿਰਫ ਮੌਤ ਹੈ। ਇਕ ਆਗਾਜ਼ ਦਾ ਅੰਜਾਮ। ਮੌਤ ਨਾ ਹਿੰਦੂ ਹੁੰਦੀ ਹੈ ਤੇ ਨਾ ਮੁਸਲਮਾਨ। ਇਨਸਾਨ ਦਾ ਖ਼ੂਨ ਨਾ ਤੁਹਾਨੂੰ ਚੰਗਾ ਲਗਦਾ ਹੈ ਨਾ ਮੈਨੂੰ। ਆਪਣੇ ਸਰੂ ਵਰਗੇ ਪੁੱਤਰਾਂ ਨੂੰ ਲਾਸ਼ਾਂ ਦੇ ਤੌਰ ਤੇ ਸ਼ਨਾਖਤ ਕਰਦੇ ਵੇਲੇ ਵੀ ਰਫ਼ੀਕ ਤੇ ਹਰਕ੍ਰਿਸ਼ਨ ਦੇ ਸੀਨੇ ਵਿਚ ਮੁਸਲਮਾਨ ਜਾਂ ਹਿੰਦੂ ਦਾ ਨਹੀਂ। ਸਿਰਫ਼ ਇਕ ਬਾਪ ਦਾ ਦਿਲ ਧੜਕਿਆ ਹੋਵੇਗਾ। ਤੇ ਇਕ ਬਾਪ ਵੀ ਨਾ ਹਿੰਦੂ ਹੁੰਦਾ ਹੈ ਤੇ ਨਾ ਮੁਸਲਮਾਨ। ਇਸ ਵਕਤ ਹਰਕ੍ਰਿਸ਼ਨ ਦੇ ਦੁੱਖ ਨੂੰ ਜੇ ਕੋਈ ਸਮਝ ਸਕਦਾ ਹੈ ਤਾਂ ਉਹ ਸਿਰਫ਼ ਰਫ਼ੀਕ ਹੀ ਹੈ ਤੇ ਰਫ਼ੀਕ ਦੇ ਸੀਨੇ ਦੇ ਸੰਤਾਪ ਨੂੰ ਕੋਈ ਸਮਝ ਸਕਦਾ ਹੈ ਤਾਂ ਉਹ ਸਿਰਫ਼ ਹਰਕ੍ਰਿਸ਼ਨ ਹੀ ਮਹਿਸੂਸ ਕਰ ਸਕਦਾ ਹੈ। ਤੇ ਉਹ ਲੋਕ ਜੋ ਦਾਅਵਾ ਕਰਦੇ ਹਨ ਕਿ ਇਹ ਦੋਹੇ ਅਲੱਗ ਅਲਗ ਉਹ ਨੇ, ਕਿੱਥੇ ਨੇ? ਜੇਕਰ ਰਫ਼ੀਕ ਤੇ ਹਰਕ੍ਰਿਸ਼ਨ ਨੇ ਦੀਵਾਲੀ ਇਕਠਿਆਂ ਮਨਾਈ ਹੈ ਤਾਂ ਈਦ ਵੀ। ਜੇ ਅੱਜ ਦੋਹੇਂ ਦਰਿੰਦਿਆਂ ਦੀ ਖ਼ੂਨੀ ਖੇਡ ਦਾ ਸ਼ਿਕਾਰ ਹੋਏ ਹਨ ਤਾਂ ਦੋਹੇਂ ਇਕ ਦੂਜੇ ਦੇ ਗ਼ਮ ਦੇ ਪੂਰੀ ਤਰ੍ਹਾਂ ਭਾਈਵਾਲ ਹਨ। ਖ਼ੁਦ ਆਪਣੀ ਹੀ ਬੀਤੀ ਜ਼ਿੰਦਗੀ ਨੂੰ ਫਰੋਲ ਲਓ ਜਨਾਬ...ਗੁਆਂਢੀਆਂ ਦੇ ਘਰ ਤੇ ਆਈ ਦੁੱਖ ਦੀ ਉਹ ਕਿਹੜੀ ਹਨੇਰੀ ਰਾਤ ਹੋਵੇਗੀ ਜਿਸਦਾ ਬੋਝ ਤੁਹਾਡੇ ਸੀਨੇ ਤੇ ਨਾ ਪਿਆ ਹੋਵੇ। ਮਿੱਟੀ ਦੀ ਇਹੀ ਤਾਂ ਸਿਫ਼ਤ ਹੁੰਦੀ ਹੈ ਕਿ ਉਹ ਮਿੱਟੀ ਤੋਂ ਕਦੇ ਅੱਡ ਨਹੀਂ ਹੁੰਦੀ। ਇਹੀ ਤਾਂ ਕਾਰਣ ਹੈ,ਕਿ ਮੁਲਕ ਵਿਚ ਮੋਹ-ਪਿਆਰ ਨਾਲ ਰਹਿ ਰਹੇ ਲੋਕਾਂ ਵਿਚ ਫੁੱਟ ਪਾਉਣ ਵਾਲਿਆਂ ਦੀ ਇਕ ਲੰਮੀ ਚੌੜੀ ਫੌਜ ਹੋਣ ਦੇ ਬਾਵਜੂਦ ਵੀ ਇਸ ਦੇਸ਼ ਦੇ ਲੋਕ ਆਪਣਾ ਭਾਈਚਾਰਾ ਹਾਰੇ ਨਹੀਂ।

[ਦੋਹੇਂ ਪੁੱਤਰਾਂ ਦੀ ਲਾਸ਼ ਤੇ ਡਿਗਕੇ ਵੈਣ ਪਾ ਰਹੇ ਹਨ]

ਸੂਤਰਧਾਰ : ਰਫ਼ੀਕ ਭਰਾ, ਹਰਕ੍ਰਿਸ਼ਨ ਜਾਚਾ—ਇਉਂ ਰੋਣ ਧੋਣ ਨਾਲ ਕੁਝ ਨਹੀਂ ਬਨਣਾ। ਚਲੋ—ਆਓ ਨੇਤਾ ਜੀ ਕੋਲ ਚਲੀਏ। ਸਾਡੀਆਂ ਵੋਟਾਂ ਲੈ ਕੇ ਜਿੱਤਣ ਵਾਲੇ ਅਜਿਹੇ ਵੇਲੇ ਤੇ ਸਾਥੋਂ ਮੂੰਹ ਨਹੀਂ ਮੋੜ ਸਕਦੇ। ਉਹ ਸਾਡੀ ਮਦਦ ਜ਼ਰੂਰ ਕਰਨਗੇ। ਆਓ ਚਲੀਏ (ਸਰਮਾਏਦਾਰ ਨੇਤਾ ਦੇ ਵੇਸ ਵਿਚ, ਗੁੰਡਾ ਅਤੇ ਮੈਨੇਜਰ ਵੀ ਗਾਂਧੀ ਟੋਪੀ ਲਾਈ ਆਉਂਦੇ ਹਨ) ਮਾਈ ਬਾਪ ਦੁਹਾਈ ਹੈ। ਮਦਦ ਕਰੋ। ਇਨ੍ਹਾਂ ਦੋ ਗਰੀਬ ਪਿਓਵਾਂ ਦੇ ਦੋ ਨੌਜਵਾਨ ਪੁੱਤਰ ਵੇਖਦਿਆਂ ਵੇਖਦਿਆਂ ਕਤਲ ਕਰ ਦਿੱਤੇ ਗਏ ਨੇ। ਸ਼ਹਿਰ ਸੜ ਰਿਹਾ ਹੈ। ਪੁਲਿਸ ਚੁਪ ਹੈ। ਤੁਸੀਂ ਹੀ ਕੁਝ ਕਰੋ ਸਰਕਾਰ। ਇਹ ਤੁਹਾਡੇ ਕੋਲ ਰਹਿਮ ਦੀ ਭੀਖ ਮੰਗਣ ਆਏ ਨੇ।

ਸਰਮਾਏਦਾਰ : ਵੋ ਆਏ ਹੈ ਘਰ ਹਮਾਰੇ ਖ਼ੁਦਾ ਕੀ ਕੁਦਰਤ ਹੈ।

[ਗੁਪਤਾ ਜੀ ਤੇ ਗੁੰਡਾ ਇਹੀ ਸੰਵਾਦ ਜ਼ੋਰ ਨਾਲ ਦੁਹਰਾਂਦੇ ਹਨ]

ਰਫ਼ੀਕ : ਸਰਕਾਰ, ਹੁਣ ਤਾਂ ਤੁਹਾਡਾ ਹੀ ਆਸਰਾ ਹੈ। ਅਸੀਂ ਭਾਵੇਂ ਇਕੋ ਮਜ਼ਹਬ ਦੇ ਨਹੀਂ ਪਰ ਸਾਡਾ ਚੋਲੀ ਦਾਮਨ ਦਾ ਰਿਸ਼ਤਾ ਹੈ।

ਹਰਕ੍ਰਿਸ਼ਨ : ਹਜ਼ੂਰ ਇਸ ਤਬਾਹੀ ਨੂੰ ਰੋਕੋ, ਨਹੀਂ ਤਾਂ ਪਤਾ ਨਹੀਂ ਕਿੰਨੇ ਹੋਰ ਪਰਿਵਾਰ ਉਜੜ ਜਾਣਗੇ।

ਸਰਮਾਏਦਾਰ : ਸ਼ਾਂਤੀ! ਸ਼ਾਂਤੀ! ਤੁਸੀਂ ਲੋਕ ਜ਼ਰਾ ਧੀਰਜ ਧਰੋ। ਸਾਡੇ ਤੇ ਭਰੋਸਾ ਕਰੋ। ਸਾਨੂੰ ਤੁਹਾਡੇ ਨਾਲ ਪੂਰੀ ਹਮਦਰਦੀ ਹੈ। ਇਹ ਕਤਲ ਤੁਹਾਡੇ ਨਹੀਂ, ਬਲਕਿ ਮੇਰੇ ਬੱਚਿਆਂ ਦਾ ਕਤਲ ਹੈ। ਮੈਂ ਵਾਦਾ ਕਰਦੀ ਹਾਂ, ਇਸ ਮਾਮਲੇ ਦੀ ਤਹਿ ਤਕ ਪਹੁੰਚੇ ਬਿਨਾਂ ਮੈਂ ਪਾਣੀ ਤਕ ਨਹੀਂ ਪੀਆਂਗੀ। ਤੁਸੀਂ ਤਾਂ ਜਾਣਦੇ ਹੀ ਹੋ ਸਾਡੀ ਸਾਰੀ ਜ਼ਿੰਦਗੀ ਸੰਪਰਦਾਇਕਤਾ ਦੇ ਖਿਲਾਫ ਸੰਘਰਸ਼ ਕਰਦਿਆਂ ਬੀਤ ਗਈ ਹੈ।

[ਗੁਪਤਾ ਜੀ ਤੇ ਗੁੰਡਾ ਦੁਹਰਾਂਦੇ ਹਨ]

ਸੂਤਰਧਾਰ : ਪਰ ਸੰਪਰਦਾਇਕਤਾ...।

ਸਰਮਾਏਦਾਰ : ਹਾਂ, ਸੰਪਰਦਾਇਕ ਸ਼ਕਤੀਆਂ ਨਾਲ ਸਾਨੂੰ ਡਟ ਕੇ ਮੁਕਾਬਲਾ ਕਰਨਾ ਪਵੇਗਾ। ਅਸੀਂ ਧਰਨਾ ਦੇਵਾਂਗਾ। ਜਲੂਸ ਕੱਢਾਂਗੇ। ਦੰਗਾ ਪੀੜਤਾਂ ਲਈ ਚੰਦਾ ਇਕੱਠਾ ਕਰਾਂਗੇ। ਗੁਪਤਾ ਜੀ ਫਟਾਫਟ ਚੰਦੇ ਲਈ ਪਰਚੀਆਂ ਛਪਵਾ ਦਿਓ। ਮੈਂ ਚਾਹੁੰਦੀ ਹਾਂ ਕਿ ਇਹ ਕੰਮ ਫੌਰਨ ਸ਼ੁਰੂ ਹੋ ਜਾਏ। (ਗੁਪਤਾ ਜੀ ਤੇ ਗੁੰਡਾ ਇਹੀ ਦੁਹਰਾਂਦੇ ਹਨ। ਗੁੰਡਾ...ਮੈਂ ਚਾਹੁੰਦੀ ਹਾਂ... ਵਾਲਾ ਵਾਕ ਵੀ ਦੁਹਰਾ ਛਡਦਾ ਹੈ ਕਿ ਸਰਮਾਏਦਾਰ ਉਸਨੂੰ ਡਾਂਟਦੀ ਹੈ।)

ਸੂਤਰਧਾਰ : ਪਰ ਸਰਕਾਰ...

ਸਰਮਾਏਦਾਰ : ਦੋ ਵੱਖ ਵੱਖ ਫਿਰਕੇ ਦੇ ਬੰਦਿਆਂ ਨੂੰ ਇਕੱਠੇ ਦੇਖ ਕੇ ਮੇਰਾ ਮਨ ਖ਼ੁਸ਼ੀ ਨਾਲ ਰੋਣ ਲੱਗ ਪੈਂਦਾ ਹੈ।

[ਤਕਰੀਬਨ ਰੋਂਦੀ ਹੋਈ ਦੂਜੇ ਪਾਸੇ ਜਾਂਦੀ ਹੈ]

ਗੁੰਡਾ ਤੇ ਗੁਪਤਾ ਜੀ : (ਰਟੇ ਰਟਾਏ) ਮੈਂ ਤਾਂ ਮਾਈਨਾਰਟੀ ਕਮਿਸ਼ਨ ਨੂੰ ਇਥੋਂ ਤਕ ਸਲਾਹ ਦਿੱਤੀ ਸੀ ਕਿ ਮਸਜਿਦਾਂ ਵਿਚ ਘੰਟੀਆਂ ਵਜਾਈਆਂ ਜਾਣ ਤੇ ਮੰਦਿਰਾਂ ਵਿਚ ਕੁਰਾਨ ਦੀਆ ਆਇਤਾਂ ਖੁਦਵਾਈਆਂ ਜਾਣ। ਅਸੀਂ ਤਾਂ ਵਾਰ ਵਾਰ ਇਹੀ ਕਹਿੰਦੇ ਹਾਂ ਕਿ ਮੇਰੇ ਭਰਾਵੋ, ਮੇਰੇ ਪਿਆਰਿਓ, ਮੇਰੇ ਨਾਲ ਮਿਲਕੇ ਹਿੰਦੂ-ਮੁਸਲਿਮ ਦਾ ਵੈਰ-ਭਾਵ ਸਦਾ ਸਦਾ ਲਈ ਨਸ਼ਟ ਕਰ ਦਿਉ।

ਸਰਮਾਏਦਾਰ : ਚਲੋ ਹਰੀਜਨ ਸਭਾ ਦਾ ਟਾਈਮ ਹੋ ਗਿਆ। (ਦੋਹੇਂ ਦੌੜ ਕੇ ਉਸ ਕੋਲ ਪਹੁੰਚਦੇ ਹਨ ਤੇ ਬਾਕੀ ਅਭਿਨੇਤਾਵਾਂ ਵੱਲ ਪਿੱਠ ਕਰਕੇ ਨਾਲ ਨਾਲ ਖੜਦੇ ਹਨ) ਚੰਗਾ ਤਾਂ ਤੁਸੀਂ ਹੁਣ ਚਲੋ। ਅਸੀਂ ਫੌਰਨ ਇਕ ਜਾਂਚ-ਕਮੇਟੀ ਬਣਾਵਾਂਗੇ ਜੋ ਇਸ ਦੰਗੇ ਦੇ ਕਾਰਣਾਂ ਦੀ ਜਾਂਚ ਕਰੇਗਾ।

[ਪਰਤ ਕੇ ਗੁੰਡੇ ਅਤੇ ਗੁਪਤਾ ਜੀ ਦੇ ਪਿੱਛੇ ਆਂਦੀ ਹੈ। ਉਨ੍ਹਾਂ ਵਿਚੋਂ

ਝਾਕ ਕੇ ਬਾਕੀ ਪਾਤਰਾਂ ਵੱਲ ਦੇਖਦੀ ਹੈ। ਰਫ਼ੀਕ ਤੇ ਹਰਕ੍ਰਿਸ਼ਨ ਆਪਣੇ ਆਪਣੇ ਪੁੱਤਰਾਂ ਦੀਆਂ ਲਾਸ਼ਾਂ ਕੋਲ ਦੁਖੀ ਜਹੇ ਗਲੇ ਮਿਲ ਰਹੇ ਹਨ। ਸੂਤਰਧਾਰ ਵੀ ਜਾਂਦਾ ਹੈ]

ਸਰਮਾਏਦਾਰ : ਨੋ ਨੋ ਨੋ, ਵੀ ਕਾਂਟ ਅਲਾਓ ਦਿਸ। ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ। ਮਿਸਟਰ ਗੁਪਤਾ! ਇਹ ਕੀ ਬਦਤਮੀਜ਼ੀ ਹੈ?

ਮੈਨੇਜਰ : ਆਈ 'ਮ ਸੌਰੀ ਮੈਡਮ। (ਗੁੰਡੇ ਨੂੰ ਧੂਹ ਕੇ) ਓਇ ਮਿਸਟਰ, ਅਸੀਂ ਤੈਨੂੰ ਇਸ ਕੰਮ ਲਈ ਪੂਰਾ ਪੈਸਾ ਦਿੱਤਾ ਹੈ। ਜੇ ਸਾਡਾ ਇਹ ਕੰਮ ਨਾ ਹੋਇਆ ਤਾਂ ਸਾਨੂੰ ਢਿੱਡ 'ਚ ਹੱਥ ਪਾ ਕੇ ਪਾਈ ਪਾਈ ਵਸੂਲ ਕਰਨੀ ਆਉਂਦੀ ਹੈ। ਨਾ ਇਹ ਭਰਤ-ਮਿਲਾਪ ਦਾ ਸੀਨ ਵੇਖਣ ਲਈ ਅਸੀਂ ਤੈਨੂੰ ਇਹ ਵਰਦੀ ਪੁਆਈ ਸੀ? ਅਸੀਂ ਤੇਰੀ ਖੱਲੜੀ ਖਿੱਚ ਦਿਆਂਗੇ। ਤੂੰ ਸਮਝ ਕੀ ਰੱਖਿਐ ਸਾਨੂੰ, ਹਏਂ?

ਗੁੰਡਾ : ਮੇਰੀ ਗੱਲ ਤਾਂ ਸੁਣੋ ਸਰਕਾਰ...

ਸਰਮਾਏਦਾਰ : ਸ਼ਟ ਅੱਪ ਯੂ ਡੰਕੀ! ਨਿਰਾ ਖੋਤਾ ਹੈ ਤੂੰ! ਇਕਦਮ ਇਨਅਫ਼ੀਸ਼ੀਐਂਟ ਖੋਤਾ। ਕੋਈ ਕੰਮ ਕਰਨ ਦੀ ਤਮੀਜ਼ ਨਹੀਂ। ਪਰ ਮੇਰੇ ਲਈ ਤਾਂ ਇਹ ਜ਼ਿੰਦਗੀ ਮੌਤ ਦਾ ਸਵਾਲ ਹੈ। ਇਥੇ ਹਿੰਦੂ-ਮੁਸਲਿਮ ਫਸਾਦ ਹਰ ਹਾਲਤ ਵਿਚ ਕਰਵਾਉਣੇ ਨੇ (ਗੁਪਤਾ ਜੀ ਦੇ ਕੰਨ ਵਿਚ ਕੁਝ ਆਖਦੀ ਹੈ। ਦੋਹੇਂ ਗੁੰਡੇ ਨੂੰ ਇਕ ਛੁਰਾ ਦਿੰਦੇ ਹਨ। ਸਰਮਾਏਦਾਰ ਰਫ਼ੀਕ ਕੋਲ ਆਉਂਦੀ ਹੈ। ਗੁਪਤਾ ਹਰਕ੍ਰਿਸ਼ਨ ਕੋਲ ਜਾਂਦਾ ਹੈ। ਗੁੰਡਾ ਵਿਚਕਾਰ ਛੁਰਾ ਲੁਕਾਈ ਦੋਹਾਂ ਨੂੰ ਵੇਖ ਰਿਹਾ ਹੈ) ਰਫ਼ੀਕ ਮੁਹੰਮਦ, ਮੈਨੂੰ ਸਮਝ ਨਹੀਂ ਆਉਂਦੀ, ਤੇਰੇ ਸੀਨੇ ਵਿਚ ਦਿਲ ਹੈ ਜਾਂ ਪੱਥਰ।

ਮੈਨੇਜਰ : ਹਰਕ੍ਰਿਸ਼ਨ ਜ਼ਰਾ ਯਾਦ ਕਰ, ਦਸ਼ਰਥ ਨੇ ਆਪਣੇ ਪੁੱਤਰ ਦੇ ਵਿਯੋਗ ਵਿਚ ਤੜਪ-ਤੜਪ ਕੇ ਜਾਨ ਦੇ ਦਿੱਤੀ ਸੀ।

ਸਰਮਾਏਦਾਰ : ਰਫ਼ੀਕ ਭਾਈ ਜਾਨ, ਇਹ ਹਮਲਾ ਸਿਰਫ਼ ਤੇਰੇ ਬੱਚੇ ਤੇ ਨਹੀਂ ਬਲਕਿ ਇਸਲਾਮ 'ਤੇ ਹੋਇਆ ਹੈ। ਅੱਜ ਇਕ ਸਾਦਿਕ ਨਹੀਂ, ਇਕ ਮੁਜਾਹਿਦ ਸ਼ਹੀਦ ਹੋਇਆ ਹੈ। ਖ਼ੁਦਾ ਦੇ ਦਰਬਾਰ ਵਿਚ ਜੇ ਇਕ ਪਾਕ ਰੂਹ ਲੈ ਕੇ ਜਾਣਾ ਚਾਹੁੰਦਾ ਹੈ ਤਾਂ ਚੁੱਕ ਖੰਜਰ ਤੇ ਇਕ ਮੁਸਲਮਾਨ ਦੇ ਖ਼ੂਨ ਦਾ ਬਦਲਾ ਲੈ।

ਮੈਨੇਜਰ : ਹਰਕ੍ਰਿਸ਼ਨ, ਅੱਗੇ ਵਧ ਹਰਕ੍ਰਿਸ਼ਨ! ਤੇਰੇ ਸਾਹਮਣੇ ਤੇਰੇ ਹਿੰਦੂ ਧਰਮ ਦਾ ਦੁਸ਼ਮਣ ਖੜ੍ਹਾ ਹੈ। ਭਗਵਾਨ ਕ੍ਰਿਸ਼ਨ ਨੇ ਕਿਹਾ ਹੈ, "ਕੌਣ ਕਿਸੇ ਨੂੰ ਮਾਰਦਾ ਹੈ। ਸਭ ਨੂੰ ਮਾਰਨ ਵਾਲਾ ਮੈਂ ਹਾਂ।" ਵੇਖਦਾ ਕੀ ਹੈਂ ਹਰਕ੍ਰਿਸ਼ਨ? ਇਹ ਤੇਰਾ ਮਿੱਤਰ ਨਹੀਂ। ਇਸ ਵੇਲੇ ਤੂੰ ਧਰਮ ਖੇਤਰ ਵਿਚ ਖੜ੍ਹਾ ਹੈਂ। ਦੁਸ਼ਮਣ ਹੈ-ਇਹ ਤੇਰਾ। ਫਰਜ਼ ਦੀ ਇਹ ਆਵਾਜ਼ ਹੈ, ਚੁੱਕ ਤ੍ਰਿਸ਼ੂਲ।

ਸਰਮਾਏਦਾਰ : ਇਸਲਾਮ ਦਾ ਝੰਡਾ ਤੇਰੇ ਹੱਥ ਹੈ ਰਫ਼ੀਕ, ਅੱਗੇ ਵੱਧ।

ਮੈਨੇਜਰ : ਧਰਮ ਦੀ ਰਾਖੀ ਕਰਨੀ ਹੈ ਤਾਂ ਤੈਨੂੰ ਲੜਨਾ ਹੀ ਪਵੇਗਾ, ਹਰਕ੍ਰਿਸ਼ਨ।

ਸਰਮਾਏਦਾਰ : ਰਫ਼ੀਕ ਤੈਨੂੰ ਖ਼ੁਦਾ ਦਾ ਵਾਸਤਾ ਹੈ।

ਮੈਨੇਜਰ : ਹਰਕ੍ਰਿਸ਼ਨ, ਈਸ਼ਵਰ ਦੇ ਨਾਂ ਲਈ ਅੱਗੇ ਵੱਧ ਕੇ ਲੜ।

ਸਰਮਾਏਦਾਰ : ਰਫ਼ੀਕ ਮਾਰ !

ਮੈਨੇਜਰ : ਹਰਕ੍ਰਿਸ਼ਨ ਮਾਰ—!! (ਗੁੰਡਾ ਦੋਹਾਂ ਨੂੰ ਚਾਕੂ ਦਿੰਦਾ ਹੈ। ਦੋਹੇਂ ਚਾਕੂ ਫੜੀ, ਕੰਬਦੇ ਹੱਥਾਂ ਨਾਲ, ਅੱਗੇ ਵਧਦੇ ਹਨ। ਤਿੰਨੇ 'ਮਾਰ-ਮਾਰ' ਦਾ ਰੌਲਾ ਪਾ ਕੇ ਉਨ੍ਹਾਂ ਨੂੰ ਉਕਸਾਉਂਦੇ ਹਨ। ਅਚਾਨਕ ਉਨ੍ਹਾਂ ਦੇ ਹੱਥੋਂ ਚਾਕੂ ਡਿੱਗ ਪੈਂਦੇ ਹਨ ਤੇ ਦੋਹੇਂ ਇਕ ਦੂਜੇ ਦੀਆਂ ਬਾਹਾਂ ਵਿਚ ਡਿੱਗ ਕੇ ਡੁਸਕਦੇ ਹਨ) ਓਹ ਨੋ।

ਸਰਮਾਏਦਾਰ : ਕਿੱਲ ਦ ਬਾਸਟਰਡਜ਼। ਦੇ ਡਿਜ਼ਰਵ ਡੈੱਥ। ਮਾਰ ਦਿਓ ਉਨ੍ਹਾਂ ਨੂੰ। ਮੈਂ ਵੇਖਦੀ ਹਾਂ, ਇਹ ਅੱਗ ਕਿਵੇਂ ਨਹੀਂ ਫੈਲਦੀ?

[ਗੁੰਡਾ ਚਾਕੂ ਚੁੱਕ ਕੇ ਰਫ਼ੀਕ ਤੇ ਹਰੀ ਨੂੰ ਮਾਰ ਦਿੰਦਾ ਹੈ। ਇਹ ਤਿੰਨੋ ਲਾਸ਼ਾਂ ਦੇ ਦੁਆਲੇ ਖੜੇ ਸਟਿੱਲ ਹੁੰਦੇ ਹਨ.

ਸੂਤਰਧਾਰ : ਤਾਂ ਸਾਹਿਬ, ਇਸ ਨੂੰ ਕਹਿੰਦੇ ਹਨ ਸੰਪਰਦਾਇਕ ਦੰਗਾ। ਤੁਸੀਂ ਦੇਖ ਹੀ ਲਿਆ ਹੈ, ਕਿ ਕਿਸ ਤਰ੍ਹਾਂ ਹਿੰਦੂ ਤੇ ਮੁਸਲਮਾਨ ਇਕ ਦੂਜੇ ਨੂੰ ਮਾਰਦੇ ਹਨ। ਤੁਸੀਂ ਇਹ ਵੀ ਦੇਖ ਹੀ ਲਿਆ ਹੋਣਾ ਹੈ ਕਿ ਕਿਸ ਹੱਦ ਤਕ ਦੋਹੇਂ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹਨ। ਆਜ਼ਾਦੀ ਦੇ ਬਾਅਦ ਦੇਸ਼ ਵਿਚ ਕਈ ਥਾਵਾਂ ਤੇ ਦੰਗੇ ਭੜਕੇ ਹਨ—ਸਰਕਾਰ ਤੇ ਪੁਲਿਸ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ ਵੀ ਅਹਿਮਦਾਬਾਦ, ਭਿਵੰਡੀ, ਕਾਨਪੁਰ, ਮੇਰਠ ਅਤੇ ਮੁਰਾਦਾਬਾਦ ਵਗੈਰਾ ਵਿਖੇ ਦੰਗੇ ਹੋਏ ਹਨ। ਮੁਆਫ਼ ਕਰਨਾ, ਮੈਂ ਸਿਰਫ਼ ਸਰਕਾਰੀ ਰਿਪੋਰਟ ਪੜ੍ਹ ਰਿਹਾ ਸੀ।

ਸਾਦਿਕ : (ਚਾਦਰ ਲਾਹ ਕੇ) ਪਰ ਜਿਹੜੀ ਗੱਲ ਨਾ ਸਰਕਾਰੀ ਰਿਪੋਰਟ ਨੇ ਦੱਸੀ ਤੇ ਨਾ ਰੇਡੀਓ ਅਖ਼ਬਾਰ ਨੇ, ਉਹ ਇਹ ਹੈ ਕਿ ਦੰਗਿਆਂ ਦੇ ਦੌਰਾਨ ਵੀ ਤੇ ਦੰਗਿਆਂ ਦੇ ਬਾਵਜੂਦ ਵੀ ਆਮ ਸ਼ਹਿਰੀ ਇਕੱਠੇ ਰਹਿੰਦੇ ਹਨ, ਕੰਮ ਕਰਦੇ ਨੇ। ਸ਼ਾਦੀ-ਵਿਆਹ ਤੇ ਮੌਤ...ਇਕ ਦੂਜੇ ਦੀ ਖੁਸ਼ੀ-ਗਮੀ ਵਿਚ ਸ਼ਰੀਕ ਹੁੰਦੇ ਹਨ।

ਰਾਮਕ੍ਰਿਸ਼ਨ : (ਚਾਦਰ ਲਾਹ ਕੇ) ਤੁਹਾਨੂੰ ਸ਼ਾਇਦ ਇਹ ਨਾ ਦੱਸਿਆ ਗਿਆ ਹੋਵੇ ਕਿ ਅਹਿਮਦਾਬਾਦ ਤੇ ਭਿਵੰਡੀ ਦੇ ਦੰਗਿਆਂ ਵਿਚ ਉਥੋਂ ਦਾ ਹੱਥਖੱਡੀ ਦਾ ਕੰਮ ਪੂਰੀ ਤਰ੍ਹਾਂ ਬਰਬਾਦ ਹੋ ਗਿਆ ਹੈ। ਕਿਸੇ ਵੀ ਰੇਡੀਓ, ਜਾਂ ਟੀ.ਵੀ. ਰਿਪੋਰਟ ਨੇ ਤੁਹਾਨੂੰ ਇਹ ਗੱਲ ਨਹੀਂ ਦੱਸੀ ਹੋਣੀ ਕਿ ਅਲੀਗੜ੍ਹ ਵਿਚ ਜ਼ਿੰਦਰੇ ਬਨਾਉਣ ਦੇ ਛੋਟੇ ਛੋਟੇ ਘਰੇਲੂ ਕਾਰਖਾਨੇ ਹਮੇਸ਼ਾ-ਹਮੇਸ਼ਾ ਲਈ ਬੰਦ ਹੋ ਗਏ ਨੇ।

ਰਫ਼ੀਕ : (ਉੱਠਦਾ ਹੈ) ਅਗਲੀ ਵਾਰ ਕਿਸੇ ਦੰਗੇ ਦੀ ਖਬਰ ਅਖਬਾਰ ਵਿਚ ਪੜ੍ਹੋਂ ਤਾਂ ਇਹ ਜ਼ਰੂਰ ਯਾਦ ਕਰ ਲੈਣਾ ਕਿ ਅਹਿਮਦਾਬਾਦ ਵਿਚ ਕਪੜ ਬੁਣਨ ਦੀਆਂ ਵੱਡੀਆਂ ਮਿੱਲਾਂ ਤੇ ਅਲੀਗੜ੍ਹ ਵਿਚ ਜਿੰਦਰੇ ਬਨਾਉਣ ਦੀਆਂ ਵੱਡੀਆਂ ਵੱਡੀਆਂ ਫੈਕਟਰੀਆਂ ਹਾਲ ਵਿਚ ਹੀ ਖੜੀਆਂ ਹੋਈਆਂ ਨੇ ।

ਹਰਕ੍ਰਿਸ਼ਨ : ਤੇ ਇਸੇ ਨੂੰ ਸਾਡੇ ਹਾਕਮ ਤਰੱਕੀ ਆਖਦੇ ਹਨ । ਇਹ ਹੈ ਸਰਕਾਰ ਦਾ ਲਘੂ-ਉਦਯੋਗ ਪ੍ਰੋਗਰਾਮ । ਤੇ ਤਰੱਕੀ ਦੀ ਇਸ ਦੌੜ ਵਿਚ ਦਸ ਬਾਰਾਂ ਪੰਜਾਹ ਸੌ ਜਾਨਾਂ ਵੀ ਜੇ ਚਲੀਆਂ ਜਾਣ ਤਾਂ ਸਾਡੇ ਆਗੂ ਡੇਢ ਹੰਝੂ ਕੇਰ ਕੇ ਸੰਤੁਸ਼ਟ ਹੋ ਜਾਂਦੇ ਹਨ ।

ਸੂਤਰਧਾਰ : ਘਰ ਸੜਦੇ ਰਹਿੰਦੇ ਹਨ, ਮਹੀਨਿਆਂ ਦੇ ਮਹੀਨੇ ਸ਼ਹਿਰਾਂ ਵਿਚ ਕਰਫਿਊ ਲੱਗੇ ਰਹਿੰਦੇ ਹਨ । ਧੀਆਂ ਭੈਣਾਂ ਦੀ ਇੱਜ਼ਤ ਰੁਲਦੀ ਹੈ, ਸੁਹਾਗ ਉਜੜਦੇ ਰਹਿੰਦੇ ਹਨ, ਮਾਵਾਂ ਦੀਆਂ ਝੋਲੀਆਂ ਖਾਲੀ ਹੁੰਦੀਆਂ ਹਨ ਤੇ ਪਿਓਆਂ ਦੇ ਅਰਮਾਨ ਢਹਿ ਢੇਰੀ ਹੁੰਦੇ ਰਹਿੰਦੇ ਹਨ । ਪਰ ਤਰੱਕੀ...!

ਰਾਮਕ੍ਰਿਸ਼ਨ : ਤਰੱਕੀ ! ਹਾਂ ਤਰੱਕੀ ! ਮੇਰੇ ਦੋਸਤੋ, ਬੇਗੁਨਾਹਾਂ ਦੇ ਖ਼ੂਨ ਨਾਲ ਲਿਬੜੀ ਹੋਈ ਇਹ ਤਰੱਕੀ ਕੁਝ ਕਰੋੜਪਤੀਆਂ ਦੀ ਤਰੱਕੀ ਤਾਂ ਹੋ ਸਕਦੀ ਹੈ, ਪਰ ਸਾਡੀ ਤੇ ਤੁਹਾਡੀ ਹਰਗਿਜ਼ ਨਹੀਂ । ਆਪਣੇ ਗੱਲੇ ਹੋਰ ਮੋਟੇ ਕਰਨ ਦੀ ਹਵਸ ਇਨ੍ਹਾਂ ਦਰਿੰਦਿਆਂ ਤੋਂ ਕੋਈ ਵੀ ਗੁਨਾਹ ਕਰਵਾ ਸਕਦੀ ਹੈ, ਚਾਹੇ ਉਹ 'ਬੈਲਾਡਿਲਾ' ਦੇ ਨਿਹੱਥੇ ਮਜ਼ਦੂਰਾਂ ਨੂੰ ਗੋਲੀਆਂ ਨਾਲ ਭੁੰਨਣ ਦੀ ਹੋਵੇ ਤੇ ਚਾਹੇ ਸੰਪਰਦਾਇਕ ਦੰਗੇ-ਫਸਾਦ ਕਰਵਾਉਣ ਦਾ ।

ਸੂਤਰਧਾਰ : ਅਮੀਰਾਂ ਦੀ ਇਸ ਦੁਨੀਆਂ ਵਿਚ ਨਾ ਗਰੀਬਾਂ ਦੀ ਜਾਨ ਹੀ ਮਹਿਫੂਜ਼ ਹੈ ਤੇ ਨਾ ਈਮਾਨ । ਤੇ ਜੇ ਇਸ ਅਨਿਆਏ ਨੂੰ ਰੋਕਣਾ ਚਾਹੁੰਦੇ ਹੋ ਤਾਂ ਆਪਣੇ ਇਨ੍ਹਾਂ ਅਸਲੀ ਦੁਸ਼ਮਣਾਂ ਨੂੰ ਪਹਿਚਾਣ ਲਓ । (ਸਾਰੇ ਸਰਮਾਏਦਾਰ, ਗੁਪਤਾ ਜੀ ਅਤੇ ਗੁੰਡੇ ਵੱਲ ਇਸ਼ਾਰਾ ਕਰਦੇ ਹਨ) ਯਾਦ ਰੱਖੋ, ਦੋ ਵਕਤ ਦੀ ਰੋਟੀ ਲਈ ਤੁਹਾਡੇ ਵਾਂਗ ਹੀ ਦਿਨ ਰਾਤ ਮਿਹਨਤ ਕਰਨ ਵਾਲਾ ਇਨਸਾਨ ਚਾਹੇ ਕਿਸੇ ਵੀ ਧਰਮ ਦਾ ਹੋਵੇ, ਤੁਹਾਡਾ ਦੁਸ਼ਮਣ ਨਹੀਂ ਹੋ ਸਕਦਾ ।

ਸਾਰੇ : ਤੁਹਾਡੇ ਦੁਸ਼ਮਣ ਤਾਂ ਇਹ ਹਨ, ਤੁਹਾਡੀ ਪਿੱਠ ਵਿਚ ਛੁਰਾ ਮਾਰਨ ਵਾਲੇ ਇਹ ਬਗਲਾ ਭਗਤ ।

[ਇਹ ਸੰਵਾਦ ਬੋਲਦੇ ਹੋਏ ਅਭਿਨੈ-ਪਿੜ ਦੇ ਕੇਂਦਰ ਵੱਲ ਆਉਂਦੇ ਹਨ । ਗੁੰਡਾ, ਗੁਪਤਾ ਜੀ ਤੇ ਸਰਮਾਏਦਾਰ ਡਰਕੇ ਬੈਠਦੇ ਹਨ । ਚਾਰੇ ਪਾਸੇ ਫੈਲ ਕੇ ਪਜੇ ਪਾਤਰਾਂ ਦਾ ਦਾਇਰਾ ਬਣਦਾ ਹੈ ।]

—ਅਨੁ: ਪਾਲੀ ਭੁਪਿੰਦਰ ਸਿੰਘ—

ਰਾਜਾ ਕਾ ਬਾਜਾ

ਸਫ਼ਦਰ ਹਾਸ਼ਮੀ

[ਪੰਜ ਦਾਨਵ ਹੱਥਾਂ ਵਿਚ ਹੱਥ ਪਾ ਕੇ ਨੱਚ ਰਹੇ ਹਨ]

1 : ਪੈਸਾ ਮੇਰੀ ਮੱਝ ਲਵੇਰੀ, ਤੇ ਸਿਖਿਆ ਨੌਕਰਾਣੀ ।
ਫੈਕਟਰੀਆਂ ਤੇ ਥਾਣੇਦਾਰੀ, ਸੰਸਦ ਭਰਦੀ ਪਾਣੀ ।
[ਬਾਕੀ ਚਾਰੇ ਦੁਹਰਾਂਦੇ ਹਨ]

2 : ਲੱਖਾਂ ਦਾ ਹੈ ਧੰਦਾ ਮੇਰਾ, ਥੋਕ ਦਾ ਕਾਰੋਬਾਰ ।
ਸ਼ੇਅਰ ਬਾਜ਼ਾਰ ਦੇ ਉਤੇ ਮੇਰਾ, ਪੂਰਾ ਹੈ ਅਧਿਕਾਰ ।
[ਬਾਕੀ ਚਾਰੇ ਦੁਹਰਾਂਦੇ ਹਨ]

3 : ਕੀ ਪੈਸਾ ਕੀ ਰੋਟੀ-ਕਪੜਾ, ਸਭ ਕੀਤੇ ਭੰਡਾਰ,
ਚੋਰ-ਬਜ਼ਾਰੀ, ਹੇਰਾਫੇਰੀ, ਠੱਗੀ ਦਾ ਹਾਂ ਮੈਂ ਸਰਦਾਰ ।
[ਬਾਕੀ ਚਾਰੇ ਦੁਹਰਾਂਦੇ ਹਨ]

4 : ਮੇਰੇ ਹੱਥ ਨੇ ਕੋਰਟ-ਕਚਹਿਰੀ, ਇਨਸਾਫ਼ ਅਤੇ ਸੰਵਿਧਾਨ ।
ਇਹ ਸਾਰੇ ਨੇ ਗੋਲੇ ਮੇਰੇ, ਮੈਂ ਹਾਂ ਹੁਕਮਰਾਨ ।
[ਬਾਕੀ ਸਾਰੇ ਦੁਹਰਾਂਦੇ ਹਨ]

5 : ਨੌਕਰ ਅਫਸਰ ਡੰਡਾ ਟੋਪੀ, ਅਤੇ ਕਾਨੂੰਨ ਦੇ ਹੱਥ ।
ਡੱਕ ਲਏ ਮੈਂ ਵਿਚ ਕਿਲੇ ਦੇ, ਮਾਰ ਕੇ ਢੂੰਗੇ ਲੱਤ ।
[ਬਾਕੀ ਸਾਰੇ ਦੁਹਰਾਂਦੇ ਹਨ, ਬੇਰੁਜ਼ਗਾਰ ਨੌਜਵਾਨ ਹਰਮੇਸ਼ ਆਉਂਦਾ ਹੈ]

ਹਰਮੇਸ਼ : (ਇਕ ਨੂੰ) ਹੈਲੋ ! ਥੋੜੀ ਜਿਹੀ ਥਾਂ ਦਿਓਗੇ ? ਮੈਂ ਵੀ ਆ ਜਾਵਾਂ—

ਪੰਜੇ : ਮਾਰ ਕੇ ਢੂੰਗੇ ਲੱਤ ।

ਹਰਮੇਸ਼ : (ਦੂਜੇ ਨੂੰ) ਭਾਈ ਸਾਹਿਬ, ਮੈਂ ਵੀ ਇਸ ਕਾਫਲੇ ਵਿਚ ਸ਼ਾਮਿਲ ਹੋਣਾ ਚਾਹੁੰਦਾ ਹਾਂ । ਬੱਸ ਮੈਂ ਸਭ ਤੋਂ ਪਿੱਛੇ ਹੀ ਰਹਾਂਗਾ ਤੇ ਐਵੇਂ ਥੋੜੀ ਜਿਹੀ ਥਾਂ ਚਾਹੀਦੀ ਹੈ ਮੈਨੂੰ ।

ਪੰਜੇ : ਮਾਰ ਕੇ ਢੂੰਗੇ ਲੱਤ ।

ਹਰਮੇਸ਼ : (ਤੀਜੇ ਨੂੰ) ਸਰਕਾਰ, ਮਾਈ ਬਾਪ, ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ । ਪਲੀਜ਼ ਸਰ, ਮੈਂ ਕਿੰਨਾ ਲੰਮਾ ਸਫ਼ਰ ਕਰਕੇ ਇੱਥੇ ਪਹੁੰਚਿਆ ਹਾਂ । ਮੈਨੂੰ ਵੀ ਆਪਣੇ ਨਾਲ ਆ ਜਾਣ ਦਿਓ ਨਾ—ਪਲੀਜ਼ ।

ਪੰਜੇ : ਮਾਰ ਕੇ ਢੂੰਗੇ ਲੱਤ ।

ਹਰਮੇਸ਼ : (ਕੜਕ ਕੇ) ਬੱਸ ਬਹੁਤ ਹੋ ਗਿਆ । ਤੁਹਾਡਾ ਇਹ ਜਾਨਵਰਾਂ ਜਿਹਾ

ਵਰਤਾਓ ਹੁਣ ਮੈਨੂੰ ਉੱਕਾ ਹੀ ਮਨਜ਼ੂਰ ਨਹੀਂ । ਆਖ਼ਿਰ ਮੈਂ ਵੀ ਇਨਸਾਨ ਹਾਂ ! ਦੌਲਤ, ਤਾਕਤ, ਪੜ੍ਹਾਈ ਤੇ ਪੂਰੇ ਦੇਸ਼ ਉਤੇ ਤੁਹਾਡੀ ਇਜਾਰੇ-ਦਾਰੀ ਮੈਨੂੰ ਮਨਜ਼ੂਰ ਨਹੀਂ । ਮੈਂ ਇਸ ਨੂੰ ਅਸਵੀਕਾਰ ਕਰਦਾ ਹਾਂ ।

ਕੋਰਸ : ਕੌਣ ਹੈ, ਇਹ ਜਿੱਦੀ ਬਾਲਕ, ਜੋ ਸਾਡੇ ਨਾਲ਼ ਟਕਰਾਵੇ ।
ਸਾਡੇ ਚੱਕਰਵਿਊ ਵਿਚ ਫਸਿਆ, ਹੁਣ ਇਹ ਬਚ ਕੇ ਨਾ ਜਾਵੇ ।
[ਹਰਮੇਸ਼ ਨੂੰ ਚੁਪਾਸੀ ਘੇਰ ਲੈਂਦੇ ਹਨ]

ਹਰਮੇਸ਼ : ਮੈਂ ਅਭਾਗਾ ਹਰਮੇਸ਼ ਸਿੰਘ । ਇਕ ਬਦਨਸੀਬ ਬੇਕਾਰ । ਆਮ ਆਦਮੀ ਦੀ ਸੰਤਾਨ । ਮਾਂ-ਬਾਪ ਦਾ ਇਕਲੌਤਾ ਸਹਾਰਾ । ਸਕੂਲ ਗਿਆ, ਕਾਲਿਜ ਗਿਆ । ਪਰ ਕਈ ਸਾਲਾਂ ਤੋਂ ਫਿਰਦਾ ਹਾਂ, ਬੇਰੁਜ਼ਗਾਰ ਦਾ ਬੇਰੁਜ਼ਗਾਰ ।

ਪ੍ਰਤੀਕੋਰਸ : ਰਾਹਾਂ ਦੀ ਧੂੜ ਵਿਚ ਰੁਲਿਆ, ਦਰ-ਦਹਿਲੀਜ਼ਾਂ ਟੋਹ ਕੇ ਥੱਕਿਆ । ਅਰਜ਼ੀਆਂ ਲਿਖਦਾ, ਮਿੰਨਤਾਂ ਕਰਦਾ ।

ਹਰਮੇਸ਼ : ਹਰ ਜਗ੍ਹਾਂ ਤੋਂ ਪਰਤਿਆਂ ਹਾਂ ਉਦਾਸ, ਨਿਰਾਸ਼ ਟੁੱਟਿਆ ਟੁੱਟਿਆ ।

ਪ੍ਰਤੀਕੋਰਸ : ਕੌਣ ਹੈ ਇਸਦਾ ਜ਼ਿੰਮੇਵਾਰ ?

ਹਰਮੇਸ਼ : ਮੈਂ ਕੀ ਜਾਣਾਂ । ਪਰ ਇਹ ਸਭ ਬਹੁਤ ਪਹਿਲਾਂ ਸ਼ੁਰੂ ਹੋਇਆ ਸੀ । ਜਦੋਂ ਮੈਨੂੰ ਸਿਖਾਇਆ ਜਾਂਦਾ ਸੀ ਪ੍ਰਾਰਥਨਾ ਕਰਨਾ, ਹੱਥ ਜੋੜਕੇ, ਰੋਜ਼ ਸਵੇਰੇ ।
[ਸਾਰੇ ਲਾਈਨ ਵਿਚ ਖੜੇ ਹੋ ਕੇ ਆਰਤੀ ਪ੍ਰਾਰਥਨਾ ਕਰਦੇ ਨੇ]

ਸਾਰੇ : ਤਾ ਥਾ ਥੇਈ, ਤਾ ਥਾ ਥਾ । ਰੋਟੀ ਖਾ ਨਾ ਖਾ । ਰਾਜੇ ਦਾ ਵਾਜਾ ਵਜਾ । ਰਾਜੇ ਦਾ ਵਾਜਾ ਵਜਾ । ਸੱਚ ਨਾ ਕਹਿ, ਬੱਸ ਚੁੱਪ ਰਹਿ । ਸਵਾਮੀ, ਸੱਚ ਨਾ ਕਹਿ ਬੱਸ ਚੁੱਪ ਰਹਿ । ਚੁੱਪ ਰਹਿ ਤੇ ਸਹਿ । ਸਹਿ, ਸਹਿ, ਸਹਿ । ਰਾਜੇ ਦਾ ਵਾਜਾ ਵਜਾ, ਆ, ਰਾਜੇ ਦਾ ਵਾਜਾ ਵਜਾ । ਰਾਸ਼ਨ—ਨਾ-ਨਾ-ਨਾ-ਨਾ । ਕਪੜਾ—ੜਾ-ੜਾ-ੜਾ-ੜਾ । ਬਰਤਨ--ਨਾ-ਨਾ-ਨਾ-ਨਾ । ਖਾਲੀ ਬਰਤਨ—ਛਣ-ਛਣ-ਛਣ-ਛਣਕਣ । ਜਨ ਗਣ ਮਨ ਅਧਿਨਾਇਕ । ਪਾਰ ਪੁਚਾਵਣ ਵਾਲੇ ਨਾਇਕ, ਨਾਇਕ, ਨਾਇਕ, ਨਾਇਕ । ਤਨ ਮਨ ਧਨ ਤੇ ਵੇਤਨ, ਸਾਰੇ ਅਰਪਣ ਕਰ ਤੂੰ । ਸਵਾਮੀ ਸਾਰੇ ਅਰਪਣ ਕਰ ਤੂੰ । ਝਟ ਪਟ ਕਰ ਸੇਵਾ ਤੋਂ ਨਾ ਡਰ, ਸੇਵਾ ਤੋਂ ਨਾ ਡਰ । ਆ, ਆ ਰਾਜੇ ਦਾ ਵਾਜਾ ਵਜਾ । ਤਾ ਥਾ ਥੇਈ ਥਾ, ਰੋਟੀ ਖਾ, ਨਾ ਖਾ । ਰਾਜੇ ਦਾ ਤੂੰ ਵਾਜਾ ਵਜਾ, ਬੱਸ ਰਾਜੇ ਦਾ ਵਾਜਾ ਵਜਾ ।
[ਸਾਰੇ ਘੰਟੀ ਦੀ ਆਵਾਜ਼ ਪੈਦਾ ਕਰਦੇ ਹੋਏ ਬੈਠ ਜਾਂਦੇ ਹਨ । ਹਰਮੇਸ਼ ਖੜਾ ਰਹਿੰਦਾ ਹੈ । ਪ੍ਰਤੀਕੋਰਸ ਦੇ ਅਭਿਨੇਤਾ ਆਪਣੀ ਜਗ੍ਹਾ ਖੜੇ ਹੁੰਦੇ ਹਨ ।]

ਹਰਮੇਸ਼ : ਅ ਪਾਰਲੀਮੈਂਟਰੀ ਵਿਦ ਅ ਮਲਟੀਪਾਰਟੀ ਡੈਮੋਕਰੇਸੀ ।

3 : ਮਹਾਨ ਹਿੰਦੂ ਰਾਸ਼ਟਰ ਦੀ ਸਥਾਪਨਾ ਵਿਚ ਸ਼ਿਵਾ ਜੀ ਦਾ ਯੋਗਦਾਨ ?

ਹਰਮੇਸ਼ : ਸ਼ਿਵਾ ਜੀ ਦੁਆਰਾ ਔਰੰਗਜ਼ੇਬ ਦੀ ਹਿੰਦੂ-ਵਿਰੋਧੀ ਨੀਤੀ ਦਾ ਨਾਸ਼ ਹੋਇਆ ।

4 : ਵਹਾਟ ਫੈਕਟਰ ਕਾਂਟ੍ਰੀਬਿਊਟਡ ਟੂ ਦੀ ਸਪਿਰਚੂਅਲ ਕੰਨਫਯੂਜਨਜ਼ ਆਫ ਵਿਲੀਅਮ ਵਰਡਸਵਰਥ ?

ਹਰਮੇਸ਼ : ਦੀ ਕਾਨਫਲਿਕਟ ਬਿਟਵੀਨ ਹਿਜ਼ ਰੋਮੈਂਟਿਕ ਸੈਂਸੇਬਿਲਟੀਜ਼ ਐਂਡ ਦ ਸੌਰਡਿਡ ਅਸਪੈਕਟਸ ਆਫ਼ ਇੰਡਿਸਟ੍ਰੀਅਲਾਈਜ਼ੇਸ਼ਨ ।

5 : ਜਲ ਕੀ ਦੂਵਤਾ ਔਰ ਮਨੁਸ਼ਯ ਕੀ ਸਭਿਅਤਾ ਕੇ ਬਾਰੇ ਮੇਂ ਕਿਆ ਜਾਨਤੇ ਹੋ ?

ਹਰਮੇਸ਼ : ਦੋਨੋਂ ਮੇਂ ਪਰਸਪਰ ਘਨਿਸ਼ਠ ਸੰਬੰਧ ਹੈ...
[ਟੁੱਟ ਕੇ ਡਿੱਗ ਪੈਂਦਾ ਹੈ । ਪਹਿਲਾ ਉਸਦਾ ਹੱਥ ਫੜਕੇ ਉਠਾਉਂਦਾ ਹੈ]

1 : ਸ਼ਾਬਾਸ਼ ਲੜਕੇ ਸ਼ਾਬਾਸ਼, ਵਾਹ ! ਤੂੰ ਤਾਂ ਕਮਾਲ ਕਰ ਦਿੱਤੀ, ਬਾਜ਼ੀ ਮਾਰ ਲਈ ।

2 : (ਹੱਥ ਮਿਲਾਕੇ) ਤੂੰ ਵਧੇਂਗਾ, ਫੁੱਲੇਂਗਾ, ਇਕ ਦਿਨ ਚੰਨ ਤੇ ਜਾਏਂਗਾ ।

3 : (ਥਾਪੀ ਦੇ ਕੇ) ਬਣੇਗਾ ਤੂੰ ਮਹਾਂ ਮੰਤਰੀ, ਪਾਰਲੀਮੈਂਟ ਵਿਚ ਛਾਏਂਗਾ ।

4 : (ਥਾਪੀ ਦੇ ਕੇ) ਹੋਵੇ ਭਵਿੱਖ ਰੌਸ਼ਣ ਤੇਰਾ, ਇਹ ਹੈ ਸਾਡੀ ਕਾਮਣਾ ।

5 : ਪਰ ਭੁੱਲ ਨਾ ਜਾਈਂ ਕਿਤੇ, ਸਾਡੀ ਗੁਰੂ ਦਕਸ਼ਣਾ ।
[ਸਾਜ਼ ਵਜਾਉਣ ਵਾਲੀ ਮੁਦਰਾ ਵਿਚ ਗਾਉਂਦੇ ਹਨ]

ਪੰਜੇ : ਲਾ —ਲਾ—ਲਲਾ—ਲਾ—ਲਲਾ—ਲਾ...
[ਹਰਮੇਸ਼ ਖ਼ੁਸ਼ੀ ਨਾਲ ਝੂਮ ਉਠਦਾ ਹੈ ਤੇ ਹੱਸਦਾ ਹੈ]

ਹਰਮੇਸ਼ : ਮਿਲ ਗਈ ਡਿਗਰੀ—ਆਖ਼ਿਰ ਮਿਲ ਹੀ ਗਈ ਡਿਗਰੀ—ਹੁਣ ਨੌਕਰੀ ਮਿਲੇਗੀ—ਤੇ ਉਸਤੋਂ ਬਾਦ...

ਪ੍ਰਤੀਕੋਰਸ : ਨੌਕਰੀ ਮਿਲਣ ਤੋਂ ਬਾਦ—!

ਹਰਮੇਸ਼ : ਬਦਨ ਤੇ ਸੂਟ, ਪੈਰਾਂ 'ਚ ਬੂਟ । ਗੋਰੀ ਦਾ ਤਨ, ਮੇਰੇ ਨਾਲ ਮਗਨ । ਮਨ ਜੀ, ਥੋੜ੍ਹਾ ਧੀਰਜ ਧਰੋ । ਦਿਲ ਜੀ, ਥੋੜੀ ਵੇਟ ਕਰੋ ।

ਪ੍ਰਤੀਕੋਰਸ : ਹਾਂ— ਹਾਂ—ਹਾਂ—ਹਾਂ ।
[ਪੰਜੇ ਦਾਨਵ ਨੌਕਰੀ ਦੇਣ ਵਾਲੇ ਅਧਿਕਾਰੀ ਬਣਕੇ ਆਉਂਦੇ ਹਨ]

ਹਰਮੇਸ਼ : (ਪਹਿਲੇ ਕੋਲ ਆ ਕੇ) ਗੁਡ ਮਾਰਨਿੰਗ ਸਰ । ਮੈਂ ਬੀ. ਏ. ਫਸਟ ਡਿਵੀਜਨ ਹਾਂ, ਮੈਨੂੰ ਨੌਕਰੀ ਚਾਹੀਦੀ ਹੈ ।

1 : ਨੌਕਰੀ ?

ਹਰਮੇਸ਼ : ਹਾਂ ਜੀ ।

1 : ਨੋ ਵੈਕੇਂਸੀ।

ਹਰਮੇਸ਼ : ਨੋ ਵੈਕੇਂਸੀ!

1 : ਗੇਟ ਆਊਟ!

ਹਰਮੇਸ਼ : (2 ਕੋਲ ਆ ਕੇ) ਨਮਸਤੇ ਸਰ, ਮੈਂ ਬੀ. ਏ. ਫਸਟ ਡਿਵੀਜ਼ਨ।

2 : ਨੋ ਵੈਕੇਂਸੀ।

ਹਰਮੇਸ਼ : (3 ਕੋਲ ਆ ਕੇ) ਨਮਸਤੇ ਸਰ, ਮੈਂ ਬੀ. ਏ....

3 : ਨਾਨਸੈਂਸ।

ਹਰਮੇਸ਼ : (4 ਕੋਲ ਆਕੇ) ਨਮਸਤੇ—

4 : ਨੋ ਵੈਕੇਂਸੀ...

[ਹਰਮੇਸ਼ 5 ਕੋਲ ਜਾਣ ਲੱਗਦਾ ਹੈ ਕਿ ਪੰਜੇ ਖੜੇ ਹੋ ਜਾਂਦੇ ਹਨ ਤੇ ਇਕਸਾਰ ਬੋਲਣ ਲਗਦੇ ਹਨ।]

ਪੰਜੇ : ਨੋ ਵੈਕੇਂਸੀ, ਨੋ ਵੈਕੇਂਸੀ, ਨੋ ਵੈਕੇਂਸੀ। (ਬੈਠਦੇ ਹਨ)

ਹਰਮੇਸ਼ : ਨੌਕਰੀ ਨਾ ਮਿਲੀ ਤਾਂ...ਤਾਂ ਫਿਰ ਕੀ ਹੋਵੇਗਾ? ਕੀ ਹੋਵੇਗਾ?

ਪ੍ਰਤੀਕੋਰਸ : ਕੀ ਹੋਇਆ? ਕੀ ਹੋਵੇਗਾ? ਸੋਚ ਕੇ ਕਿਉਂ ਹੈਂ ਉਦਾਸ ਤੂੰ। ਛੋਟੀ ਜਹੀ ਇਕ ਹਾਰ ਤੋਂ ਟੁੱਟ ਕੇ, ਛੱਡ ਨਾ ਮਨ ਦੀ ਆਸ ਤੂੰ। ਆਉਣਗੀਆਂ ਕਈ ਮੁਸ਼ਕਲਾਂ, ਜੀਵਨ ਦੇ ਇਨ੍ਹਾਂ ਰਾਹਵਾਂ ਤੇ। ਲੱਖਾਂ ਹੀ ਜਵਾਨੀਆਂ ਲੱਗੀਆਂ, ਨੌਕਰੀਆਂ ਦੀ ਦੌੜ ਵਿਚ। ਧੀਰਜ ਧਰ ਤੇ ਕੋਸ਼ਿਸ਼ ਕਰ, ਇਕ ਦਿਨ ਐਸਾ ਆਵੇਗਾ। ਵਰ੍ਹਿਆਂ ਦੀ ਮਿਹਨਤ ਦਾ ਸਿੱਟਾ ਰੰਗ ਭਾਗ ਲੈ ਆਵੇਗਾ।

ਕੋਰਸ : ਇੰਟਰਵਿਊ! ਇੰਟਰਵਿਊ!! ਫਲਾਣੇ ਦਿਨ, ਫਿਮਕੇ ਸਮੇਂ, ਫਲਾਣੀਆਂ ਪੋਸਟਾਂ ਦੇ ਇੰਟਰਵਿਊ ਲਈ ਸੱਤਾ ਭਵਨ ਦੀ ਫਿਮਕੀ ਮੰਜ਼ਿਲ ਤੇ ਕਮਰਾ ਨੰਬਰ ਫਲਾਣਾ—ਫਿਮਕਾ ਵਿਚ। ਇਛੁਕ ਉਮੀਦਵਾਰ ਹਾਜ਼ਰ ਹੋਣ..... (ਬੈਠਦੇ ਹਨ)

ਹਰਮੇਸ਼ : (ਖੁਸ਼ੀ ਨਾਲ ਉਛਲਦਾ ਹੈ) ਇੰਟਰਵਿਊ!!

[ਪ੍ਰਤੀਕੋਰਸ ਹਮਮੇਸ਼ ਨੂੰ ਸਮਝਾਂਦਾ ਹੈ]

1 : ਜਲਦੀ ਜਲਦੀ ਰਟ ਲੈ। ਦਿਮਾਗ ਨੂੰ ਤੂੰ ਵੱਟ ਲੈ।

2 : ਪੜ੍ਹਿਆ ਹੋਇਆ ਫਿਰ ਦੁਹਰਾ ਲੈ, ਡਿਗਰੀ ਫੋਟੋਸਟੇਟ ਕਰਾ ਲੈ।

3 : ਨਹੁੰ ਕੱਟ ਲੈ, ਵਾਲ ਛੰਡ ਲੈ। ਮੰਦਿਰ-ਗਿਰਜੇ ਲੱਡੂ ਵੰਡ ਲੈ।

4 : ਉਲਟੀ-ਸਿਧੀ ਗੱਲ ਨਾ ਕਹੀਂ, ਨਾਜ਼ੁਕ ਮਸਲਿਆਂ ਤੇ ਚੁੱਪ ਰਹੀਂ।

5 : ਜੇਕਰ ਹੋਈ ਰੱਬ ਦੀ ਮਰਜ਼ੀ ਤਾਂ ਸਮਝੋ ਗੱਲ ਬਣਗੀ।

ਪੰਜੇ : ਬੋਲ ਸਿਆਵਰ ਰਾਮ ਚੰਦਰ ਕੀ ਜੈ...!!

[ਪ੍ਰਤੀਕੋਰਸ ਬੈਠਦਾ ਹੈ। ਪੰਜੇ ਦਾਨਵ ਖੜੇ ਹੁੰਦੇ ਹਨ। ਇਕ ਸਿੱਧਾ ਖੜਾ ਹੈ। ਚਾਰ ਹੇਠਾਂ ਝਾਕਣ ਦੀ ਮੁਦਰਾ ਵਿਚ ਹਨ]

ਚਾਰੇ : ਬੱਲੇ! ਬੱਲੇ! ਇੰਟਰਵਿਊ ਲਈ ਉਮੀਦਵਾਰ ਆਏ ਬੜੇ। ਮਾਂ ਦੇ ਪਿਆਰੇ, ਰਾਜਦੁਲਾਰੇ। ਡਿਗਰੀ ਫੜੀ ਖੜੇ। ਇਕ ਸੀਟ ਲਈ ਇਹੀ ਕੋਈ ਹਜ਼ਾਰ ਕੁ ਉਮੀਦਵਾਰ ਨੇ ਆਏ। ਫਾਰਮੂਲੇ ਤੇ ਜਨਰਲ ਨਾਲੇਜ ਰੱਟਿਆਂ ਤੇ ਚੜ੍ਹਾਏ।

1 : ਠੀਕ ਹੈ! ਠੀਕ ਹੈ! ਇਕ ਇਕ ਕਰਕੇ ਸਾਰੇ ਉਪਰ ਬੁਲਾਓ।

ਚਾਰੇ : ਪੁੱਠੇ ਸਿੱਧੇ ਪ੍ਰਸ਼ਨ ਮਾਰਕੇ, ਜਲਦੀ ਜਲਦੀ ਟਰਕਾਉ।

[ਪਹਿਲਾ ਕੰਨ ਤੇ ਹੱਥ ਧਰ ਕੇ ਕੱਵਾਲੀ ਦਾ ਅਲਾਪ ਚੁੱਕਦਾ ਹੈ ਤੇ 'ਜੀਜਾ ਜੀ ਦਾ ਪਿਆਰਾ ਸਾਲਾ' ਕਵਾਲੀ ਵਾਂਗ ਗਾਉਂਦੇ ਹਨ]

1 : ਪਰ ਇਹ ਤਾਂ ਨਿਸ਼ਚਤ ਹੈ ਕਿ—

ਚਾਰੇ : ਕੀ...?

1 : ਇੱਥੇ ਦਾ ਅਫ਼ਸਰ।

ਚਾਰੇ : ਕੌਣ?

1 : ਸਿਫ਼ਾਰਸ਼ ਵਾਲਾ—

ਚਾਰੇ : ਭਲਾ ਕੌਣ?

1 : ਚੇਅਰਮੈਨ ਦੇ ਭਣਵਈਏ ਦੇ ਜੀਜਾ ਜੀ ਦਾ ਪਿਆਰਾ ਸਾਲਾ।

[ਪੰਜੇ ਨੱਚਦੇ ਨੱਚਦੇ ਵੱਖ ਵੱਖ ਕੋਨਿਆਂ ਵਿਚ ਜਾਂਦੇ ਨੇ]

1 : ਮਿਸਟਰ ਹਰਮੇਸ਼ ਸਿੰਘ ਹਾਜ਼ਿਰ ਹੋ...

[ਹਰਮੇਸ਼ ਝੱਟ ਅੰਦਰ ਆਂਦਾ ਹੈ]

ਹਰਮੇਸ਼ ; ਮੇ ਆਈ ਕਮ ਇਨ ਸਰ?

[ਪੰਜੇ ਹੱਸਦੇ ਹੱਸਦੇ ਹਰਮੇਸ਼ ਦੁਆਲੇ ਘੁੰਮਦੇ ਹਨ]

ਪੰਜੇ : ਹਾ, ਹਾ, ਹਾ, ਹਾ, ਕਿੱਥੋਂ ਤੱਕ ਪੜ੍ਹੇ ਹੋ?

ਹਰਮੇਸ਼ : ਜੀ ਬੀ.ਏ. ਤੱਕ।

ਪੰਜੇ : ਹਾ, ਹਾ, ਹਾ, ਹਾ, ਡਿਵੀਜ਼ਨ?

ਹਰਮੇਸ਼ : ਫਸਟ!

ਪੰਜੇ : ਫਸਟ? ਹਾ, ਹਾ, ਹਾ, ਹਾ, ਹਾ।

ਹਰਮੇਸ਼ : (ਨਾਲ ਹੱਸਦਾ ਹੈ) ਹੀ, ਹੀ, ਹੀ, ਹੀ,

[ਪੰਜੇ ਹੈਰਾਨ ਹੋ ਕੇ ਰੁਕਦੇ ਹਨ]

1 : ਹੱਸਦਾ ਕਿਉਂ ਹੈਂ ਖੋਤੇ।

2 : ਦੰਦ ਕੱਢ ਕੱਢ ਕੇ ਨਾਲਾਇਕ।

3 : ਕਿਹੋ ਜਿਹਾ ਜਾਹਿਲ ਹੈਂ ਤੂੰ, ਪਾਜੀ।

4 : ਅਕਲ ਨਹੀਂ ਹੈ ਤੈਨੂੰ, ਮੂਰਖ।

5 : ਚਲੇ ਆਉਂਦੇ ਨੇ ਮੂੰਹ ਚੁੱਕ ਕੇ, ਬਦਮਾਸ਼।

[ਆਪਣੀਆਂ ਆਪਣੀਆਂ ਥਾਵਾਂ ਤੇ ਪਰਤਦੇ ਹਨ]

1 : ਹੂੰ, ਤਾਂ ਤੂੰ ਸਾਹਿਤ ਪੜ੍ਹਿਆ ਹੈ। ਤਾਂ ਇਹ ਦੱਸ ਕਿ ਗੁਲਸ਼ਨ ਨੰਦਾ ਜੀ ਦਾ ਪਹਿਲਾ ਨਾਵਲ ਕਿਹੜਾ ਹੈ ਤੇ ਇਹ ਕਿਹੜੇ ਸਾਲ ਪ੍ਰਕਾਸ਼ਿਤ ਹੋਇਆ ਸੀ ?

ਹਰਮੇਸ਼ : ਪਰ ਗੁਲਸ਼ਨ ਨੰਦਾ ਦਾ ਤਾਂ ਸਾਹਿਤ ਨੂੰ ਕੋਈ ਯੋਗਦਾਨ ਹੀ ਨਹੀਂ ਹੈ।

ਪਜੇ : ਕੀ ਕਿਹਾ, ਕੋਈ ਯੋਗਦਾਨ ਹੀ ਨਹੀਂ ਹੈ ?

2 : ਉਇ ਗੁਲਸ਼ਨ ਨੰਦਾ ਜੀ ਤੋਂ ਇਲਾਵਾ ਹੋਰ ਅਜਿਹਾ ਕਿਹੜਾ ਨਾਵਲ-ਹੈ, ਜਿਸਦੇ ਹਰ ਨਾਵਲ ਤੇ ਫਿਲਮ ਬਣੀ ਹੋਵੇ।

3 : ਤੇ ਜਿਸਦੀ ਹਰ ਫਿਲਮ ਘੱਟੋ-ਘੱਟ ਸਿਲਵਰ ਜੁਬਲੀ ਹੋਵੇ ਹਿੱਟ।

4 : ਤੇ ਜਿਸਦੇ ਗੀਤ ਲਿਖੇ ਹੋਣ ਮਹਾਂ ਕਵੀ ਆਨੰਦ ਬਖਸ਼ੀ ਜੀ ਨੇ ਤੇ ਸੰਗੀਤ ਨਾਲ ਸੰਵਾਰਿਆ ਹੋਵੇ ਪੰਡਿਤ ਰਾਹੁਲ ਦੇਵ ਬਰਮਨ ਜੀ ਮਹਾਰਾਜ ਨੇ ?

5 : ਤੇ ਦੇਸ਼ ਦੀ ਅਜਿਹੀ ਕਿਹੜੀ ਲਾਇਬਰੇਰੀ ਹੈ, ਜਿਸ ਵਿਚ ਸ੍ਰੀ ਸ੍ਰੀ ਗੁਲਸ਼ਨ ਨੰਦਾ ਜੀ ਦੀਆਂ ਰਚਨਾਵਾਂ ਉਪਲਭਧ ਨਾ ਹੋਣ ? ਤੈਨੂੰ ਪਤੈ ਮੇਰੀ ਮਿਸੇਜ਼ ਲਈ ਤਾਂ ਗੁਲਸ਼ਨ ਨੰਦਾ ਦੇ ਨਾਵਲ ਮੇਰੇ ਨਾਲੋਂ ਵੀ ਵੱਧ ਜ਼ਰੂਰੀ ਨੇ।

ਪੰਜੇ : ਤੇ ਤੂੰ ਕਹਿਨਾਂ ਏਂ ਕਿ ਉਸਦਾ ਕੋਈ ਯੋਗਦਾਨ ਹੀ ਨਹੀਂ ?

ਹਰਮੇਸ਼ : ਪਰ ਜਨਾਬ ਮੈਨੂੰ ਤਾਂ ਇਹੀ ਪੜ੍ਹਾਇਆ ਗਿਆ ਹੈ ਕਿ ਭਾਰਤੀ ਸਾਹਿਤ ਨੂੰ ਰਾਬਿੰਦਰ ਨਾਥ ਟੈਗੋਰ, ਮੁਨਸ਼ੀ ਪ੍ਰੇਮ ਚੰਦ, ਯਸ਼ਪਾਲ, ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ—

1 : ਉਇ ਕੀ ਪ੍ਰੀਤਮ ਪ੍ਰੀਤਮ ਲਾ ਰੱਖੀ ਹੈ—ਜਦੋਂ ਤੈਨੂੰ ਸਾਹਿਤ ਬਾਰੇ ਕੁਝ ਪਤਾ ਹੀ ਨਹੀਂ ਤਾਂ ਤੂੰ ਆਪਣੀ ਟੰਗ ਕਿਉਂ ਅੜਾ ਰਿਹਾ ਏਂ ? ਨਾ ਕੀ ਵਿਸ਼ਾ ਸੀ ਭਲਾ ਤੇਰਾ ?

ਹਰਮੇਸ਼ : ਜੀ ਫਿਲਾਸਫੀ।

2 : ਫਿਲਾਸਫੀ ? ਯਾਨੀ ਦਰਸ਼ਨ ਸ਼ਾਸ਼ਤਰ ? ਗੁਡ ਵੈਰੀ ਗੁਡ !

3 : ਅੱਛਾ ਤਾਂ ਇਹ ਦੱਸ ਕਿ ਸਾਈਂ ਬਾਬਾ ਤੇ ਆਚਾਰੀਆ ਸ੍ਰੀ ਰਜਨੀਸ਼ ਦੀ ਫਿਲਾਸਫੀ ਵਿਚੋਂ ਤੈਨੂੰ ਕਿਸਦੀ ਫਿਲਾਸਫੀ ਵਧੇਰੇ ਪਸੰਦ ਹੈ ?

4 : ਤੇ ਕਿਉਂ ਪਸੰਦ ਹੈ ? ਪ੍ਰਸੰਗ ਸਹਿਤ ਵਿਆਖਿਆ ਕਰੋ, ਵਿਦ ਪ੍ਰੋਪਰ ਰੈਫਰੇਂਸ ਟੂ ਦੀ ਕੌਂਟੈਸਟ। (ਸਮਾਂ ਡੇਢ ਮਿੰਟ)

5 : ਭਗਵਾਨ ਸ੍ਰੀ ਰਜਨੀਸ਼ ਨੂੰ ਪੜ੍ਹਿਆ ਵੀ ਹੈ ?

ਹਰਮੇਸ਼ : ਜੀ...ਜੀ...ਜੀ

ਪੰਜੇ : ਤਾਂ ਦੱਸ—ਫਟਾਫਟ—

1 : ਖੈਰ ਗੋਲੀ ਮਾਰੋ—ਇਹ ਦੱਸ ਕਿ ਐਲਬੇਅਰ ਕਾਮੂ ਅਤੇ ਰਜਨੀਸ਼ ਦੇ ਦਾਰਸ਼ਨਿਕ ਮੱਤਭੇਦਾਂ ਦੇ ਬਾਰੇ ਸਰ ਰਿਚਰਡ ਐਟਨ ਬਰਾ ਦੇ ਕੀ

ਪ੍ਰਤੀਕੋਰਸ : ਪੁੱਤਰ, ਤੂੰ ਵੱਡਾ ਹੋ ਕੇ ਕੀ ਬਣੇਗਾ।

ਹਰਮੇਸ਼ : ਮੰਮੀ ਮੈਂ ਤਾਂ ਸਿੱਖੂੰਗਾਂ ਮੋਟਰ ਚਲਾਣਾ।

ਪ੍ਰਤੀਕੋਰਸ : ਹਾ-ਹਾ-ਹਾ-ਹਾ।

[ਪੰਜੇ ਗਾਉਂਦੇ ਹਨ]

ਸਾਰੇ : ਓ, ਮੰਮੀ ਮੈਂ ਤਾਂ ਸਿੱਖੂੰਗਾਂ, ਮੋਟਰ ਚਲਾਣਾ। ਮੈਂ ਸਾਈਕਲ ਨਹੀਓਂ ਲੈਣੀ। ਮੈਂ ਰਿਕਸ਼ਾ ਨਹੀਓਂ ਲੈਣੀ, ਓ ਮੈਨੂੰ...

1 : ਪੋਂ-ਪੋਂ-ਪੋਂ।

ਪੰਜੇ : ਮੋਟਰ ਡਰਾਈਵਰ ਬਨਾਉਣਾ। ਮੰਮੀ ਮੈਂ ਤਾਂ ਸਿੱਖੂੰਗਾ ਭਾਸ਼ਣ ਸੁਨਾਉਣਾ। ਸੇਵਾ ਨਹੀਂ ਕਰਨੀ, ਮੈਂ ਐਸ਼ ਹੈਗੀ ਕਰਨੀ। ਓ ਮੈਨੂੰ...

2 : ਭਾਈਓ ਔਰ ਬਹਿਨੋ (ਹਮਨੇ ਦੇਖਨਾ ਹੈ)

ਪੰਜੇ : ਭਾਰਤ ਦਾ ਨੇਤਾ ਬਨਾਉਣਾ। ਹੋ ਮੰਮੀ ਮੈਂ ਤਾਂ ਸਿੱਖੂੰਗਾ ਗੋਲੀ ਚਲਾਉਣਾ। ਗਾਂਧੀ ਨਹੀਓਂ ਬਨਣਾ, ਸਿਪਾਹੀ ਨਹੀਂ ਬਨਣਾ। ਹੋ ਮੈਨੂੰ...

3 : ਢਿਸ਼ੂ...

ਪੰਜੇ : ਸ਼ੋਲੇ ਦਾ ਗੱਬਰ ਬਨਾਉਣਾ। ਹੋ ਮੰਮੀ ਮੈਂ ਤਾਂ ਸਿੱਖੂੰਗਾ ਗੋਲੀ ਚਲਾਉਣਾ।

ਹਰਮੇਸ਼ : (ਇਕੱਲਾ) ਮੰਮੀ ਮੈਂ ਤਾਂ ਸਿੱਖੂੰਗਾ...(ਗਾਣਾ ਬੰਦ ਕਰਕੇ) ਇਹ ਸੁਪਨਾ ਤੁਹਾਡਾ ਹੀ ਸੀ ਨਾ। ਮੋਟਰ ਡਰਾਈਵਰ ਤੋਂ ਲੈ ਕੇ ਭਾਰਤ ਦਾ ਪ੍ਰਧਾਨ ਮੰਤਰੀ ਬਨਣ ਤੱਕ ਸਾਰੇ ਸੁਪਨੇ ਮੇਰੇ ਜ਼ਿਹਨ ਵਿਚ ਇਥੋਂ ਹੀ ਬੀਜੇ ਗਏ। ਪਰ ਇਨ੍ਹਾਂ ਮੇਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਸ਼ਾਇਦ ਸਕੂਲ ਦੀ ਪੜ੍ਹਾਈ ਕਾਫੀ ਨਹੀਂ ਸੀ। ਉਂਝ ਮੰਤਰੀ ਤਾਂ ਸ਼ਾਇਦ ਮੈਂ ਸਕੂਲ ਦੀ ਸਿਖਿਆ ਲਏ ਬਗੈਰ ਵੀ ਬਣ ਜਾਂਦਾ—ਪਰ ਮੋਟਰ ਡਰਾਈਵਰ ਜਾਂ ਕਲਰਕ ਬਨਣ ਦੇ ਲਈ ਹੋਰ ਪੜ੍ਹਾਈ ਦੀ ਲੋੜ ਵੀ ਸੀ ਤੇ ਇਸ ਲੋੜ ਨੂੰ ਪੂਰਾ ਕਰਨ ਲਈ ਮੈਨੂੰ ਕਾਲਿਜ ਜਾਣਾ ਪਿਆ।

[ਪੰਜੇ ਦਾਨਵ ਇਕ ਇਕ ਕਰਕੇ ਪ੍ਰਾਧਿਆਪਕਾਂ ਦੇ ਰੂਪ ਵਿਚ ਪ੍ਰਵੇਸ਼ ਕਰਦੇ ਹਨ]

1 : (ਪੜ੍ਹਦੇ ਹੋਏ) ਕਵੀ (ਇਸ ਕਵਿਤਾ ਵਿਚ) ਕਹਿੰਦਾ ਹੈ ਕਿ ਉਛਲ ਉਛਲ ਕੇ ਵਹਿੰਦਾ ਪਾਣੀ ਤੇ ਨਿਚੁੜ ਨਿਚੁੜ ਕੇ ਰਹਿੰਦਾ ਪ੍ਰਾਣੀ, ਅਰਥਾਤ ਜਲ ਦੀ ਧਾਰ ਤੇ ਮਨੁੱਖ ਦੇ ਸਭਿਆਚਾਰ, ਦੋਹਾਂ ਵਿਚ ਪਰਸਪਰ ਡੂੰਘਾ ਸੰਬੰਧ ਹੈ। ਇਸ ਵਿਸ਼ੇ ਤੇ ਬਹੁ-ਚਰਚਿਤ ਵਿਗਿਆਨਕ ਡਾ. ਸੀ. ਬੀ. ਰਮਨ ਦਾ ਕਹਿਣਾ ਹੈ ਕਿ...

2 : (ਪੜ੍ਹਾਂਦੇ ਹੋਏ) ਦ ਇੰਡੀਅਨ ਕਾਂਸਟੀਟਿਊਸ਼ਨ, ਦ ਹੋਲੀ ਬੁੱਕ, ਕਨਕਰਸ

ਰਾਈਟਸ, ਲੇਜ਼ ਡਾਊਨ ਡਾਈਰੇਕਟਿਵੱਸ ਫਾਰ ਏ ਫੈਡਰਲ ਸੈੱਟ ਅੱਪ ਮਲਟੀ ਪਾਰਟੀ ਸਿਸਟਮ ਫਾਰ ਮਿਲੀਅੰਜ਼ ਆਫ ਹੇਟਰੋਜਿਨਸ ਮਾਸਿਸ ਅੰਡਰ ਦਾ ਕਵਰ ਆਫ ਸੇਕਿਯੂਰਿਜ਼ਮ ਸੋਸ਼ਲਿਜ਼ਮ ਐਂਡ ਡੈਮੋਕਰੇਸੀ.

3 : (ਪੜ੍ਹਾਂਦੇ ਹੋਏ) ਯਹੀ ਕਾਰਣ ਹੈ ਕਿ ਛੱਤਰਪਤੀ ਸ਼ਿਵਾ ਜੀ ਮਹਾਰਾਜ ਔਰ ਔਰੰਗਜ਼ੇਬ ਕੀ ਆਖੋਂ ਮੇਂ ਆਂਖੇ ਡਾਲ ਕਰ ਕਹਿ ਉਠੇ ਕਿ ਹੇ ਮੁਗਲ ਸਮਰਾਟ, ਤੂੰ ਔਰ ਤੇਰਾ ਧਰਮ ਦੋਨੋਂ ਹੀ ਹਮ ਭਾਰਤ ਮਾਂ ਕੇ ਵੀਰ ਸਪੂਤੋਂ ਕੋ ਕਿਚਿੰਤ ਭੀ ਸਵੀਕਾਰ ਨਹੀਂ।

4 : (ਪੜ੍ਹਾਂਦੇ ਹੋਏ) ਹਿਅਰ ਦਿਅਰ ਇਨ ਨੋ ਲਾਈਟ ਬਟ ਵਹਾਟ ਫਰਾਮ ਦ ਹੈਵੱਨ ਇਜ਼ ਵਿਦ ਦ ਬਰੀਜਿਜ਼ ਬਲੋਨ ਵਹਾਟ ਫਲਾਵਰਸ ਆਰ ਔਰ ਮਾਈ ਫੀਟ ਆਈ ਕੈਨ ਨਾਟ ਸੀ। ਇਟ ਇਜ਼ ਹਿਅਰ ਦੈਟ ਦਾ ਰਿਚ ਐਂਡ ਸੈਂਸੂਅਸ ਪਰਸ਼ੇਪਸ਼ਨਜ਼ ਆਫ ਐਟ ਅਰਲੀ ਰੋਮੈਂਟਿਸ਼ਿਜ਼ਮ ਇਜ਼ ਮੋਸਟ ਕਿਲੀਅਰਲੀ ਚੇਂਜ਼ੇਬਲ।

੨ : (ਪੜ੍ਹਾਂਦੇ ਹੋਏ) ਇਹ ਸੰਸਾਰ ਅਨੰਤ ਅਤੇ ਅਸੀਮ ਹੈ। ਇਸ ਵਿਚ ਰਹਸਯ ਗਹਨ ਅਤੇ ਗੰਭੀਰ ਹੈ। ਇਸ ਨੂੰ ਨਾ ਹੀ ਕੋਈ ਸਮਝਿਆ ਹੈ ਤੇ ਨਾ ਹੀ ਕੋਈ ਸਮਝ ਸਕੇਗਾ।

[ਪੰਜੇ ਫ੍ਰੀਜ਼ ਹੁੰਦੇ ਹਨ]

ਹਰਮੇਸ਼ : ਇਹ ਜੋ ਮੈਨੂੰ ਪੜ੍ਹਾਇਆ ਜਾ ਰਿਹਾ ਹੈ, ਮੇਰੇ ਕਿਸ ਕੰਮ ਆਏਗਾ ? ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕਿਉਂ ਕੁਝ ਲੋਕ ਬਿਨਾ ਕਲਾਸ ਵਿਚ ਆਏ, ਬਿਨਾ ਪੜ੍ਹੇ ਹੀ ਪਾਸ ਹੋ ਜਾਂਦੇ ਨੇ—ਤੇ ਕਿਉਂ ਓਵਰ ਟਾਇਮ ਲਾਉਣ ਦੇ ਬਾਵਜੂਦ ਵੀ ਮੇਰੇ ਪਿਤਾ ਜੀ ਮੇਰੀ ਫੀਸ ਤੇ ਕਿਤਾਬਾਂ ਲਈ ਪੈਸਾ ਨਹੀਂ ਦੇ ਸਕਦੇ ?

[ਪੰਜੇ, ਲਾਈਬਰੇਰੀਅਨ, ਹੈਡ, ਡੀਨ, ਪ੍ਰਿੰਸੀਪਲ ਅਤੇ ਵਾਈਸ ਚਾਂਸਲਰ ਬਣਕੇ ਆਉਂਦੇ ਹਨ]

1 : ਪ੍ਰਿੰਸੀਪਲ ਸਾਹਿਬ, ਇਸ ਵਾਰ ਤਾਂ ਯੂ. ਜੀ. ਸੀ. ਨੇ ਲਾਈਬਰੇਰੀਆਂ ਲਈ ਗਰਾਂਟ ਕਾਫੀ ਵਧਾ ਦਿੱਤੀ ਹੈ। ਹੁਣ ਤਾਂ ਤੁਹਾਡੀਆਂ ਕਿਤਾਬਾਂ...

ਹਰਮੇਸ਼ : ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕਦੋਂ ਤਕ ਚੱਲੇਗੀ ਇਹ ਹੇਰਾ-ਫੇਰੀ ? ਲਾਇਬਰੇਰੀਅਨ ਸਾਹਿਬ, ਇਥੇ ਕੋਰਸ ਦੀਆਂ ਕਿਤਾਬਾਂ ਵਿਚੋਂ ਇਕ ਵੀ ਕਿਤਾਬ ਨਹੀਂ ਹੈ।

1 : ਲਾਇਬਰੇਰੀ ਤੁਹਾਡੇ ਪਿਓ ਦੀ ਨਹੀਂ। ਜਿਸਨੂੰ ਚਾਹੀਦੀ ਹੈ ਉਹ ਚੱਕਰ ਲਗਾਏ, ਨਹੀਂ ਤਾਂ ਜਾ ਕੇ ਬਜ਼ਾਰੋਂ ਖ਼ਰੀਦ ਲਿਆਏ।

ਹਰਮੇਸ਼ : ਜੇ ਇੰਨੀਆਂ ਕਿਤਾਬਾਂ ਮੈਂ ਹੀ ਖਰੀਦਣੀਆਂ ਹਨ ਤਾਂ ਫੇਰ ਇਹ ਲਾਇਬਰੇਰੀ ਕਿਸ ਲਈ ਹੈ ? ਇੰਨਾ-ਇੰਨਾ ਚੰਦਾ ਲੈਂਦੇ ਹੋ ਤੁਸੀਂ ਲਾਇਬਰੇਰੀ ਲਈ। ਪ੍ਰਿੰਸੀਪਲ ਸਾਹਿਬ, ਤੁਸੀਂ ਕੁਝ ਕਰੋ...

2 : ਪੁੱਤਰ ਇਹ ਕਾਲਿਜ ਹੈ, ਭੂ-ਦਾਨ ਅੰਦੋਲਨ ਨਹੀਂ, ਤੇ ਫਿਰ ਤੇਰੀਆਂ ਆਰਥਿਕ ਸਮੱਸਿਆਵਾਂ ਲਈ ਅਸੀਂ ਜ਼ਿੰਮੇਵਾਰ ਨਹੀਂ—ਇਹ ਤਾਂ ਤੇਰਾ ਫਰਜ਼ ਹੈ...

ਹਰਮੇਸ਼ : ਆਰਥਿਕ ਸਮੱਸਿਆਵਾਂ ਕੀ ਮੇਰੀਆਂ ਪੈਦਾ ਕੀਤੀਆਂ ਹੋਈਆਂ ਨੇ ? ਮੈਂ ਤਾਂ ਸਿਰਫ ਪੜ੍ਹਨਾ ਚਾਹੁੰਦਾ ਹਾਂ, ਤੇ ਪੜ੍ਹਨ ਲਈ ਮੈਨੂੰ ਕਿਤਾਬਾਂ ਚਾਹੀਦੀਆਂ ਨੇ। ਕੀ ਤੁਸੀਂ ਮੇਰੀ ਕੁਝ ਮਦਦ ਨਹੀਂ ਕਰੋਗੇ—? ਤੁਸੀਂ ਤਾਂ ਡਿਪਾਰਟਮੈਂਟ ਦੇ ਹੈਡ ਹੋ...

3 : ਨੋ ਡਾਊਟ। ਯੂ ਆਰ ਅ ਬ੍ਰਿਲੀਐਂਟ ਸਟੂਡੈਂਟ ਪਰ—ਨੋਟਸ ਬਣਾਨ ਲਈ ਕਿਤਾਬਾਂ ਦਾ ਜੁਗਾੜ ਕਰਨ ਦਾ ਫਰਜ਼ ਤਾਂ ਤੇਰਾ ਹੈ, ਅਧਿਆਪਕਾਂ ਦਾ ਨਹੀਂ।

ਹਰਮੇਸ਼ : ਫਰਜ਼, ਫਰਜ਼, ਫਰਜ਼ ! ਕੀ ਇਸ ਦੁਨੀਆਂ ਦਾ ਕੋਈ ਕੋਨਾ ਅਜਿਹਾ ਹੈ ਜਿਥੇ ਇਸ ਸ਼ਬਦ ਤੋਂ ਛੁਟਕਾਰਾ ਮਿਲ ਸਕੇ ? ਕਿਤਾਬਾਂ ਖਰੀਦਣ ਦਾ ਫਰਜ਼, ਨੋਟਸ ਬਨਾਣ ਦਾ ਫਰਜ਼, ਅਨੁਸ਼ਾਸਨ ਬਣਾਈ ਰੱਖਣ ਦਾ ਫ਼ਰਜ਼, ਹਰ-ਰੋਜ਼ ਵੀਹ ਵੀਹ ਮੀਲ ਤੋਂ ਬਸਾਂ ਵਿਚ ਧੱਕੇ ਖਾ-ਖਾ ਕੇ ਸਮੇਂ ਸਿਰ ਕਾਲਜ ਪਹੁੰਚਣ ਦਾ ਫਰਜ਼...

4 : ਕਾਕਾ ਜੇ ਤੇਰਾ ਘਰ ਦੂਰ ਹੈ ਤਾਂ ਨੇੜੇ ਮਕਾਨ ਲੈ ਕੇ ਰਹੋ।

ਹਰਮੇਸ਼ : ਬਹੁਤ ਖ਼ੂਬ ਡੀਨ ਸਾਹਿਬ। ਜਿਸ ਕੋਲ ਆਪਣੇ ਘਰ ਦਾ ਕਿਰਾਇਆ ਦੇਣ ਜੋਗੇ ਪੈਸੇ ਨਾ ਹੋਣ, ਤੁਸੀਂ ਉਸ ਤੋਂ ਇਹ ਉਮੀਦ ਰੱਖਦੇ ਹੋ ਕਿ ਉਹ ਆਪਣੇ ਪੁੱਤ ਨੂੰ ਇਕ ਹੋਰ ਮਕਾਨ ਕਿਰਾਏ ਤੇ ਰਹਿਣ ਲਈ ਲੈ ਕੇ ਦੇਵੇ। ਬਹੁਤ ਖ਼ੂਬ। ਪਰ ਤੁਸੀਂ ਹੋਸਟਲ ਕਿਉਂ ਨਹੀਂ ਬਣਾਉਂਦੇ।

4 : ਯੂਨੀਵਰਸਿਟੀ ਹੋਸਟਲ ਦੀ ਗਰੰਟੀ ਨਹੀਂ ਲੈ ਸਕਦੀ।

ਹਰਮੇਸ਼ : ਕਿਉਂ ਨਹੀਂ ਲੈ ਸਕਦੀ। ਉਸਨੂੰ ਲੈਣੀ ਚਾਹੀਦੀ ਹੈ। ਉਸਨੂੰ ਲੈਣੀ ਪਵੇਗੀ।

5 : ਸ਼ਾਂਤੀ ! ਸ਼ਾਂਤੀ ! ਸਾਂਤੀ ! ਉਤੇਜਿਤ ਨਾ ਹੋ ਪੁੱਤਰ। ਤੂੰ ਆਪਣੀਆਂ ਸਮੱਸਿਆਵਾਂ ਲੈ ਕੇ ਕਦੇ ਮੇਰੇ ਕੋਲ ਨਹੀਂ ਆਇਆ। ਪੁੱਤਰ, ਮੈਂ ਤੇਰੇ ਪਿਤਾ ਜੀ ਵਰਗਾ ਹਾਂ, ਯੂਨੀਵਰਸਿਟੀ ਦਾ ਵਾਈਸ ਚਾਂਸਲਰ ਹਾਂ, ਕਾਸ਼ ਤੂੰ ਮੇਰੇ ਉਪਰ ਵਿਸ਼ਵਾਸ ਕਰਦਾ, ਯੂਨੀਅਨ ਦੇ ਬਹਿਕਾਵੇ ਵਿਚ ਆ ਕੇ ਮੇਰੇ ਖਿਲਾਫ ਨਾਅਰੇਬਾਜ਼ੀ ਨਾ ਕਰਦਾ ਤਾਂ ਤੂੰ ਵੇਖਦਾ ਕਿ ਮੈਂ ਤੇਰੇ ਜਹੇ ਹੋਣਹਾਰ ਵਿਦਿਆਰਥੀਆਂ ਲਈ ਕਈ ਕੁਝ ਕਰ ਦਿੰਦਾ। ਹਰ ਹੱਦ ਤੋਂ ਗੁਜ਼ਰ ਜਾਂਦਾ, ਪਰ...

ਹਰਮੇਸ਼ : ਤੁਹਾਡੀ ਹੱਦ ਮੈਂ ਦੇਖੀ ਹੈ ਵਾਈਸ ਚਾਂਸਲਰ ਸਾਹਿਬ। ਜਦੋਂ ਐਜੂਕੇਸ਼ਨ ਮਿਨਿਸਟਰ ਦੇ ਭਤੀਜੇ ਨੂੰ ਸਕਾਲਰਸ਼ਿਪ ਦੇਣੀ ਸੀ ਤਾਂ ਤੁਸੀਂ ਯੂਨੀਵਰ-

ਸਿਟੀ ਦੇ ਸ਼ਾਰੇ ਨਿਯਮ ਕਾਨੂੰਨ ਛਿੱਕੇ ਟੰਗ ਦਿੱਤੇ । ਜਦੋਂ ਸੇਠ ਦੇ ਲੜਕੇ ਨੂੰ ਐਡਮਿਸ਼ਨ ਦੇਣੀ ਸੀ ਤਾਂ ਖ਼ੁਦ ਸਿਫ਼ਾਰਿਸ਼ ਕੀਤੀ ਸਿਲੈਕਸ਼ਨ ਕਮੇਟੀ ਨੂੰ । ਪਰ ਜਦੋਂ ਮੈਂ ਤੁਹਾਨੂੰ ਫੀਸ ਮਾਫ ਕਰ ਦੇਣ ਲਈ ਬੇਨਤੀ ਕੀਤੀ ਤਾਂ ਯੂ. ਜੀ. ਸੀ. ਦੇ ਆਰਡਰ ਦਾ ਚਿੱਠਾ ਕੱਢ ਕੇ ਮੇਰੇ ਹੱਥ ਤੇ ਰੱਖ ਦਿੱਤਾ । ਤੁਸੀਂ ਮੇਰੀ ਕਿਸ ਹੱਦ ਤਕ ਮਦਦ ਕਰਦੇ ਹੋ, ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ ।

1 : ਤੇਰਾ ਦਿਮਾਗ ਫਿਰ ਗਿਆ ਹੈ ।

2 : ਇਹ ਸੀਟ ਆਫ ਲਰਨਿੰਗ ਹੈ, ਕੋਈ ਡਿਬੇਟਿੰਗ ਹਾਲ ਨਹੀਂ ।

3 : ਤੂੰ ਜ਼ਰੂਰ ਪਾਲਿਟਿਕਸ ਵਿਚ ਪੈ ਗਿਆ ਹੈਂ ।

4 : ਵਿਦਿਆ ਮੰਦਰ ਨੂੰ ਤੂੰ ਰਾਜਨੀਤੀ ਦਾ ਅਖਾੜਾ ਬਣਾ ਦਿੱਤਾ ਹੈ ।

5 : ਅੱਗੇ ਵਧਣਾ ਹੈ ਤਾਂ ਪੁੱਤਰ ਯੂਨੀਵਰਸਿਟੀ ਦੇ ਕਾਇਦੇ ਕਾਨੂੰਨ ਦੀ ਇੱਜ਼ਤ ਕਰਨੀ ਪਵੇਗੀ ।

[ਪੰਜੇ ਇਹ ਦੁਹਰਾ ਕੇ ਬੈਠ ਜਾਂਦੇ ਹਨ]

ਹਰਮੇਸ਼ : ਕਾਇਦੇ ਕਾਨੂੰਨ ! ਇਹ ਸ਼ਬਦ ਹੀ ਕੁਝ ਐਸਾ ਹੈ ਕਿ ਇਸ ਨੂੰ ਸੁਣਦਿਆਂ ਦਿਮਾਗ ਬੋਝ ਹੇਠਾਂ ਆ ਜਾਂਦਾ ਹੈ, ਸੋਚਣ ਦੀ ਕ੍ਰਿਆ ਰੁਕ ਜਾਂਦੀ ਹੈ ਤੇ ਨਸਾਂ ਝਰਨਾਹਟ ਨਾਲ ਕੰਬ ਜਾਂਦੀਆਂ ਹਨ । ਦਿਲ ਵਿਚ ਇਕ ਅਜੀਬ ਜਿਹਾ ਡਰ ਬੈਠ ਜਾਂਦਾ ਹੈ । ਇਕ ਅਜਿਹਾ ਡਰ ਜੋ ਲਗਾਤਾਰ ਸਾਰੀ ਜ਼ਿੰਦਗੀ ਇਕ ਪਾਗਲ ਕੁੱਤੇ ਵਾਂਗ ਪਿੱਛਾ ਕਰਦਾ ਰਹਿੰਦਾ ਹੈ । ਪਤਾ ਨਹੀਂ ਕਦੋਂ ਉਹ ਦਿਨ ਆਉਣਾ ਹੈ, ਜਦੋਂ ਇਹ ਕਾਇਦੇ ਕਾਨੂੰਨ, ਨਵੇਂ ਬਣਨਗੇ ? ਪਰ ਉਦੋਂ ਤਕ ਤਾਂ ਸਿਰਫ ਇੰਤਜ਼ਾਰ ਕਰਨਾ ਹੈ, ਐਵੇਂ ਹੀ ਚੱਲਣਾ ਹੈ—ਘਿਸਟਣਾ ਹੈ ।

[ਪੰਜੇ ਪ੍ਰਧਾਨਾਧਿਆਪਕ ਬਣਕੇ ਪਰੀਖਿਆ ਲੈਂਦੇ ਹਨ]

ਪੰਜੇ : ਹਰਮੇਸ਼ ਸਿੰਘ ।

ਹਰਮੇਸ਼ : (ਹਰਬੜਾ ਕੇ) ਪ੍ਰੈਜ਼ੰਟ ਸਰ ।

1 : ਬ੍ਰਹਮਾਰਿਸ਼ੀ ਵਸ਼ਿਸ਼ਠ ਅਤੇ ਰਾਜਰਿਸ਼ੀ ਵਿਸ਼ਵਾਮਿਤ੍ਰ ਦੇ ਸੰਸਾਰਿਕ ਰਹੱਸਾਂ ਬਾਰੇ ਕੀ ਜਾਣਦੇ ਹੋ ?

[ਹਰਮੇਸ਼ ਦਾਇਰੇ ਵਿਚ ਦੌੜਨਾ ਸ਼ੁਰੂ ਕਰਦਾ ਹੈ । ਹਰ ਸਵਾਲ ਜਵਾਬ ਤੇ ਰਫ਼ਤਾਰ ਵਧਦੀ ਹੀ ਜਾ ਰਹੀ ਹੈ । ਇਮਤਿਹਾਨ ਪਾਸ ਕਰਨ ਦੀ ਰੇਸ ਜਾਰੀ ਹੈ]

ਹਰਮੇਸ਼ : ਇਕ ਪਾਸੇ ਅਧਿਆਤਮਿਕ ਸ਼ਕਤੀ ਦੀ ਲਾਲਸਾ, ਦੂਜੇ ਪਾਸੇ ਸੰਸਾਰਿਕ ਖਿੱਚਾਂ ਪ੍ਰਤੀ ਮੋਹ ।

2 : ਵਹਾਟ ਆਰ ਦ ਬੇਸਿਕ ਫੀਚਰਸ ਆਫ ਇੰਡੀਅਨ ਕਾਂਸਟੀਟਯੂਸ਼ਨ ?

ਵਿਚਾਰ ਨੇ ?

ਹਰਮੇਸ਼ : ਕਾਮੂ ਬਾਰੇ ਤਾਂ ਸਰ ਮੈਂ ਕੁਝ ਦੱਸ ਸਕਦਾਂ, ਪਰ ਭਗਵਾਨ ਰਜਨੀਸ਼ ਤੇ ਰਿਚਰਡ ..

ਪੰਜੇ : ਐਟਨਬਰਾ

ਹਰਮੇਸ਼ : ਹਾਂ ਇਹੀ । ਇਨ੍ਹਾਂ ਦੇ ਬਾਰੇ ਤਾਂ ਮੈਂ ਕੁਝ ਵੀ ਨਹੀਂ ਜਾਣਦਾ ।

5 : ਆਖ਼ਿਰ ਤੂੰ ਜਾਣਦਾ ਕੀ ਹੈਂ ?

ਪੰਜੇ : ਬੋਲੋ ਬੋਲੋ-ਜਵਾਬ ਦਿਓ-ਹਾਂ ਹਾਂ-ਜਾਣਦਾ ਹੀ ਕੀ ਹੈਂ ਤੂੰ ?

ਹਰਮੇਸ਼ : (ਨਿਰਾਸ਼ਾ ਵਿੱਚੋਂ ਨਿਕਲੇ ਗੁੱਸੇ ਨਾਲ ਤਿੰਨ ਵੱਲ ਵਧਦਾ ਹੈ) ਮੈਂ ਇਹ ਜਾਣਦਾ ਹਾਂ ਕਿ ਜਲ ਦੀ ਧਾਰ ਤੇ ਮਨੁੱਖ ਦੇ ਸਭਿਆਚਾਰ ਵਿਚ ਪਰਸਪਰ ਡੂੰਘਾ ਸੰਬੰਧ ਹੈ । (ਪਹਿਲੇ ਵੱਲ ਵੱਧਦਿਆਂ) ਆਈ ਨੋ ਇੰਡੀਅਨ ਕਾਂਸਟੀਟਯੂਸ਼ਨ ਗਾਰੰਟੀਜ਼ ਸਿਵਿਲ ਲਿਬਰਟੀਜ਼ । (ਚੌਥੇ ਨੂੰ) ਮੈਨੂੰ ਇਹ ਪਤਾ ਹੈ ਕਿ ਸ਼ਿਵਾ ਜੀ ਨੇ ਔਰੰਗਜ਼ੇਬ ਦੀ ਹਿੰਦੂ-ਵਿਰੋਧੀ ਨੀਤੀਆਂ ਦੇ ਖਿਲਾਫ਼ ਸੰਘਰਸ਼ ਕੀਤਾ ਹੈ । ਆਈ ਨੋ ਦ ਰਿਚ ਐਂਡ ਸੈਂਸੂਅਸ ਪਰਸੈਪਸ਼ਨ ਆਫ਼ ਐਨ ਅਰਲੀ ਰੋਮੈਂਟਿਸਿਜ਼ਮ ਇਜ਼ ਮੋਸਟ ਕਲੀਅਰਲੀ ਵਿਜ਼ੀਬਲ ਇਨ ਕੀਟ੍ਸ (ਸਾਰੇ ਪੰਜਵੇਂ ਵੱਲ ਨੱਠਦੇ ਹਨ । ਹਰਮੇਸ਼ ਪੰਜਵੇਂ ਵੱਲ ਵਧ ਰਿਹਾ ਹੈ) ਮੁਝੇ ਯੇ ਪਤਾ ਹੈ ਕਿ ਯਹ ਸੰਸਾਰ ਅਨੰਤ ਹੈ-ਅਸੀਮ ਹੈ ।

5 : (ਡਰਦੇ ਹੋਏ) ਲਗਦਾ ਹੈ-

ਚਾਰੇ : ਪਾਗਲ ਹੋ ਗਿਆ ਹੈ ।...(ਦੂਰ ਚਲੇ ਜਾਂਦੇ ਹਨ)

ਰਰਮੇਸ਼ : ਹਾਂ ਮੈਂ ਪਾਗਲ ਹੋ ਗਿਆ ਹਾਂ । ਆਖ਼ਿਰ ਤੁਸੀਂ ਮੈਨੂੰ ਪੁੱਠੇ-ਸਿੱਧੇ ਸਵਾਲ ਪੁੱਛਦੇ ਹੀ ਕਿਉਂ ਹੋ ? ਤੁਸੀਂ ਚਾਹੁੰਦੇ ਹੀ ਨਹੀਂ ਕਿ ਮੈਂ...

ਪੰਜ! : ਯੂ ਗੈਟ ਆਊਟ ਆਫ ਹੀਅਰ ! (ਬੈਠ ਜਾਂਦੇ ਹਨ)

ਹਤਮੇਸ਼ : ਯੈਸ ਆਈ ਸ਼ੱਲ ਗੈਟ ਆਊਟ, ਬੱਟ ਵੇਅਰ ? ਇਹ ਸੰਸਾਰ ਅਨੰਤ ਹੈ, ਅਸੀਮ ਹੈ-ਮੇਰੇ ਸਾਹਮਣੇ ਦੂਰ ਦੂਰ ਤੱਕ ਰੇਗਿਸਤਾਨ ਹੈ ਬੇਰੁਜ਼ਗਾਰੀ ਦਾ । ਮੈਨੂੰ ਦੱਸੋ ਕਦੋਂ ਦੂਰ ਹੋਏਗੀ ਇਹ ਬੇਰੁਜ਼ਗਾਰੀ ? ਕਿੱਥੋਂ ਮਿਲੇਗਾ ਮੈਨੂੰ ਰੁਜ਼ਗਾਰ ? ਮੈਂ ਕਿੱਥੇ ਜਾਵਾਂ ? ਹਰ ਰੋਜ਼ ਘਰੋਂ ਇਹੀ ਉਮੀਦ ਲੈ ਕੇ ਨਿਕਲਦਾ ਹਾਂ, ਕਿ ਅੱਜ ਜ਼ਰੂਰ ਅਪਾਇੰਟਮੈਂਟ ਲੈਟਰ ਲੈ ਕੇ ਘਰ ਮੁੜਾਂਗਾ, ਆਪਣੇ ਬੁੱਢੇ ਮਾਂ ਬਾਪ ਦੇ ਬੀਮਾਰ ਚਿਹਰੇ ਤੇ ਖੁਸ਼ੀ ਦੀ ਝਲਕ ਦੇਖ ਸਕੂੰਗਾ-ਪਰ ਪਰਤ ਜਾਂਦਾ ਹਾਂ ਘਰੇ ਰੋਜ਼, ਨਾਕਾਮਯਾਬੀ ਦੀ ਉਦਾਸੀ ਲੈ ਕੇ ।

ਕੋਰਸ : ਸੋਚ, ਉਦਾਸੀ, ਪ੍ਰੇਸ਼ਾਨੀ ਤੇ ਚਿੰਤਾਵਾਂ ਦੇ ਘੇਰੇ,
ਚਾਨਣ ਦੀ ਤਾਂ, ਇਕ ਵੀ ਛਿਟ ਨਾ, ਹਰ ਤਰਫ ਹਨੇਰੇ ।

ਹਰਮੇਸ਼ : ਮਿਹਨਤ ਨਾਲ ਪੜ੍ਹਾਈ ਕੀਤੀ । ਗੁਰੂਆਂ ਦਾ ਸਨਮਾਨ ਕੀਤਾ, ਈਮਾਨਦਾਰੀ

ਨਾਲ ਇਮਤਿਹਾਨ ਪਾਸ ਕੀਤਾ, ਰੋਜ਼ਗਾਰ ਦਫਤਰਾਂ ਵਿਚ ਨਾਮ ਲਿਖਾਇਆ। ਉਮੀਦਾਂ ਦੇ ਹਵਾਈ ਕਿਲ੍ਹੇ ਉਸਾਰੇ! ਇੰਤਜ਼ਾਰ ਕੀਤਾ-ਉਪਦੇਸ਼ ਸੁਣੇ, ਨਸੀਹਤਾਂ ਲਈਆਂ-ਸਰਕਾਰੀ ਗੈਰ-ਸਰਕਾਰੀ। ਬਸ ਇਹੀ ਕੁਝ ਹਾਸਿਲ ਸੀ ਜ਼ਿੰਦਗੀ ਦਾ।

ਕੋਰਸ : ਕੰਮ ਕਰੋਗੇ ਤਾਂ ਫਲ ਮਿਲੇਗਾ ਜਨਾਬ।

1 : ਪੜ੍ਹੋਗੇ ਲਿਖੋਗੇ ਬਣੋਗੇ ਨਵਾਬ।

2 : ਭਾਰਤ ਸਾਡਾ ਦੇਸ਼ ਪਿਆਰਾ।

3 : ਸ਼ਾਂਤੀ ਦਾ ਬੁਲੰਦ ਇਕ ਨਾਅਰਾ।

4 : ਹਰੀਜਨਾਂ ਨੂੰ ਹਰ ਇਕ ਹੀ ਅਧਿਕਾਰ ਹੈ।

5 : ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ।

1 : ਹਰ ਕਿਸੇ ਨੂੰ ਮਿਲੇ ਇਨਸਾਫ਼।

2 : ਦੋ ਤੋਂ ਬਾਦ ਕਰੋ ਮੁਆਫ਼।

3 : ਲੋਕਤੰਤਰ ਜ਼ਿੰਦਾਬਾਦ।

4 : ਰਘੁਕੁਲ ਰੀਤ ਸਦਾ ਚਲੀ ਆਈ।

5 : ਸਮਾਜਵਾਦ ਦੇ ਅਸੀਂ ਹਾਂ ਭਾਈ।

ਪੰਜੇ : ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ।
ਹਮ ਬੁਲਬੁਲੇ ਹੈਂ ਇਸਕੀ ਯੇ ਗੁਲਿਸਤਾਂ ਹਮਾਰਾ।

ਹਰਮੇਸ਼ : ਮੈਂ ਕਿੰਨੇ ਇੰਟਰਵਿਊ ਦਿੱਤੇ। ਹਰ ਵਾਰੀ ਮੈਥੋਂ ਅਜਿਹੇ ਸਵਾਲ ਪੁੱਛੇ ਗਏ ਜਿਨ੍ਹਾਂ ਦਾ ਮੇਰੀ ਪੜ੍ਹਾਈ ਨਾਲ ਕੋਈ ਸੰਬੰਧ ਨਹੀਂ ਸੀ।

ਪ੍ਰਤੀਕੋਰਸ : ਇਸਦਾ ਜ਼ਿੰਮੇਵਾਰ ਕੌਣ ਹੈ, ਇਹ ਨੌਜਵਾਨ, ਇਸਦਾ ਬਾਪ ਜਾਂ ਕੋਈ ਹੋਰ ?

ਹਰਮੇਸ਼ : ਹਰ ਵਾਰੀ ਨੌਕਰੀ ਕਿਸੇ ਸਿਫਾਰਿਸ਼ ਵਾਲੇ ਨੂੰ ਹੀ ਮਿਲੀ। ਹਰ ਵਾਰੀ ਮੈਂ ਖਾਲੀ ਹੱਥ ਹੀ ਮੁੜਿਆ।

ਪ੍ਰਤੀਕੋਰਸ : ਇਸ ਦਾ ਜ਼ਿੰਮੇਵਾਰ ਕੌਣ ਹੈ, ਇਹ ਨੌਜਵਾਨ, ਇਸਦਾ ਬਾਪ ਜਾਂ ਕੋਈ ਹੋਰ ?

ਹਰਮੇਸ਼ : ਮੇਰੇ ਸਾਰੇ ਸੁਪਨੇ ਟੁੱਟ ਚੁੱਕੇ ਨੇ। ਮੇਰੇ ਸਾਹਮਣੇ ਦੂਰ-ਦੂਰ ਤੱਕ ਸਿਰਫ ਹਨੇਰਾ ਹੈ। ਇਸਦਾ ਜ਼ਿੰਮੇਵਾਰ ਕੌਣ ਹੈ ?

ਪ੍ਰਤੀਕੋਰਸ : ਟੁੱਟੇ ਸੁਪਨਿਆਂ ਦਾ ਅੰਬਾਰ, ਕੌਣ ਹੈ ਇਸਦਾ ਜ਼ਿੰਮੇਵਾਰ ?
ਕਿਉਂ ਹੈ ਸਿਰਫ ਇਸ ਦੇ ਹਿੱਸੇ ਲੜਨਾ ਸੜਕ ਨਾਲ ਹਰ ਵਾਰ ?

ਹਰਮੇਸ਼ : (ਚੀਖ ਕੇ) ਕੌਣ ਹੈ ਇਸਦਾ ਜ਼ਿੰਮੇਵਾਰ ?

ਪ੍ਰਤੀਕੋਰਸ : ਕੌਣ ਹੈ ਇਸਦਾ ਜ਼ਿੰਮੇਵਾਰ ? ਕੌਣ ਹੈ ਇਸਦਾ ਜ਼ਿੰਮੇਵਾਰ ?

[ਅਨੁਵਾਦ : ਪਾਲੀ ਭੁਪਿੰਦਰ ਸਿੰਘ]

ਸੈਕੂਲਰ ਥੀਏਟਰ ਕੀ ਹੈ ?

ਸਫ਼ਦਰ ਹਾਸ਼ਮੀ

ਕੇ ਐਮ ਪਣੀਕਰ ਦੇ ਮਲਿਆਲੀ ਨਾਟਕ 'ਪਸ਼ੂ ਗਾਇਤਰੀ' ਦੀ ਮੇਵਾੜੀ ਪੇਸ਼ਕਾਰੀ ਦੀ ਬਹੁਤ ਸਾਰੀ ਸਮੀਖਿਆਤਮਕ ਪ੍ਰਸ਼ੰਸਾ ਹੋਈ। ਇਸਦਾ ਨਿਰਦੇਸ਼ਨ ਭਾਨੂੰ ਭਾਰਤੀ ਨੇ ਕੀਤਾ ਸੀ। ਪਹਿਲਾਂ ਤਾਂ ਇਹ ਪਾਨਾਜੀ ਵਿਖੇ ਹੋਏ ਪੱਛਮ ਜ਼ੋਨ ਦੇ ਸੰਗੀਤ ਨਾਟਕ ਅਕਾਡਮੀ ਦੇ ਮੇਲੇ ਵਿਚ ਖੇਡਿਆ ਗਿਆ ਤੇ ਫੇਰ ਦਿੱਲੀ ਵਿਖੇ ਹੋਏ ਕੌਮੀ ਮੇਲੇ ਵਿਚ। ਉਦੋਂ ਤੋਂ ਇਹ ਰਾਜਸਥਾਨ ਵਿਚ ਮੇਵਾੜ ਦੇ ਖੇਤਰ ਵਿਚ ਵੀ ਜਨ-ਜਾਤੀਆਂ ਦੇ ਵੱਡੇ ਸਮੂਹਾਂ ਦੇ ਸਾਹਮਣੇ ਖੇਡਿਆ ਜਾ ਰਿਹਾ ਹੈ। ਪਿੱਛੇ ਜੇਹੇ ਇਹ ਟਰੇਡ ਫੇਅਰ ਅਥਾਰਿਟੀ ਦੇ 'ਮੰਜ਼ਰ ਥੀਏਟਰ' ਵਿਚ ਵੀ ਖੇਡਿਆ ਗਿਆ।

ਭਾਨੂੰ ਭਾਰਤੀ ਨੇ ਇਸ ਨੂੰ ਉਦੇਪੁਰ ਦੇ ਦੁਆਲੇ ਦੀਆਂ ਐਰਾਵਲੀ ਪਹਾੜੀਆਂ ਵਿਚ ਰਹਿੰਦੇ ਭੀਲ ਕਬੀਲੇ ਦੇ ਲੋਕਾਂ ਨਾਲ ਖੇਡਿਆ। ਉਸ ਨੇ ਆਪਣੀ ਪੇਸ਼ਕਾਰੀ ਦਾ ਰੂਪ 'ਗਾਵਰੀ' ਵਿਚੋਂ ਲਿਤਾ ਹੈ ਜੋ ਕਿ ਭੀਲਾਂ ਦਾ ਸਮੂਦਾਇਕ ਥੀਏਟਰ ਹੈ। 'ਗਾਵਰੀ' ਰੱਖੜੀ ਤੋਂ ਇਕ ਦਿਨ ਬਾਅਦ ਵਿਚ ਸ਼ੁਰੂ ਹੋਣ ਵਾਲਾ ਵਾਢੀਆਂ ਤੋਂ ਪਹਿਲਾਂ ਦਾ ਇਕ ਕਰਮਕਾਂਡ ਹੈ। ਦੇਵੀ ਗਾਵਰੀ (ਅਰਾਵਤੀ) ਦੀ ਰਹੁ-ਰੀਤਾਂ ਮੁਤਾਬਿਕ ਪੂਜਾ ਤੋਂ ਬਾਅਦ ਕੁਝ ਨਾਟਕੀ ਪ੍ਰਸੰਗ ਪੇਸ਼ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਰੂਹਾਂ ਦੀਆਂ ਜੰਗਾਂ, ਹਾਰਾਂ, ਮੌਤਾਂ ਤੇ ਪੁਨਰ-ਉਥਾਨਾਂ ਦਾ ਵਰਣਨ ਚਾਲੀ ਦਿਨ ਚਲਦਾ ਹੈ। ਇਨ੍ਹਾਂ ਪੇਸ਼ਕਾਰੀਆਂ ਵਿਚ ਬਿਰਤਾਂਤਕ ਏਕਤਾ ਦੀ ਥਾਂ ਵਿਸ਼ੇਆਤਮਕ ਏਕਤਾ ਹੁੰਦੀ ਹੈ।

ਨਿਰਦੇਸ਼ਕ ਅਨੁਸਾਰ ਇਨ੍ਹਾਂ ਕਬਾਇਲੀ ਕਲਾਕਾਰਾਂ ਨੇ ਆਪਣੀ ਪਰੰਪਰਾਗਤ ਪੇਸ਼ਕਾਰੀ ਤੋਂ ਇਲਾਵਾ ਪਹਿਲੀ ਵਾਰ ਕੁਝ ਪੇਸ਼ ਕੀਤਾ। 'ਗਾਵਰੀ' ਨੇ ਹਮੇਸ਼ਾਂ ਹੀ ਭਾਰਤੀ ਨੂੰ ਕੀਲਿਆ ਹੈ ਅਤੇ ਉਹ ਇਸ ਵਿਚ ਅਸੀਮ ਸੰਭਾਵਨਾਵਾਂ ਵੇਖਦਾ ਹੈ, ਵਿਸ਼ੇਸ਼ ਕਰਕੇ ਉਸ ਦੀ ਸੰਗੀਤਾਤਮਕ ਸ਼ੈਲੀ ਕਾਰਨ। ਉਸਦਾ ਇਸ ਗੱਲ ਵਿਚ "ਪੂਰਾ ਭਰੋਸਾ ਹੈ ਕਿ ਕਿਸੇ ਵੀ ਵਿਸ਼ੇ ਨੂੰ ਭਾਵੇਂ ਕਿ ਉਹ ਕਿੰਨਾ ਵੀ ਆਧੁਨਿਕ ਕਿਉਂ ਨਾ ਹੋਵੇ, ਇਸ ਸ਼ੈਲੀ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ।" ਪਰ ਇਸ ਤਜਰਬੇ ਪਿੱਛੇ ਇਹ ਹੀ ਇਕ ਕਾਰਨ ਨਹੀਂ ਸੀ। ਉਹ ਨਾਲ ਦੀ ਨਾਲ ਇਕ ਅਜਿਹੀ "ਸੈਕੂਲਰ, ਕਲਾਤਮਕ ਪੇਸ਼ਕਾਰੀ ਤਿਆਰ ਕਰਨੀ ਚਾਹੁੰਦਾ ਸੀ ਜਿਹੜੀ ਕੱਟੜ ਧਾਰਮਿਕ ਵਿਸ਼ਵਾਸਾਂ ਤੇ ਰਹੁ-ਰੀਤਾਂ ਦੇ ਨੇਮਾਂ ਤੋਂ ਵੱਖਰੀ ਹੋਵੇ।"

ਨਾਟਕ ਦੀ ਕਹਾਣੀ ਇਸ ਪ੍ਰਕਾਰ ਹੈ : ਲੋਕਾਂ ਨੂੰ ਉਪਦੇਸ਼ ਦੇਣ ਵਾਲਾ ਬੰਦਾ ਜਿਹਦਾ ਨਾਂ ਜੰਤਰੀ ਹੈ ਉਸ ਖਜ਼ਾਨੇ ਉਤੇ ਲਾਲਚੀ ਹੋ ਜਾਂਦਾ ਹੈ ਜਿਸਦੀ ਰੱਖਿਆ ਪਵਿੱਤਰ ਸਰਪ ਕਰ ਰਹੇ ਹਨ। ਸਰਪ ਦੇਵਤਾ ਉਸਨੂੰ ਸੁਝਾ ਦੇਂਦਾ ਹੈ ਕਿ ਜੇ ਉਹ ਖਜ਼ਾਨਾ

ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਆਪਣੇ ਪੁੱਤਰ ਦੀ ਬਲੀ ਦੇ ਦੇਵੇ। ਜੰਤਰੀ ਆਪਣੇ ਪੁੱਤਰ ਨੂੰ ਜਾਦੂ ਕਰਕੇ ਬੰਨ੍ਹਦਾ ਹੈ ਤਾਂ ਕਿ ਉਹ ਆਪਣੇ ਆਪ ਨੂੰ ਇਕ ਗਾਂ ਮੰਨਣ ਲੱਗ ਪਵੇ। ਇਸ ਤੋਂ ਪਹਿਲਾਂ ਕਿ ਉਹ ਇਸ ਗਾਂ ਦੀ ਬਲੀ ਦੇਵੇ ਉਸ ਨੂੰ ਇਕ ਅਮੀਰ ਖਾਨਾਬਦੋਸ਼ ਜਿਸਦਾ ਨਾਂ ਝਮਾਤੀਆ ਹੈ ਆਪਣੀ ਸਾਰੀ ਦੌਲਤ ਦੇ ਬਦਲੇ ਖਰੀਦ ਲੈਂਦਾ ਹੈ। ਝਮਾ-ਤੀਆ ਉਸ ਗਾਂ ਵਿਚਲੇ ਮੁੰਡੇ ਨੂੰ ਦੇਖ ਲੈਂਦਾ ਹੈ ਤੇ ਸੋਚਦਾ ਹੈ ਕਿ ਉਹ ਉਸ ਨੂੰ ਉਹਦੇ ਭਰਮ ਵਿਚੋਂ ਕੱਢ ਕੇ ਪੁੱਤਰ ਦੇ ਤੌਰ ਤੇ ਅਪਣਾ ਲਵੇਗਾ। ਪਰ ਇਕ ਠੱਗ ਝਮਾਤੀਏ ਕੋਲੋਂ ਮੁੰਡੇ ਨੂੰ ਲੈ ਜਾਂਦਾ ਹੈ ਅਤੇ ਉਸ ਨੂੰ ਕਿਸਮਤਾਂ ਦੱਸਣ ਵਾਲੀ ਗਾਂ ਦੇ ਤੌਰ ਤੇ ਘੁਮਾਉਂਦਾ ਹੈ ਅਤੇ ਪੈਸੇ ਕਮਾਉਂਦਾ ਹੈ। ਝਮਾਤੀਆ ਠੱਗ ਨੂੰ ਲੱਭ ਲੈਂਦਾ ਹੈ ਤੇ ਮੰਡੇ ਨੂੰ ਵਾਪਿਸ ਲੈ ਲੈਂਦਾ ਹੈ। ਪਰ ਜਦੋਂ ਉਹ ਮੁੰਡੇ ਨੂੰ ਗਾਂ ਦੇ ਭਰਮ ਤੋਂ ਮੁਕਤ ਕਰਾਉਣ ਵਿਚ ਅਸਫ਼ਲ ਰਹਿੰਦਾ ਹੈ ਤਾਂ ਉਹ ਉਸ ਨੂੰ ਇਕ ਝਟਕਈ ਦੇ ਹਵਾਲੇ ਕਰ ਦੇਂਦਾ ਹੈ ਤਾਂ ਕਿ ਉਹ ਉਸ ਨੂੰ ਇਕ ਗਾਂ ਸਮਝ ਕੇ ਝਟਕਾ ਦੇਵੇ। ਝਟਕਈ ਦੀ ਧੀ ਨੂੰ ਇਕ ਸੁਪਨਾ ਆਉਂਦਾ ਹੈ ਜਿਸ ਵਿਚ ਉਹ 'ਗਊ-ਮੁੰਡੇ' ਨੂੰ ਸੱਪਾਂ ਦੀ ਬਾਦਸ਼ਾਹਤ ਤੋਂ ਆਈ ਇਕ ਪਵਿੱਤਰ ਰੂਹ ਦੇ ਰੂਪ ਵਿਚ ਦੇਖਦੀ ਹੈ। ਉਹ ਆਪਣੇ ਪਿਤਾ ਨੂੰ ਇਸ ਗੱਲ ਲਈ ਰਾਜ਼ੀ ਕਰ ਲੈਂਦੀ ਹੈ ਕਿ ਉਹ 'ਗਾਂ' ਨੂੰ ਦਾਨ ਦੇ ਤੌਰ ਤੇ ਕਿਸੇ ਸਾਧੂ ਦੇ ਹਵਾਲੇ ਕਰ ਦੇਵੇ। ਜਦੋਂ ਸੰਤ-ਜਨ ਉਸ ਨੂੰ ਲੈ ਕੇ ਜਾਂਦੇ ਹਨ ਤਾਂ ਫਿਰ ਉਹ ਕੁੜੀ ਮੁੰਡੇ ਦੇ ਅਸਲੀ ਰੂਪ ਨੂੰ ਦੇਖਦੀ ਹੈ। ਉਹ ਮੁੰਡੇ ਤੇ ਮੋਹਿਤ ਹੋ ਜਾਂਦੀ ਹੈ ਤੇ ਫਿਰ ਉਸ ਨੂੰ ਲੱਭਣ ਤੁਰ ਪੈਂਦੀ ਹੈ। ਜੰਤਰੀ ਤੇ ਝਮਾਤੀਆ ਵੀ ਮੁੰਡੇ ਨੂੰ ਲੱਭ ਰਹੇ ਹਨ। ਤਿੰਨੇ ਸਰਪ-ਦੇਸ਼ ਵਿਚ ਪੁੱਜਦੇ ਹਨ ਅਤੇ ਸਰਪ-ਦੇਵਤਾ ਨੂੰ ਮੁੰਡਾ ਵਾਪਸ ਕਰਨ ਲਈ ਬਿਨੈ ਕਰਦੇ ਹਨ। ਸਰਪ-ਦੇਵਤਾ ਉਨ੍ਹਾਂ ਨੂੰ ਕਹਿੰਦਾ ਹੈ ਕਿ ਉਹ ਉਸ ਦੇ ਦਵਾਲੇ ਨੱਚ ਰਹੇ ਸੱਪਾਂ ਵਿਚੋਂ ਆਪਣਾ ਚਹੇਤਾ ਲੱਭ ਲੈਣ। ਭਾਵੇਂ ਮੁੰਡਾ ਸੱਪਾਂ ਦੇ ਦਰਮਿਆਨ ਹੀ ਹੈ ਪਰ ਉਹ ਉਸ ਨੂੰ ਪਛਾਣ ਨਹੀਂ ਸਕਦੇ। ਕੋਰਸ ਦਾ ਇਕ ਗੀਤ ਆਉਂਦਾ ਹੈ ਜੋ ਕਿ ਨਾਸਵਾਨ ਪਦਾਰਥਾਂ ਅਤੇ ਦੁਨਿਆਵੀ ਮੋਹਾਂ ਬਾਰੇ ਗਿਆਨ ਦੇਂਦਾ ਹੈ ਤਾਂ ਕਿ 'ਸਮੱਸਤ ਵਿਚੋਂ ਇਕ ਅਤੇ ਇਕ ਵਿਚੋਂ ਸਮੱਸਤ' ਨੂੰ ਪਛਾਣਿਆ ਜਾ ਸਕੇ। ਜੰਤਰੀ, ਝਮਾਤੀਆ ਤੇ ਕੁੜੀ ਵੀ ਸੱਪਾਂ ਨਾਲ ਨੱਚਣ ਲੱਗ ਪੈਂਦੀ ਹੈ।

ਭਾਰਤੀ ਦੇ 'ਪਸ਼ੂ ਗਾਇਤਰੀ' ਵਿਚ ਸਭ ਤੋਂ ਪਹਿਲੀ ਗੱਲ ਜਿਸ ਨੇ ਮੈਨੂੰ ਟੁੰਬਿਆ, ਉਹ ਸੀ ਪੇਸ਼ਕਾਰੀ ਦੀ ਲੈਅ ਨੂੰ ਬੰਨ੍ਹਣ ਲਈ ਵਰਤਿਆ ਗਿਆ ਅਸਾਧਾਰਨ ਸੰਗੀਤ। ਪੇਸ਼ਕਾਰੀ ਨੂੰ ਇਸ ਭਾਂਤ ਸੰਗੀਤ ਨਾਲ ਗੱਠਿਆ ਗਿਆ ਕਿ ਇਹ ਇਕ ਬਹੁਤ ਮਹੱਤਵ-ਪੂਰਨ ਤੇ ਰੋਚਕ ਬਿਰਤਾਂਤਕ-ਜੁਗਤ ਪ੍ਰਤੀਤ ਹੋਈ। ਬਹੁਤ ਹੀ ਸਾਦੀਆਂ ਲੈਅ-ਬੁਣਤੀਆਂ ਦਾ ਪ੍ਰਯੋਗ ਨਾ ਸਿਰਫ ਇਸ ਲਈ ਕੀਤਾ ਗਿਆ ਕਿ ਵੱਖ-ਵੱਖ ਦ੍ਰਿਸ਼ਾਂ ਨੂੰ ਗੰਢਿਆ ਜਾ ਸਕੇ ਬਲਕਿ ਇਨ੍ਹਾਂ ਨਾਲ ਇਕ ਮਾਹੌਲ ਅਤੇ ਅੱਡ-ਅੱਡ ਮਿਜ਼ਾਜ਼ਾਂ ਦੀ ਉਸਾਰੀ ਵੀ ਹੋਈ। ਸੁਪਨੇ ਦਾ ਦ੍ਰਿਸ਼ ਇਕ ਦੇਸੀ ਪੇਸ਼ਕਾਰੀ ਦੀ ਸਾਦਗੀ ਨੂੰ ਬਚਾਉਂਦਿਆਂ ਵੀ ਇਕ ਉਤਮ ਥੀਏਟਰ ਇਸ ਲਈ ਬਣ ਗਿਆ ਕਿ ਥਾਲੀ ਰਾਹੀਂ ਸੱਪਾਂ ਦੇ ਪਹਿਲੇ ਨਰਿਤ ਦੀ ਯਾਦ ਬਹੁਤ ਹੀ ਸੁਝਾਉ ਪੂਰਵਕ ਸੰਜਮ ਨਾਲ ਕਰਵਾਈ ਗਈ।

ਪਰੰਤੂ ਕੁਝ ਥਾਵਾਂ ਤੇ ਰੋਚਕ ਲੈਅ ਅਤੇ ਸੰਗੀਤ ਦੀ ਕਲਪਨਾਸ਼ੀਲ ਵਰਤੋਂ ਤੋਂ ਇਲਾਵਾ ਸਮੁੱਚੇ ਤੌਰ ਤੇ ਪੇਸ਼ਕਾਰੀ ਇਕ ਕਰਮ-ਕਾਂਡ ਤੋਂ ਵਧ ਕੇ ਥੀਏਟਰ ਦੇ ਰੂਪ ਵਿਚ ਜਵਾਨ ਹੋਣ ਤੋਂ ਅਸਮਰਥ ਰਹੀ। ਇਸ ਤੱਥ ਦੇ ਬਾਵਜੂਦ ਕਿ ਕਹਾਣੀ ਵਿਚ ਬਹੁਤ ਨਾਟਕੀਅਤਾ ਹੈ ਅਤੇ ਕੁਝ ਕੁ ਅਭਿਨੇਤਾ ਬਹੁਤ ਨਾਟਕੀ ਸੂਝ ਵਾਲੇ ਹਨ, ਸਾਰੀ ਖੇਡ ਕਰਮਕਾਂਡੀ ਹੀ ਰਹੀ। ਟਕਰਾਵਾਂ ਵਿਚ ਤੇ ਵਿਆਕਤੀਗਤ ਪਾਤਰਾਂ ਦੀਆਂ ਦੁਬਿਧਾਵਾਂ ਵਿਚ ਬਹੁਤ ਉਪਰਾਪਨ ਸੀ। ਕਰਮਕਾਂਡਾਂ ਵਿਚ ਹਮੇਸ਼ਾਂ ਥੀਏਟਰੀ ਤੱਤ ਹੁੰਦੇ ਹਨ। ਵਿਸ਼ੇਸ਼ ਕਰਕੇ ਕਬਾਇਲੀ ਰਹੁਰੀਤਾਂ ਵਿਚ। ਕਬਾਇਲੀ ਹਰ ਚੀਜ਼ ਦਾ ਮਾਨਵੀਕਰਨ ਕਰਦਾ ਹੈ ਕਿਉਂਕਿ ਉਸ ਦੀ ਸਮਝ ਤੋਂ ਪਰੇਡੇ ਵਰਤਾਰ ਨੂੰ ਗ੍ਰਹਿਣ ਕਰਨ ਦਾ ਇਹ ਉਸ ਵਾਸਤੇ ਸਭ ਤੋਂ ਸੌਖਾ ਤਰੀਕਾ ਹੈ। ਬਹੁਤ ਵਾਰੀ ਅਸੀਂ ਥੀਏਟਰੀ ਕਰਮਕਾਂਡ ਨੂੰ ਹੀ ਥੀਏਟਰ ਸਮਝਣ ਦੀ ਗ਼ਲਤੀ ਕਰਦੇ ਹਾਂ। ਇਹ ਗ਼ਲਤ ਸੂਝ ਹੈ। ਥੀਏਟਰ ਉਦੋਂ ਹੀ ਥੀਏਟਰ ਬਣਦਾ ਹੈ ਜਦੋਂ ਉਹ ਆਪਣੇ ਆਪ ਨੂੰ ਕਰਮਕਾਂਡ ਤੋਂ ਮੁਕਤ ਕਰ ਲੈਣ ਦੇ ਸਮਰਥ ਹੁੰਦਾ ਹੈ। ਇਹ ਉਦੋਂ ਵਾਪਰਦਾ ਹੈ ਜਦੋਂ ਕਿ ਆਪਣੀ ਹੋਂਦ ਦੀ ਸਮੱਸਿਆ ਸਿਰਫ ਰਹੁਰੀਤ ਦੇ ਆਸਰੇ ਹੱਲ ਹੋਣ ਜੋਗੀ ਨਾ ਰਹੇ। ਭਾਵ ਉਦੋਂ ਜਦੋਂ ਕਰਮਕਾਂਡੀ ਚੇਤਨਾ ਸਮਾਜਕ ਵਿਕਾਸ ਦੇ ਫਲਸਰੂਪ ਵਿਅਰਥ ਹੋ ਜਾਵੇ। ਇਤਿਹਾਸਕ ਤੌਰ ਤੇ ਇਹ ਹੀ ਥੀਏਟਰ ਦੇ ਸੈਕੂਲਰ ਹੋਣ ਦੀ ਸ਼ੁਰੂਆਤ ਹੈ। ਆਪਣੇ ਆਪ ਨੂੰ ਕਰਮਕਾਂਡ ਤੋਂ ਮੁਕਤ ਕਰ ਲੈਣ ਪਿੱਛੋਂ ਵੀ ਥੀਏਟਰ ਨੂੰ ਇਕ ਲੰਮਾ ਸਮਾਂ ਇਸ ਗੱਲ ਲਈ ਸੰਘਰਸ਼ ਕਰਨਾ ਪੈਂਦਾ ਹੈ ਕਿ ਉਹ ਧਾਰਮਿਕ ਹਵਾਲਿਆਂ ਦੇ ਚੌਖਟੇ ਚੋਂ ਬਾਹਰ ਆਵੇ। ਸਮਾਜ ਵਿਚਲੀਆਂ ਧਰਮ-ਬਾਹਰੀਆਂ ਤਾਕਤਾਂ ਦੀ ਮਜ਼ਬੂਤੀ ਇਸ ਸੰਘਰਸ਼ ਵਿਚ ਉਸ ਦੀ ਮਦਦ ਕਰਦੀ ਹੈ।

ਅੱਜ ਅਸੀਂ ਭਾਰਤ ਵਿਚ ਇਕ ਬਿਲਕਲ ਹੀ ਵੱਖਰੇ ਪਰਿਦ੍ਰਿਸ਼ ਦੇ ਸਨਮੁਖ ਹਾਂ। ਸ਼ਹਿਰਾਂ ਦੇ ਜ਼ਾਹਿਰ ਤੌਰ ਤੇ ਚੇਤੰਨ ਰਾਜਸੀ ਥੀਏਟਰ ਦੇ ਨਾਲ ਨਾਲ ਬਹੁਤ ਸਾਰੇ ਪੇਂਡੂ ਇਲਾਕਿਆਂ ਵਿਚ ਥੀਏਟਰ ਦੀਆਂ ਸੈਕੂਲਰ ਪਰੰਪਰਾਵਾਂ ਵੀ ਹਨ; ਜਿਵੇਂ ਕਿ ਕਸ਼ਮੀਰ ਵਿਚ ਭੰਡ ਪਾਥਰ, ਪੰਜਾਬ ਦੀ ਨਕਲ, ਹਰਿਆਣੇ ਦਾ ਸਵਾਂਗ, ਯੂ. ਪੀ. ਦੀ ਨੌਟੰਕੀ, ਬੰਗਾਲ ਦੀ ਜਾਤਰਾ ਤੇ ਇਸੇ ਤਰ੍ਹਾਂ ਹੋਰ। ਉਸੇ ਹੀ ਸਮੇਂ ਇਕ ਪਾਸੇ ਸਾਡੇ ਕੋਲ ਮੂਲ ਰੂਪ ਵਿਚ ਉਹ ਧਾਰਮਿਕ ਥੀਏਟਰੀ ਪਰੰਪਰਾਵਾਂ ਹਨ ਜਿਨ੍ਹਾਂ ਵਿਚ ਕਰਮਕਾਂਡ ਦੇ ਤੱਤ ਹਨ ਜਿਵੇਂ ਕਿ ਰਾਮ-ਲੀਲਾ, ਕ੍ਰਿਸ਼ਨਲੀਲ੍ਹਾ, ਯਕਸ਼ਗਾਣ, ਕਥਾਕਲੀ ਆਦਿਕ ਅਤੇ ਦੂਜੇ ਪਾਸੇ ਕਬਾਇਲੀ ਇਲਾਕਿਆਂ ਦੇ ਸ਼ੁੱਧ ਕਰਮ-ਕਾਂਡ ਹਨ ਜਿਨ੍ਹਾਂ ਵਿਚ ਥੀਏਟਰੀ ਤੱਤ ਹਨ।

ਜਦੋਂ ਇਕ ਥੀਏਟਰ ਕਰਨ ਵਾਲਾ ਪਰੰਪਰਕ ਥੀਏਟਰ ਨੂੰ ਸੈਕੂਲਰ ਕਰਨ ਦੀ ਪ੍ਰਕਿਰਿਆ ਵਿਚ ਪੈਂਦਾ ਹੈ ਤਾਂ ਉਸ ਨੂੰ ਸਖ਼ਤ ਘਾਲਣਾ ਕਰਨੀ ਪੈਂਦੀ ਹੈ। ਇਹ ਅਜਿਹਾ ਕੰਮ ਹੈ ਜੋ ਉਹ ਕੱਲਿਆਂ ਨਹੀਂ ਕਰ ਸਕਦਾ। ਉਸ ਨੂੰ ਉਦੋਂ ਤਕ ਵਿਸ਼ੇਸ਼ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ ਜਦ ਤਕ ਕਿ ਉਹ ਸਮਾਜ ਦੀਆਂ ਉਨ੍ਹਾਂ ਦੂਸਰੀਆਂ ਤਾਕਤਾਂ ਨਾਲ ਰਲ ਕੇ ਕੰਮ ਨਹੀਂ ਕਰਦਾ ਜਿਹੜੀਆਂ ਕਿ ਮਨੁਖਤਾ ਨੂੰ ਧਾਰਮਿਕ ਅਤੇ ਕਰਮਕਾਂਡੀ ਦ੍ਰਿਸ਼ਟੀ ਤੋਂ ਮੁਕਤ ਕਰਨ ਦੀਆਂ ਇੱਛੁਕ ਹਨ। ਇਸ ਦਾ ਕਾਰਨ ਇਹ ਹੈ ਕਿ ਉਸ ਨੇ ਸਿਰਫ ਪਰੰਪਰਾਗਤ ਸ਼ਕਤੀਆਂ ਅਤੇ ਲੋਕਾਂ ਦੀ ਆਦਿਕਾਲੀ ਚੇਤਨਾ ਨਾਲ ਹੀ ਨਹੀਂ

ਲੜਨਾ ਬਲਕਿ ਉਨ੍ਹਾਂ ਹਿਤਾਂ ਵਿਰੁਧ ਵੀ ਸੰਘਰਸ਼ ਕਰਨਾ ਹੈ ਜਿਹੜੇ ਚਾਹੁੰਦੇ ਹਨ ਕਿ ਲੋਕ ਰੀਤਾ ਤੇ ਕਰਮਕਾਂਡਾ ਦੇ ਗੁਲਾਮ ਬਣੇ ਰਹਿਣ।

ਭਾਵੇਂ ਉਹ ਰੰਗਕਰਮੀ ਕਿੰਨੇ ਵੀ ਪੱਕੇ ਇਰਾਦੇ ਦਾ ਅਤੇ ਨਿਧੜਕ ਕਿਉਂ ਨਹੀਂ, ਜੇ ਉਹ ਕੱਲਾ-ਕਾਰਾ ਇਸ ਕੰਮ ਵਿਚ ਲੱਗੇਗਾ ਤਾਂ ਕਿਤੇ ਨਾ ਕਿਤੇ ਮਜ਼ਹਬੀ ਅਤੇ ਕਰਮ-ਕਾਂਡੀ ਦ੍ਰਿਸ਼ਟੀਕੋਣ ਵਿਚ ਜ਼ਰੂਰ ਫਸ ਜਾਵੇਗਾ। ਜੇ ਉਸ ਨਾਲ ਮਾੜਾ ਮੋਟਾ ਸਮਝੌਤਾ ਕਰੇਗਾ ਤਾਂ ਉਹ ਸੈਕੂਲਰ ਥੀਏਟਰ ਦੀ ਰਚਨਾ ਨਹੀਂ ਕਰ ਸਕੇਗਾ। ਬਦਕਿਸਮਤੀ ਨੂੰ ਭਾਨੂੰ ਭਾਰਤੀ ਦਾ 'ਪਸ਼ੂ ਗਾਇਤਰੀ' ਮੈਨੂੰ ਅਜਿਹਾ ਹੀ ਸਮਝੌਤਾ ਨਜ਼ਰ ਆਇਆ ਹੈ। ਮੈਨੂੰ ਜਾਪਦਾ ਹੈ ਕਿ ਇਹੋ ਜਿਹੀ ਪਾਠ-ਸਮੱਗਰੀ ਨਾਲ ਤੇ ਉਸ ਪਹੁੰਚ ਨਾਲ ਜਿਹੜੀ ਕਿ ਭਾਰਤੀ ਨੇ ਅਪਣਾਈ ਅਜਿਹਾ ਹੋਣਾ ਲਾਜ਼ਮੀ ਹੀ ਸੀ।

ਜੋ ਕੁਝ ਉਸ ਨੇ ਇਸ ਪੇਸ਼ਕਾਰੀ ਰਾਹੀਂ ਪ੍ਰਾਪਤ ਕੀਤਾ ਹੈ ਉਸ ਦੀ ਵੀ ਕਾਫੀ ਪ੍ਰਸ਼ੰਸਾ ਕਰਨੀ ਬਣਦੀ ਹੈ। ਜਿਨ੍ਹਾਂ ਭੀਲਾਂ ਨਾਲ ਉਸ ਨੇ ਕੰਮ ਕੀਤਾ ਹੈ ਉਹ ਸਦੀਆਂ ਤੋਂ ਸਿਰਫ ਗਾਵਰੀ ਵਿਚ ਹੀ ਕੰਮ ਕਰਦੇ ਆਏ ਸਨ। ਗਾਵਰੀ ਦੇ ਗੀਤਾਂ, ਨਿਰਤ ਤੇ ਅਭਿਨੈ-ਸ਼ੈਲੀ ਨੂੰ ਵੱਖਰੇ ਬਿਰਤਾਂਤਕ ਤੇ ਵਿਸ਼ੇਆਤਮਕ ਪ੍ਰਸੰਗ ਵਿਚ ਪਾ ਕੇ ਉਨ੍ਹਾਂ ਪਾਸੋਂ ਕੰਮ ਲੈ ਸਕਣਾ ਉਸ ਦੀ ਪ੍ਰਾਪਤੀ ਹੈ। ਇਵੇਂ ਹੀ ਇਹ ਗੱਲ ਵੀ ਘੱਟ ਨਹੀਂ ਕਿ ਉਸ ਨੇ ਉਨ੍ਹਾਂ ਕੋਲੋਂ ਨਿਰਤ, ਗਾਇਕੀ ਤੇ ਅਭਿਨੈ ਕੇਵਲ ਕਰਮ-ਕਾਂਡ ਵਜੋਂ ਹੀ ਨਹੀਂ ਬਲਕਿ ਇਕ ਥੀਏਟਰ ਵਜੋਂ ਵੀ ਕਰਵਾਇਆ। ਇਵੇਂ ਹੀ ਕਰਮਕਾਂਡ/ਥੀਏਟਰ ਦਾ ਕਿਸੇ ਮੌਸਮ ਜਾਂ ਮੇਲੇ ਨਾਲੋਂ ਤਾਲਮੇਲ ਤੋੜ ਕੇ ਕੰਮ ਲੈ ਸਕਣਾ ਵੀ ਇਕ ਮਹੱਤਵਪੂਰਨ ਕਿਸਮ ਦੀ ਮੁਕਤੀ ਕਹੀ ਜਾ ਸਕਦੀ ਹੈ।

ਇਨ੍ਹਾਂ ਪ੍ਰਾਪਤੀਆਂ ਦੇ ਬਾਵਜੂਦ ਇਹ ਕਹਿਣਾ ਪਵੇਗਾ ਕਿ ਇਕ ਮਿਥ ਦੀ ਥਾਂ ਦੂਸਰੀ ਮਿਥ ਖੜੀ ਕਰਕੇ 'ਇਕ ਸੈਕੂਲਰ ਅਤੇ ਧਾਰਮਿਕ ਤੇ ਕਰਮਕਾਂਡੀ ਵਿਸ਼ਵਾਸਾਂ ਦੇ ਨੇਮਾਂ ਤੋਂ ਬਾਹਰੀ ਪੇਸ਼ਕਾਰੀ ਨਹੀਂ ਕੀਤੀ ਜਾ ਸਕਦੀ।' ਪਣੀਕਰ ਦਾ ਨਾਟਕ ਵਿਸ਼ਵ ਦੇ ਪਰਾਭੌਤਿਕ ਆਤਮਕ ਸੰਕਲਪ ਦੀ ਵਜ਼ਾਹਤ ਕਰਦਾ ਹੈ। ਉਸ ਦਾ ਅੰਤ ਆਤਮਾ ਦੀ ਸੁਤੰਤਰ ਹੋਂਦ ਅਤੇ ਰੱਬੀ ਕਿਰਪਾ-ਦ੍ਰਿਸ਼ਟੀ ਵਿਚ ਦ੍ਰਿੜਤਾ ਕਰਾਉਂਦਾ ਹੈ। ਜਿੰਨਾ ਇਨ੍ਹਾਂ ਗੱਲਾਂ ਤੇ ਉਹ ਜ਼ੋਰ ਦੇਂਦਾ ਹੈ ਉਨਾ ਹੀ ਉਹ ਸਮਾਜ ਤੇ ਮਨੁੱਖ ਦੀ ਘਾੜਤ ਕਰਨ ਵਾਲੇ ਪੇਚੀਦਾ ਅੰਤਰ-ਵਿਰੋਧਾਂ ਨੂੰ ਵੀ ਰੱਦ ਕਰਦਾ ਹੈ। ਕੀ ਤੁਸੀਂ ਇਸ ਤਰ੍ਹਾਂ ਦੀ ਦ੍ਰਿਸ਼ਟੀ ਵਾਲੇ ਨਾਟਕ ਨਾਲ ਉਸ ਸਮੁਦਾਇ ਦੇ ਸਮੂਹਿਕ ਚੇਤਨ ਨੂੰ ਜੋ ਕਿ ਇਸ ਤਰ੍ਹਾਂ ਦੇ ਧਾਰਮਿਕ ਤੇ ਕਰਮਕਾਂਡੀ ਨੇਮਾਂ ਵਿਚ ਗੁਸਿਆ ਹੋਇਆ ਹੈ, ਸੈਕੂਲਰ ਬਣਾ ਸਕਦੇ ਹੋ? ਨਹੀਂ; ਬਲਕਿ ਕਬਾਇਲੀਆਂ ਦੁਆਰਾ ਇਸ ਪਰਾਭੌਤਿਕ ਪ੍ਰਪੰਚ ਦੀ ਤਰਕਹੀਣ ਸਵੀਕ੍ਰਿਤੀ ਇਸ ਤਰ੍ਹਾਂ ਦੇ ਰੂਹਾਨੀ ਤੱਤ ਨਾਲ ਵਧੇਰੇ ਦ੍ਰਿੜ੍ਹ ਹੋਵੇਗੀ। ਇਹ ਨਾਟਕ ਭੀਲਾਂ ਦੀ ਕਰਮਕਾਂਡੀ ਤੇ ਧਾਰਮਿਕ ਚੇਤਨਾ ਨੂੰ ਕੋਈ ਚੁਣੌਤੀ ਨਹੀਂ ਦੇਂਦਾ। ਇਹ ਉਸਦਾ ਕੇਵਲ ਦਾਰਸ਼ਨਕੀ-ਕਰਣ ਹੀ ਕਰਦਾ ਹੈ।

ਭਾਨੂੰ ਭਾਰਤੀ ਕਹਿੰਦਾ ਹੈ ਕਿ ਪਰੰਪਰਾਗਤ ਥੀਏਟਰ ਨੂੰ ਸੰਭਾਲਣ ਤੇ ਵਿਕਸਿਤ

ਕਰਨ ਦਾ ਕੰਮ ਕੇਵਲ ਪੁਨਰ-ਸੁਰਜੀਤਵਾਦੀਆਂ ਉਤੇ ਹੀ ਨਹੀਂ ਛਡਿਆ ਜਾ ਸਕਦਾ। ਪਰ ਉਸ ਨਾਲ ਇਸ ਤੋਂ ਵਧੇਰੇ ਵੀ ਸਹਿਮਤ ਨਹੀਂ ਹੋਇਆ ਜਾ ਸਕਦਾ। ਕੀ ਉਸ ਦੇ 'ਪਸ਼ੂ ਗਾਇਤਰੀ' ਤੇ 'ਗਾਵਰੀ' ਦੇ ਮੇਲ ਨੇ ਪੁਨਰ-ਸੁਰਜੀਤਵਾਦੀਆਂ ਦੇ ਹੀ ਕਬਾਇਲੀ ਮਿੱਥ-ਸਿਰਜਨਾ ਦੇ ਮੰਤਵ ਨੂੰ ਮਦਦ ਨਹੀਂ ਦਿੱਤੀ? ਦੂਸਰੇ, ਭਾਰਤੀ ਦਾ ਇਹ ਵਿਸ਼ਵਾਸ ਕਿ ਇਸ ਸ਼ੈਲੀ ਵਿਚ ਕਿਸੇ ਵੀ ਆਧੁਨਿਕ ਵਿਸ਼ੇ ਨੂੰ ਨਜਿੱਠਿਆ ਜਾ ਸਕਦਾ ਹੈ, ਇਹ ਪ੍ਰਸ਼ਨ ਪੈਦਾ ਕਰਦਾ ਹੈ ਕਿ ਅਸੀਂ ਆਧੁਨਿਕਤਾ ਤੋਂ ਕੀ ਅਰਥ ਲੈਂਦੇ ਹਾਂ। ਇਕ ਨਾਟਕ ਜਿਹੜਾ ਕਿ ਮੱਧ ਕਾਲੀ ਵਿਚਾਰਾਂ ਦਾ ਪੱਖ ਪੂਰਦਾ ਹੈ ਸਿਰਫ ਇਸ ਲਈ ਹੀ ਆਧੁਨਿਕ ਨਹੀਂ ਅਖਵਾ ਸਕਦਾ ਕਿ ਉਹ ਵੀਹਵੀਂ ਸਦੀ ਦੇ ਅੱਸੀਵਿਆਂ ਵਿਚ ਲਿਖਿਆ ਗਿਆ। ਜੇ ਅਸੀਂ ਪਰੰਪਰਕ ਰੂਪ ਨੂੰ ਆਧੁਨਿਕ ਵਿਚਾਰਾਂ ਵਿਚ ਲਿਆਣਾ ਚਾਹੁੰਦੇ ਹਾਂ ਤਾਂ ਸਾਨੂੰ ਪਹਿਲਾਂ ਉਸ ਰੂਪ ਜਾਂ ਫ਼ਾਰਮ ਨੂੰ ਉਸ ਦੇ ਧਾਰਮਿਕ ਤੇ ਕਰਮਕਾਂਡੀ ਭਾਰ ਤੋਂ ਮੁਕਤ ਕਰਨਾ ਪਵੇਗਾ ਜਿਸ ਨੂੰ ਉਸ ਨੇ ਆਪਣੇ ਪੇਟੇ ਪਾਇਆ ਹੋਇਆ ਹੈ। 'ਪਸ਼ੂ ਗਾਇਤਰੀ' ਜਿਹੇ ਨਾਟਕ ਕਬਾਇਲੀਆਂ ਵਿਚ ਸੈਕੂਲਰ ਥੀਏਟਰ ਦੀ ਸ਼ੁਰੂਆਤ ਹੋਣ ਦੀ ਬਜਾਏ ਉਨ੍ਹਾਂ ਦੇ ਕਰਮਕਾਂਡੀ ਵਿਸ਼ਵਾਸਾਂ ਨੂੰ ਹੋਰ ਵੀ ਪੱਕਿਆਂ ਕਰਨਗੇ।

[ਅਨੁਵਾਦ : ਅ. ਜ.]

□

ਥੀਏਟਰ ਅਤੇ ਦਰਸ਼ਕ ਵਿਚਲਾ ਪਾੜਾ

ਸਫ਼ਦਰ ਹਾਸ਼ਮੀ

ਸਵਾ ਵਰ੍ਹੇ ਪਹਿਲਾਂ, ਦਿੱਲੀ ਸ਼ਹਿਰ ਵਿਚ 'ਸੰਭਵ' ਨਾਂ ਦੀ ਇਕ ਨਾਟਕ ਰੈਪਰਟਰੀ ਦਰਸ਼ਕਾਂ ਸਾਹਮਣੇ ਆਈ। ਇਸ ਨਾਟਕ ਰੈਪਰਟਰੀ ਦਾ ਮੁੱਖ ਮੰਤਵ ਸੀ ਕਿ ਆਏ ਮਹੀਨੇ ਦਰਸ਼ਕਾਂ ਅਗੇ ਇਕ ਨਵਾਂ ਨਾਟਕ ਪੇਸ਼ ਕੀਤਾ ਜਾਵੇ। ਲੋਕਾਂ ਨੇ ਇਸ ਰੈਪਰਟਰੀ ਦੇ ਇਸ ਮੰਤਵ ਨੂੰ ਕਾਹਲਾਪਣ ਸਮਝਕੇ ਇਨ੍ਹਾਂ ਵੱਲ ਕੋਈ ਵਿਸ਼ੇਸ਼ ਰੁਚੀ ਨਾ ਵਿਖਾਈ। ਪਰ ਇਨ੍ਹਾਂ ਨੇ ਬੜੀ ਲਗਨ ਤੇ ਸੁਹਿਰਦਤਾ ਨਾਲ ਆਪਣੇ ਮੰਤਵ ਦੀ ਪ੍ਰਾਪਤੀ ਦਾ ਸਬੂਤ ਦਿਤਾ। ਇਹਨਾਂ ਦੀ ਨਾਟਕ ਪ੍ਰਤੀ ਪ੍ਰਤੀਬਧਤਾ ਤੇ ਆਪਣੇ ਮਿਸ਼ਨ ਵਿਚ ਸਫਲਤਾ ਨਾਟਕ ਦੇ ਦਰਸ਼ਕਾਂ ਅਗੇ ਸਚਮੁਚ ਹੀ ਇਕ ਮਾਅਰਕੇ ਵਾਲੀ ਗੱਲ ਸੀ ਜਦੋਂ ਕਿ ਦਿੱਲੀ ਵਰਗੇ ਸ਼ਹਿਰ ਵਿਚ ਇਸ ਨਾਟਕ-ਰੈਪਰਟਰੀ ਪਾਸ ਨਾਟਕ ਕਰਨ ਲਈ ਨਾ ਰੀਹਰਸਲ ਵਾਸਤੇ ਕੋਈ ਪੱਕੀ ਥਾਂ ਸੀ ਤੇ ਨਾ ਕੋਈ ਮਾਲੀ ਇਮਦਾਦ ਸੀ।

ਪਰ ਪਿਛਲੇ ਪੌਣੇ ਦੋ ਵਰ੍ਹੇ ਤੋਂ ਦਿੱਲੀ ਵਿਚ ਚੱਲ ਰਹੀਆਂ ਤਿੰਨ ਰੈਪਰਟਰੀਆਂ ਵਿਚੋਂ 'ਸੰਭਵ' ਸਭ ਤੋਂ ਵਧੇਰੇ ਕਾਰਜਸ਼ੀਲ ਰਹੀ। ਦਿੱਲੀ ਸ਼ਹਿਰ ਵਿਚ ਚਲ ਰਹੀਆਂ ਦੂਜੀਆਂ ਦੇ ਨਾਟਕ ਰੈਪਰਟਰੀਆਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਉਹਨਾਂ 'ਚੋਂ ਇਕ

ਨੈਸ਼ਨਲ ਸਕੂਲ ਆਫ਼ ਡਰਾਮਾ ਰੈਪਰਟਰੀ ਕੰਪਨੀ ਹੈ ਤੇ ਦੂਜੀ ਸ੍ਰੀ ਰਾਮ ਸੈਂਟਰ ਥੀਏਟਰ ਰੈਪਰਟਰੀ। ਇਹਨਾਂ ਵਿਚੋਂ ਪਹਿਲੀ ਨੂੰ ਤਾਂ ਆਪਣਾ ਆਪ ਬਰਕਰਾਰ ਰੱਖਣ ਲਈ ਸਰਕਾਰੀ ਸਹਾਇਤਾ ਮਿਲਦੀ ਹੈ ਤੇ ਦੂਜੀ ਕੋਲ ਆਪਣੀ ਹੋਂਦ ਕਾਇਮ ਰੱਖਣ ਲਈ ਮੁਲਕ ਦੇ ਤਕੜੇ ਵਪਾਰਕ ਘਰਾਣੇ ਤੋਂ ਮਾਲੀ ਸਹਾਇਤਾ ਦਾ ਜ਼ਰੀਆ ਹੈ।

'ਸੰਭਵ' ਦੀ ਇਹ ਪ੍ਰਾਪਤੀ ਉਸਦੀ ਮਜ਼ਬੂਤ ਪ੍ਰਤੀਬੱਧਤਾ ਅਤੇ ਸੁਹਿਰਦ ਇਰਾਦਿਆਂ ਦਾ ਸਿੱਟਾ ਹੈ, ਜਿਸ ਨੂੰ ਇਸ ਸਾਰੇ ਸਮੇਂ ਵਿਚ ਦਰਸ਼ਕਾਂ ਨੇ ਮਾਣ ਤਾਣ ਦਿੱਤਾ ਹੈ। ਮਹੀਨਿਆਂ ਬੱਧੀ ਉਹ ਸਿਰਫ ਦੋ ਸੌ ਦਰਸ਼ਕਾਂ ਦੀ ਸਮਰਥਾ ਵਾਲੇ ਬੇਸਮੈਂਟ ਥੀਏਟਰ ਵਿਚ ਹੀ ਆਪਣੀਆਂ ਪ੍ਰੋਡਕਸ਼ਨਾਂ ਦਿੰਦੇ ਰਹੇ। ਇਥੋਂ ਤਕ ਕਿ ਇਸ ਨਿੱਕੇ ਜਹੇ ਹਾਲ ਵਿਚ ਵੀ ਦਰਸ਼ਕਾਂ ਦੀ 'ਟਿਕਟ-ਰੁਚੀ' ਨਜ਼ਰ ਨਾ ਆਈ ਜਦ ਕਿ ਜਿਸ ਕਿਸਮ ਦਾ ਥੀਏਟਰ ਉਹ ਕਰ ਰਹੇ ਹਨ ਉਸ ਵਿਚ ਆਪਣੀ ਉਤਮਤਾ ਕਾਰਣ ਪ੍ਰਸਿਧੀ ਦੇ ਸਾਰੇ ਲੱਛਣ ਹਨ, ਉਨ੍ਹਾਂ ਦੀਆਂ ਪੇਸ਼ਕਾਰੀਆਂ ਹਰ ਪੱਖੋਂ ਗੱਠੀਆਂ ਹੋਈਆਂ ਅਤੇ ਉਨ੍ਹਾਂ ਦੀ ਤਿੱਖੀ ਨਾਟਕੀ ਤੋਰ ਹੁੰਦੀ ਹੈ। ਸੈੱਟ ਅਤੇ ਹੋਰ ਤਕਨੀਕੀ ਉਤਮਤਾਵਾਂ ਤੋਂ ਇਲਾਵਾ ਉਨ੍ਹਾਂ ਕੋਲ ਅਮਿਤਾਭ ਸ੍ਰੀਵਾਸਤਵ, ਦੀਪਾ ਸਾਹੀ, ਸੀਮਾ ਭਾਰਗਵ, ਦਵਿੰਦਰ ਰਾਜ ਅੰਕੁਰ ਅਤੇ ਸੁਭਾਸ਼ ਉਦਗਾਥਾ ਵਰਗੇ ਵਧੀਆ ਐਕਟਰ ਅਤੇ ਡਾਇਰੈਕਟਰ ਵੀ ਹਨ।

ਇਸ ਕਿਸਮ ਦੀ ਸਥਿਤੀ ਦੂਜੇ ਸਥਾਪਿਤ ਗਰੁੱਪਾਂ ਨਾਲ ਵੀ ਵਾਪਰ ਰਹੀ ਹੈ। ਉਦਾਹਰਣ ਦੇ ਤੌਰ ਤੇ ਐਨ ਐਸ ਡੀ ਰੈਪਰਟਰੀ ਕੰਪਨੀ ਨੂੰ ਲਿਆ ਜਾ ਸਕਦਾ ਹੈ ਜਿਹੜੀ ਚਾਰ ਤੋਂ ਪੰਜ ਪ੍ਰਮੁੱਖ ਪ੍ਰੋਡਕਸ਼ਨਾਂ ਸਾਲ ਵਿਚ ਦੋ ਵਾਰ ਦਿੰਦੀ ਹੈ, ਜਿਨ੍ਹਾਂ ਵਿਚੋਂ ਕੁਝ ਨਵੀਆਂ ਤੇ ਕੁਝ ਪੁਰਾਣੀਆਂ ਹੁੰਦੀਆਂ ਹਨ। ਹਰ ਨਾਟਕ ਲਗਪਗ ਸੱਤ ਰਾਤਾਂ ਲਗਾਤਾਰ ਚਲਦਾ ਹੈ, ਜਿਸਨੂੰ ਇਕ ਸਫਲਤਾ ਮੰਨਿਆ ਜਾ ਸਕਦਾ ਹੈ। ਐਮ. ਕੇ. ਰੈਣਾ ਵਰਗੇ ਨਿਰਦੇਸ਼ਕ ਆਪਣੇ ਨਾਂ ਦੀ ਬਦੌਲਤ ਚਾਰ ਪੰਜ ਰਾਤਾਂ ਤਕ ਹਾਲ ਭਰ ਸਕਦਾ ਹੈ ਪਰ ਉਹ ਵੀ ਘੱਟੋ-ਘੱਟ ਛੇ ਮਹੀਨਿਆਂ ਦੇ ਵਕਫੇ ਬਾਅਦ। ਉਸਦੀਆਂ 'ਮਦਰ' ਅਤੇ 'ਕਬੀਰਾ ਖੜਾ ਬਜ਼ਾਰ ਮੇਂ' ਦੀਆਂ ਪੇਸ਼ਕਾਰੀਆਂ ਭਾਵੇਂ ਕੁਝ ਕੁ ਵਧੇਰੇ ਦਿਨ ਚਲੀਆਂ ਹਨ। ਇਥੋਂ ਤਕ ਕਿ ਹੋਰ ਸ਼ਹਿਰਾਂ ਵਿਚ ਭਰਪੂਰ ਪ੍ਰਸਿੱਧੀ ਖੱਟਣ ਵਾਲੇ ਹਬੀਬ ਤਨਵੀਰ ਦੇ ਨਾਟਕਾਂ ਦੇ ਹਾਲ ਵੀ ਦਿੱਲੀ ਵਿਚ ਖਾਲੀ ਗਏ ਹਨ। ਸ੍ਰੀ ਰਾਮ ਸੈਂਟਰ ਥੀਏਟਰ ਰੈਪਰਟਰੀ ਦੀਆਂ ਪੇਸ਼ਕਾਰੀਆਂ ਨੂੰ ਵੀ ਲਗਪਗ ਖਾਲੀ ਹਾਲਾਂ ਦਾ ਸਾਹਮਣਾ ਕਰਨਾ ਪਿਆ ਹੈ। 'ਕਦੇ ਕਦੇ ਨਾਟਕ ਕਰਨ ਵਾਲੇ' ਗਰੁੱਪਾਂ ਨੂੰ ਇਕ ਇਕ ਸੌ ਦੀਆਂ ਟਿਕਟਾਂ ਵੇਚਣੀਆਂ ਹੋਰ ਵੀ ਮੁਸ਼ਕਿਲ ਹੋ ਜਾਂਦੀਆਂ ਹਨ। ਕੋਈ ਸਮਾਂ ਸੀ ਜਦੋਂ ਬੈਰੀ ਜਾਨ ਦੇ ਅੰਗ੍ਰੇਜ਼ੀ ਨਾਟਕਾਂ ਦੀਆਂ ਪੇਸ਼ਕਾਰੀਆਂ ਸਮੇਂ ਹਾਲ ਨੱਕੋ-ਨੱਕ ਭਰੇ ਰਹਿੰਦੇ ਸਨ। ਪਰ ਹੁਣ ਉਹ ਸਮਾਂ ਨਹੀਂ ਰਿਹਾ। ਹਾਂ, ਕਦੇ ਕਦੇ ਕੁਝ ਨਾਟਕਾਂ ਦੀਆਂ ਪੇਸ਼ਕਾਰੀਆਂ ਨੂੰ ਸਫ਼ਲਤਾ ਜ਼ਰੂਰ ਪ੍ਰਾਪਤ ਹੋਈ ਹੈ ਜਿਨ੍ਹਾਂ ਵਿਚੋਂ ਦਿਸ਼ਾਂਤਰ ਦੀ 'ਆਧੇ-ਅਧੂਰੇ' ਅਤੇ ਅਭਿਆਨ ਦੀ 'ਘਾਸੀ ਰਾਮ ਕੋਤਵਾਲ' ਅਤੇ 'ਜਾਤ ਹੀ ਪੂਛੋ ਸਾਧੂ ਕੀ', ਪ੍ਰਯੋਗ ਦੀ 'ਮਦਰ' ਅਤੇ 'ਕਬੀਰਾ' ਅਤੇ ਨਯਾ ਥੀਏਟਰ ਦੀ 'ਚਰਨ ਦਾਸ ਚੋਰ' ਨੂੰ ਲਿਆ ਜਾ ਸਕਦਾ ਹੈ। ਦਿੱਲੀ ਵਿਚ ਥੀਏਟਰ ਨੂੰ ਕੁਝ ਕੁ ਅਪਵਾਦ ਛੱਡ ਕੇ ਦਰਸ਼ਕ ਸਮੂਹ ਦੇ ਪੱਖ ਤੋਂ ਬਹੁਤੀ ਕਾਮਯਾਬੀ ਪ੍ਰਾਪਤ ਨਹੀਂ ਹੋਈ। ਪੰਜ ਕੁ ਵਰ੍ਹੇ ਪਹਿਲਾਂ ਆਸ ਦੀ ਕਿਰਨ ਨਜ਼ਰ ਆਈ ਸੀ ਜਦੋਂ ਪੇਸ਼-ਕਾਰੀਆਂ ਦੀ ਮਾਤਰਾ ਵੀ ਵਧੀ ਸੀ ਅਤੇ ਕਈ ਨਵੇਂ ਗਰੁੱਪ ਵੀ ਉੱਠੇ ਸਨ ਪਰ ਇਹ ਕੁਝ ਵਰ੍ਹਿਆਂ ਤਕ ਹੀ ਰਿਹਾ। ਭਾਵੇਂ ਹੁਣ ਵੀ ਪਿਛਲੇ ਦਹਾਕੇ ਨਾਲੋਂ ਵੱਧ ਸਰਗਰਮ ਗਰੁੱਪ ਮੌਜੂਦ ਹਨ। ਇਸ ਸਮੇਂ ਕਾਲਿਜਾਂ ਤੇ ਆਧਾਰਿਤ ਥੀਏਟਰ ਗਰੁੱਪਾਂ ਦੀ ਵੀ ਬਹੁਤਾਤ ਹੈ, ਜਿਨ੍ਹਾਂ ਨਾਲ ਪ੍ਰੋਫੈਸ਼ਨਲ ਬੰਦੇ ਜੁੜੇ ਹਨ ਪਰ ਇਸ ਸਭ ਦੇ ਬਾਵਜੂਦ ਦਰਸ਼ਕ ਵਰਗ ਦੇ ਹੁੰਗਾਰੇ ਪੱਖੋਂ ਥੀਏਟਰ ਦੀ ਗਤੀਸ਼ੀਲਤਾ ਨਹੀਂ ਹੈ। ਤੁਸੀਂ ਮਹੀਨੇ ਵਿਚ ਪੰਜ ਨਾਟਕ ਦੇਖਣ ਜਾਓ ਤਾਂ ਤੁਹਾਨੂੰ ਦਰਸ਼ਕਾਂ ਵਿਚੋਂ ਵੀ ਜਾਣੇ-ਪਛਾਣੇ ਚਿਹਰੇ ਹੀ ਨਜ਼ਰ ਆਉਣਗੇ।

ਦਿੱਲੀ ਵਿਚ ਥੀਏਟਰ ਦੀ ਪਕੜ ਮਜ਼ਬੂਤ ਕਿਉਂ ਨਹੀਂ ਹੋਈ? ਕੀ ਕਾਰਣ ਹੈ ਕਿ ਦਰਸ਼ਕ ਉਹ ਨਾਟਕ ਵੇਖਣ ਹੀ ਨਹੀਂ ਜਾਂਦੇ ਜਿਹੜਾ ਕਿਸੇ ਸਾਧਾਰਨ ਫਿਲਮ ਨਾਲੋਂ ਚੰਗਾ ਮਨੋਰੰਜਨ ਪ੍ਰਦਾਨ ਕਰਦਾ ਹੈ, ਖਾਸ ਕਰਕੇ ਸਾਡੇ ਟੀ ਵੀ ਦੇ ਮਨੋਰੰਜਨ ਤੋਂ ਤਾਂ ਵੱਧ ਹੁੰਦਾ ਹੀ ਹੈ। ਕਲਕੱਤੇ ਵਿਚ ਥੀਏਟਰ ਦਾ 200 ਵਰ੍ਹੇ ਲੰਮਾ ਰਿਕਾਰਡ-ਤੋੜ ਇਤਿਹਾਸ ਹੈ। ਹਾਲੇ ਵੀ ਉਥੇ ਸ਼ਹਿਰ ਦੀ ਸਭਿਆਚਾਰਕ ਜ਼ਿੰਦਗੀ ਦਾ ਮੁੱਖ ਕੇਂਦਰ ਥੀਏਟਰ ਹੀ ਹੈ। ਥੀਏਟਰ ਦੀ ਪਰੰਪਰਾ ਦੀ ਪਕੜ ਬਹੁਤ ਪੀਡੀ ਹੈ। ਇਸ ਦਾ ਕਾਰਣ ਉਥੋਂ ਦੇ ਥੀਏਟਰ ਦਾ ਕੋਈ ਬਹੁਤਾ ਉਚ-ਪੱਧਰਾ ਹੋਣਾ ਨਹੀਂ ਜਿਵੇਂ ਕਿ ਸਾਡਾ ਵਿਸ਼ਵਾਸ ਬਣਿਆ ਹੋਇਆ ਹੈ। ਕਿਉਂਕਿ ਜੇ ਕਿਸੇ ਥੀਏਟਰ ਦਾ ਉਚਾ ਪੱਧਰ ਹੋਣਾ ਹੀ ਹੈ ਕੋਈ ਪਰੰਪਰਾ ਸਿਰਜ ਸਕਦਾ ਤਾਂ ਦਿੱਲੀ ਵਿਚ ਥੀਏਟਰ ਜ਼ਰੂਰ ਪਾਪੂਲਰ ਹੁੰਦਾ। ਕਲਕੱਤੇ ਵਿਚ ਥੀਏਟਰ ਇਸ ਲਈ ਜੰਮਿਆ ਹੋਇਆ ਹੈ ਕਿਉਂਕਿ ਉਸਦੀਆਂ ਜੜ੍ਹਾਂ ਸ਼ਹਿਰ ਦੀ ਜ਼ਿੰਦਗੀ ਨਾਲ ਜੁੜੀਆਂ ਹੋਈਆਂ ਹਨ। ਇਥੋਂ ਤਕ ਕਿ ਇਸਦੀ ਉਦਾਹਰਣ 19ਵੀਂ ਸਦੀ ਵਿਚ ਵੀ ਵਿਦਮਾਨ ਹੈ, ਜਦੋਂ 'ਨੀਲ ਦਰਪਣ' ਵਰਗਾ ਅੰਗਰੇਜ਼-ਵਿਰੋਧੀ ਨਾਟਕ ਉਥੇ ਖੇਡਿਆ ਜਾਂਦਾ ਰਿਹਾ। ਕੌਮੀ ਆਜ਼ਾਦੀ ਦੀ ਲਹਿਰ ਸਮੇਂ ਵੀ ਉਥੇ ਥੀਏਟਰ ਲੋਕ-ਜਾਗ੍ਰਿਤੀ ਦਾ ਮਾਧਿਅਮ ਬਣਿਆ ਰਿਹਾ। ਕਲਕੱਤੇ ਦਾ ਥੀਏਟਰ ਨਾਲ ਨਹੁੰ-ਮਾਸ ਦਾ ਰਿਸ਼ਤਾ ਇਸ ਲਈ ਵੀ ਬਣਿਆ ਹੋਇਆ ਹੈ ਕਿਉਂਕਿ ਉਥੋਂ ਦੇ ਥੀਏਟਰ ਨੇ ਹਮੇਸ਼ਾ ਉਨ੍ਹਾਂ ਲੋਕਾਂ ਦੀ ਆਪਣੀ ਜ਼ਿੰਦਗੀ, ਸਮੱਸਿਆਵਾਂ ਤੇ ਸੁਪਨਿਆਂ ਦੀ ਗੱਲ ਕੀਤੀ ਹੈ।

ਇਸ ਦੇ ਉਲਟ ਦਿੱਲੀ ਵਿਚ ਨਾ ਤਾਂ ਕਦੇ ਥੀਏਟਰ ਦੀ ਕੋਈ ਸ਼ਹਿਰੀ ਪਰੰਪਰਾ ਰਹੀ ਤੇ ਨਾ ਹੀ ਇਸਦਾ ਸੰਬੰਧ ਸ਼ਹਿਰ ਦੀ ਉਸ ਵੱਸੋਂ ਨਾਲ ਰਿਹਾ ਜੋ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ। ਅੰਦਾਜ਼ੇ ਨਾਲ ਵੇਖਿਆ ਦਿੱਲੀ ਦੇ ਥੀਏਟਰ ਦੇ ਪਿਛਲੇ 50 ਵਰ੍ਹਿਆਂ ਦੇ ਇਤਿਹਾਸ ਦਾ ਇਥੋਂ ਦੇ ਆਮ ਲੋਕਾਂ ਦੀਆਂ ਆਕਾਂਖਿਆਵਾਂ ਨਾਲ ਕੋਈ ਸੰਬੰਧ ਨਜ਼ਰ ਨਹੀਂ ਆਉਂਦਾ। ਇਸ ਸਾਰੇ ਸਮੇਂ ਵਿਚ ਕੁਝ ਕੁ ਚੁਣਵਾਂ ਦਰਸ਼ਕ ਵਰਗ ਹੀ ਇਸ ਥੀਏਟਰ ਨੂੰ ਰਾਸ ਆਇਆ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਸੇ ਵਰਗ (elite) ਨੇ ਇਸ ਥੀਏਟਰ ਨੂੰ ਸਰਪ੍ਰਸਤੀ ਦਿੱਤੀ ਹੈ। ਇਸੇ ਕਰਕੇ ਜਦੋਂ ਕੋਈ ਵੱਖਰੀ ਕਿਸਮ ਦੀ ਪੇਸ਼ਕਾਰੀ ਹੁੰਦੀ ਹੈ ਤਾਂ ਇਨ੍ਹਾਂ ਵੱਲੋਂ ਕੋਈ ਹੁੰਗਾਰਾ ਪ੍ਰਾਪਤ ਨਹੀਂ ਹੁੰਦਾ। ਕਿਉਂਕਿ ਆਮ ਦਿੱਲੀ ਵਾਲੇ ਥੀਏਟਰ ਦੀ 'ਪਹਿਚਾਨ ਉਪਰੀਆਂ ਸਮੱਸਿਆਵਾਂ ਅਤੇ ਪੇਤਲਾ ਪਾਤਰ ਚਿਤ੍ਰਣ ਹੀ ਰਿਹਾ ਹੈ।' ਅਫਸੋਸ ਇਹ ਹੈ ਕਿ ਦਿੱਲੀ ਵਾਸੀ ਲਈ

ਆਪਣੇ ਖਾਲੀ ਸਮੇਂ ਨੂੰ ਬਿਤਾਉਣ ਦਾ ਸਾਧਨ ਕਦੇ ਵੀ ਥੀਏਟਰ ਨਹੀਂ ਬਣ ਸਕਿਆ। ਉਹ ਆਪਣੇ ਖਾਲੀ ਸਮੇਂ ਵਿਚ ਟੀ.ਵੀ. ਦੇਖਦਾ ਹੈ, ਪਰਿਵਾਰ ਨਾਲ ਬੋਟ ਕਲੱਬ ਚਲਾ ਜਾਂਦਾ ਹੈ, ਇੰਡੀਆ ਗੇਟ ਘੁੰਮ ਲੈਂਦਾ ਹੈ ਜਾਂ ਫਿਰ ਕੋਈ ਫਿਲਮ ਵੇਖਣ ਚਲਾ ਜਾਂਦਾ ਹੈ। ਆਮ ਤੌਰ ਤੇ ਉਸਦਾ ਰੁਝਾਨ ਟੀ. ਵੀ. ਵੇਖਣ ਵਿਚ ਹੀ ਰਹਿੰਦਾ ਹੈ। ਆਓ ਹੁਣ ਇਸ ਟੀ.ਵੀ. ਵਾਲੇ ਪਾਸੇ ਵੀ ਝਾਤ ਮਾਰੀਏ। ਪਿਛਲੇ ਵਰ੍ਹਿਆਂ ਦੌਰਾਨ ਇਸਦੀ ਅਵਧੀ ਵਧਦੀ ਹੀ ਗਈ ਹੈ। ਅਜ ਕਲ੍ਹ ਇਹ ਹਰ ਰੋਜ਼ ਸਾਢੇ ਪੰਜ ਘੰਟੇ ਆਪਣੇ ਪ੍ਰੋਗ੍ਰਾਮ ਵਿਖਾਉਂਦਾ ਹੈ, ਜਿਸ ਵਿਚ ਐਤਵਾਰ ਦਾ ਸਾਰਾ ਦਿਨ ਵੱਖਰਾ ਹੈ। (ਇਹ ਤੱਥ 1985 ਦੇ ਹਨ—ਅਨੁ:) ਇਕ ਅਜੀਬ ਜਿਹੀ ਸਥਿਤੀ ਬਣੀ ਹੋਈ ਹੈ। ਡੀ. ਡੀ. ਏ. ਕਲੋਨੀ ਜਿਥੇ ਬਹੁਤੇ ਦਿੱਲੀ ਵਾਲੇ ਵਸੇ ਹੋਏ ਹਨ, ਅਤੇ ਹੋਰ ਥਾਵਾਂ ਤੇ ਸ਼ਾਮ ਨੂੰ ਚੁੱਪ ਚਾਂ ਨਜ਼ਰ ਆਉਂਦੀ ਹੈ। ਖਾਸ ਕਰ ਐਤਵਾਰ ਵਾਲੇ ਦਿਨ ਜਦੋਂ ਟੀ.ਵੀ. 'ਤੇ ਫਿਲਮ ਆਉਣੀ ਹੋਵੇ ਤਾਂ ਬਿਲਕੁਲ ਸੁੰਨ ਸਰਾਂ ਹੁੰਦੀ ਹੈ। ਬੱਚੇ ਸੜਕਾਂ ਤੇ ਖੇਡਦੇ ਨਜ਼ਰ ਨਹੀਂ ਆਉਂਦੇ, ਜ਼ਨਾਨੀਆਂ ਗੱਪਾਂ ਮਾਰਦੀਆਂ ਨਹੀਂ ਦਿਸਦੀਆਂ, ਟੀ. ਵੀ. ਦੀ ਬਦੌਲਤ ਲੋਕਾਂ ਦੇ ਆਪਸੀ ਸਮਾਜਿਕ ਰਿਸ਼ਤੇ ਖਾਰਿਜ ਹੋ ਰਹੇ ਹਨ। ਲੋਕ ਇਕੱਲੇ ਇਕੱਲੇ ਹੋ ਰਹੇ ਹਨ ਤੇ ਸਹਿਚਾਰ ਦੀ ਭਾਵਨਾ ਘੱਟ ਰਹੀ ਹੈ ਤੇ ਸ਼ਾਇਦ ਇਹੀ ਸਭ ਕੁਝ ਸਾਡੀ ਸਰਕਾਰ ਨੂੰ ਸੂਟ ਕਰਦਾ ਹੈ। ਟੀ. ਵੀ. ਨੇ ਵਿਅਕਤੀ ਦੇ ਉਸਦੇ ਆਲੇ-ਦੁਆਲੇ ਨਾਲ ਸੰਬੰਧ ਤੋੜ ਦਿੱਤੇ ਹਨ। ਸਮਾਜੀ ਮਹੌਲ ਤੋਂ ਕਟੇ ਹੋਏ ਲੋਕ ਆਪਣੇ ਜਮਹੂਰੀ ਅਧਿਕਾਰਾਂ ਤੋਂ ਵਿਛੁੰਨ ਕੇ ਇਕ ਖਾਸ ਕਿਸਮ ਦੀ 'ਸ਼ਰਾਰਤ' ਦਾ ਸ਼ਿਕਾਰ ਹੋ ਰਹੇ ਹਨ। ਟੀ. ਵੀ. ਨੇ ਬੰਦਿਆਂ ਨੂੰ 'ਜਿਊਂਦੇ ਜਾਗਦੇ ਮੁਰਦਿਆਂ' ਵਿਚ ਤਬਦੀਲ ਕਰ ਦਿੱਤਾ ਹੈ ਤੇ ਸ਼ਾਇਦ ਸਥਾਪਤੀ ਇਹੀ ਕੁਝ ਚਾਹੁੰਦੀ ਹੈ। ਇਹ ਸਾਰੀਆਂ ਸਥਿਤੀਆਂ ਕਈ ਪੱਖਾਂ ਤੋਂ ਥੀਏਟਰ ਲਈ ਘਾਤਕ ਹਨ। ਥੀਏਟਰ ਇਕ ਸਮੂਹ ਦੁਆਰਾ ਮਾਣਿਆਂ ਜਾਣ ਵਾਲਾ ਤਜਰਬਾ ਹੈ। ਇਸਦਾ ਆਨੰਦ ਸਮਸਤੀ ਰਾਹੀਂ ਵਿਅਕਤੀ ਤਕ ਪੁਜਦਾ ਹੈ। ਜਦੋਂ ਕਿ ਟੀ. ਵੀ. ਨੇ ਸਾਨੂੰ ਆਪਣੇ ਆਪਣੇ ਘੁਰਨਿਆਂ ਵਿਚ ਬੰਦ ਕਰ ਦਿੱਤਾ ਹੈ ਅਤੇ ਅਸੀਂ ਸਮੂਹਿਕ ਮਹੌਲ ਨਾਲੋਂ ਟੁੱਟ ਕੇ ਆਪੋ ਆਪਣੇ ਘਰਾਂ ਵਿਚ ਬੰਦ ਹੋ ਗਏ ਹਾਂ। ਇਥੋਂ ਤਕ ਕਿ ਅਸੀਂ ਸਮੂਹਿਕ ਮਹੌਲ ਦਾ ਅਨੰਦ ਮਾਨਣਾ ਭੁੱਲ ਚੁੱਕੇ ਹਾਂ ਬਲਕਿ ਉਸ ਮਹੌਲ ਤੋਂ ਡਰਨ ਵੀ ਲੱਗ ਪਏ ਹਾਂ।

ਅਸਲ ਵਿਚ ਜੇ ਥੀਏਟਰ ਨੇ ਜਿਊਂਦੇ ਰਹਿਣਾ ਹੈ ਤਾਂ ਇਸਨੂੰ ਟੀ. ਵੀ. ਨਾਲ ਸੰਘਰਸ਼ ਕਰਨਾ ਪਵੇਗਾ ਜਿਸਨੇ ਸਾਡੀ ਭਾਈਚਾਰਕ ਜ਼ਿੰਦਗੀ ਤਬਾਹ ਕਰ ਦਿੱਤੀ ਹੈ ਤੇ ਇਸਦੇ ਨਾਲ ਹੀ ਥੀਏਟਰ ਦੀਆਂ ਜੜ੍ਹਾਂ ਵੀ ਖੋਖਲੀਆਂ ਕਰ ਦਿੱਤੀਆਂ ਹਨ। ਇਸ ਵਿਚ ਕਮਜ਼ੋਰੀ ਸਾਡੀ ਥੀਏਟਰ ਅਤੇ ਹੋਰ ਮਨੋਰੰਜਕ ਸਾਧਨਾਂ ਭਾਵ ਸੰਗੀਤ ਤੇ ਨ੍ਰਿਤ ਵਾਲਿਆਂ ਦੀ ਵੀ ਹੈ, ਕਿਉਂਕਿ ਪਾਪੂਲਰ ਥੀਏਟਰ ਲਈ ਸੰਗੀਤ ਅਤੇ ਨ੍ਰਿਤ ਦਾ ਪਾਪੂਲਰ ਹੋਣਾ ਵੀ ਜ਼ਰੂਰੀ ਹੈ। ਹੁਣ ਸਮਾਂ ਹੈ ਕਿ ਇਨ੍ਹਾਂ ਵੱਖ ਵੱਖ ਮਾਧਿਅਮਾਂ ਨਾਲ ਸੰਬੰਧਿਤ ਕਲਾਕਾਰ ਰਲ ਕੇ ਕੋਈ ਹੀਲਾ ਕਰਨ ਅਤੇ ਸਮਾਜਕ ਜੀਵਨ ਦੀਆਂ ਤੰਦਾਂ ਨੂੰ ਜੋੜਨ ਦਾ ਕੋਈ ਉਪਰਾਲਾ ਕਰਨ।

ਪਿੱਛੇ ਜਹੇ ਦਿੱਲੀ ਵਿਚ ਖਾਸ ਕਿਸਮ ਦਾ ਥੀਏਟਰ ਹੋਂਦ ਵਿਚ ਆਇਆ ਹੈ ਜੋ

ਬਹੁਤ ਪਾਪੂਲਰ ਹੋਇਆ। ਇਹ ਸੀ ਪੰਜਾਬੀ ਦਾ ਸਪਰੂ ਹਾਊਸ ਦਾ ਥੀਏਟਰ ਜਿਸ ਦੁਆਲੇ ਦਰਸ਼ਕ ਸ਼ਹਿਦ ਦੀਆਂ ਮੱਖੀਆਂ ਵਾਂਗ ਭਿਣ-ਭਿਣਾਉਣ ਲੱਗ। ਇਥੇ ਇਕ ਇਕ ਨਾਟਕ ਦੇ ਕਈ ਕਈ ਮਹੀਨਿਆਂ ਤੱਕ ਸ਼ੋਅ ਚੱਲਣੇ ਸ਼ੁਰੂ ਹੋ ਗਏ। ਇਥੋਂ ਤੱਕ ਕਿ ਇਕ ਦਿਨ ਦੇ ਦੋ ਸ਼ੋਅ ਤੇ ਐਤਵਾਰ ਵਾਲੇ ਦਿਨ ਤਿੰਨ ਤਿੰਨ ਤੱਕ ਸ਼ੋਅ ਹੋਏ। ਟਿਕਟਾਂ ਦੀ ਬੁਕਿੰਗ ਕਈ ਕਈ ਦਿਨ ਪਹਿਲਾਂ ਹੀ ਹੋ ਜਾਂਦੀ ਰਹੀ ਤੇ ਟਿਕਟਾਂ ਦੀ ਬਲੈਕ ਵੀ ਆਮ ਗੱਲ ਹੋ ਗਈ। ਇਸ ਥੀਏਟਰ ਦੀ ਸਫ਼ਲਤਾ ਦਾ ਆਧਾਰ ਕੁਝ ਖ਼ਾਸ ਨੁਕਤੇ ਸਨ ਜਿਵੇਂ: ਘਟੀਆ ਚੁਟਕਲੇ, ਕਾਮੁਕ ਜੈਸਚਰ, ਦੋ-ਅਰਥੀ ਸੰਵਾਦ, ਅਸ਼ਲੀਲ ਹਰਕਤਾਂ ਅਤੇ ਅਸ਼ਲੀਲ ਸਥਿਤੀਆਂ ਦਾ ਪ੍ਰਦਰਸ਼ਨ ਇਨ੍ਹਾਂ ਨਾਟਕਾਂ ਦੇ ਪਾਤਰ ਅਕਸਰ ਇੱਕਲੀਆਂ ਜ਼ਨਾਨੀਆਂ ਵਾਲੇ ਘਰਾਂ ਵਿਚ 'ਇੰਜੈਕਸ਼ਨ' ਲਗਾਉਣ ਵਾਲੇ 'ਡਾਕਟਰ' ਅਤੇ 'ਟੂਟੀ' ਮੁਰੰਮਤ ਕਰਨ ਵਾਲੇ 'ਪਲੰਬਰ' ਹੁੰਦੇ ਸਨ। ਸਾਡਾ ਬਹੁਤ ਜਣਿਆਂ ਦਾ ਵਿਸ਼ਵਾਸ ਹੈ ਕਿ ਇਸ ਕਿਸਮ ਦੇ ਥੀਏਟਰ ਦੀ ਸਫ਼ਲਤਾ ਦਾ ਆਧਾਰ ਨਿਰੀ ਅਸ਼ਲੀਲਤਾ ਹੈ। ਇਹ ਸੱਚ ਨਹੀਂ। ਦੂਜਾ ਏਨਾ ਹੀ ਮੱਹਤਵਪੂਰਨ ਕਾਰਣ, ਜ਼ਿੰਦਗੀ ਦੇ ਨੰਗੇ ਚਿੱਟੇ ਕੋਝੇ ਯਥਾਰਥ ਦੀ ਪੇਸ਼ਕਾਰੀ ਵੀ ਹੈ। ਇਨ੍ਹਾਂ ਨਾਟਕਾਂ ਵਿਚ ਦਿੱਲੀ ਦੇ ਲੋਕਲ ਮਾਹੌਲ ਨੂੰ ਯਥਾਰਥ ਦਾ ਭੁਲਾਂਦਰਾ ਦੇ ਕੇ ਲੋਕਾਂ ਦੀ ਆਮ ਭਾਸ਼ਾ ਵਿਚ ਪੇਸ਼ ਕੀਤਾ ਜਾਂਦਾ ਸੀ, ਜਿਹੜੀ ਉਨ੍ਹਾਂ ਨੂੰ ਇਸ 'ਥੀਏਟਰ ਵਪਾਰ' ਨਾਲ ਜੋੜਦੀ ਸੀ।

ਪਰ ਦਿੱਲੀ ਵਿਚ ਇਸ ਕਿਸਮ ਦੇ ਪਾਪੂਲਰ ਥੀਏਟਰ ਦੀ ਸਿਰਜਣਾ ਲਈ ਕੁਝ ਨਹੀਂ ਹੋ ਰਿਹਾ। ਲੋਕਾਂ ਨੂੰ ਆਪਣੇ ਨਾਲ ਲੈ ਕੇ ਤੁਰਨ ਵਾਲੇ ਗੰਭੀਰ ਥੀਏਟਰ ਦੀ ਤਾਂ ਗੱਲ ਹੀ ਇਕ ਪਾਸੇ ਰਹੀ। ਜੇ ਏਦਾਂ ਹੋਇਆ ਹੁੰਦਾ ਤਾਂ ਇਸ ਨੂੰ ਇਹਦੀ ਆਪਣੀ ਹੀ ਦਰਸ਼ਕ ਮੰਡਲੀ ਨੇ ਨਾ ਤਿਆਗ ਦਿੱਤਾ ਹੁੰਦਾ ਤੇ ਨਾ ਹੀ ਟੀ ਵੀ ਦਰਸ਼ਕ-ਸਮੂਹ ਨੂੰ ਏਨੀ ਸਫ਼ਲਤਾ ਨਾਲ ਆਪਣੇ ਵੱਲ ਖਿੱਚ ਸਕਦਾ। ਪਰ ਇਹ ਤਾਂ ਸਿਰਫ਼ ਕਿਆਫ਼ੇ ਹੀ ਹਨ ਸੱਚ ਤਾਂ ਇਹ ਹੈ ਕਿ ਦਿੱਲੀ ਵਾਸੀ ਥੀਏਟਰ ਤੋਂ ਟੁੱਟ ਗਿਆ ਹੈ। ਭਾਵੇਂ ਕੁਝ ਨਿਰਦੇਸ਼ਕ ਹਾਲੇ ਵੀ ਇਹ ਭਰਮ ਪਾਲ ਰਹੇ ਹਨ ਕਿ ਜੇ ਕੋਈ ਚੰਗੀ ਪੇਸ਼ਕਾਰੀ ਦਿੱਤੀ ਜਾਵੇ ਤਾਂ ਦਰਸ਼ਕ ਹੁੰਗਾਰਾ ਭਰਨਗੇ। ਇਸ ਦੇ ਸਬੂਤ ਵਜੋਂ ਕੁਝ ਉਦਾਹਰਣਾਂ ਦਿੱਤੀਆਂ ਵੀ ਜਾ ਸਕਦੀਆਂ ਹਨ। ਪਰ ਇਹ ਸਫ਼ਲਤਾਵਾਂ ਆਪਣੇ ਆਪ ਵਿਚ ਇਕ ਵੱਡਾ ਪ੍ਰਸ਼ਨ ਹਨ। 600 ਦਰਸ਼ਕਾਂ ਦੀ ਸਮਰੱਥਾ ਵਾਲੇ ਹਾਲ ਵਿਚ ਕਿਸੇ ਨਾਟਕ ਦੇ ਦਰਜਨ ਜਾਂ ਇਸ ਤੋਂ ਵੱਧ ਸ਼ੋਅ ਹੋ ਜਾਣੇ ਜਾਂ 200 ਦੀ ਸਮਰੱਥਾ ਵਾਲੇ ਕਿਸੇ ਬੇਸਮੈਂਟ ਹਾਲ ਵਿਚ ਕਿਸੇ ਨਾਟਕ ਦੀ 'ਸਿਲਵਰ ਜੁਬਲੀ' ਹੋ ਜਾਣੀ ਕੋਈ ਬਹੁਤੀ ਵੱਡੀ ਪ੍ਰਾਪਤੀ ਨਹੀਂ, ਕਿਉਂਕਿ ਸਾਰੇ ਰਲਾ ਕੇ 10,000 ਦਰਸ਼ਕ ਵੀ ਨਹੀਂ ਬਣਦੇ। ਇਸ ਵਿਚ 'ਕਾਲ ਸ਼ੋਅ' ਦੇ ਦਰਸ਼ਕ ਵੀ ਜਮ੍ਹਾਂ ਕਰ ਲਉ ਤਾਂ ਵੱਧ ਤੋਂ ਵੱਧ 20,000 ਤਕ ਗਿਣਤੀ ਪੁੱਜ ਜਾਂਦੀ ਹੈ। ਦਿੱਲੀ ਦੀ ਅਬਾਦੀ 75 ਲੱਖ ਹੈ ਤੇ ਅਸੀਂ ਕਿਹੜੀ ਸਫਲਤਾ ਦੀ ਡੀਂਗ ਮਾਰ ਰਹੇ ਹਾਂ?

ਹੁਣ ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਜੇ ਲੋਕ ਥੀਏਟਰ ਤਕ ਨਹੀਂ ਆਉਂਦੇ ਤਾਂ ਥੀਏਟਰ ਨੂੰ ਲੋਕਾਂ ਤਕ ਜਾਣਾ ਚਾਹੀਦਾ ਹੈ। ਇਹ ਕੰਮ ਸਦੀਆਂ ਤੋਂ ਸਾਡਾ ਪਰੰਪਰਿਕ

ਲੋਕ ਨਾਟਕ ਕਰਦਾ ਆ ਰਿਹਾ ਹੈ। 'ਨੌਟੰਕੀ' ਅਤੇ 'ਜਾਤਰਾ' ਹਮੇਸ਼ਾ ਹੀ ਮੇਲਿਆਂ ਮੁਸਾਵਿਆਂ ਤੇ ਜਾ ਕੇ ਨਾਟਕ ਖੇਡਦੇ ਰਹੇ ਹਨ। 'ਸਵਾਂਗ', 'ਮਰਾਸੀ' ਤੇ 'ਭੰਡ' ਸਾਰੇ ਹੀ ਪੱਕੇ 'ਯਾਤਰੂ ਕਲਾਕਾਰ' ਰਹੇ ਹਨ। ਭਾਵ ਸਾਡਾ ਲੋਕ ਨਾਟਕ ਖੁਦ ਚੱਲ ਕੇ ਲੋਕਾਂ ਤਕ ਪਹੁੰਚਦਾ ਰਿਹਾ ਹੈ, ਜਦ ਕਿ ਹੁਣ ਸਾਡਾ ਸ਼ਹਿਰੀ ਥੀਏਟਰ ਥੀਏਟਰ-ਹਾਲਾਂ ਨਾਲ ਬੱਝਿਆ ਰਹਿਣਾ ਚਾਹੁੰਦਾ ਹੈ ਅਤੇ ਲੋਕਾਂ ਨਾਲ ਸੰਬੰਧ ਕੇਵਲ ਪੁੱਜਣ ਵਾਲੇ ਦਰਸ਼ਕਾਂ ਅਤੇ ਇਸ਼ਤਿਹਾਰਾਂ ਨੂੰ ਵਾਚਣ ਵਾਲੇ ਪਾਠਕਾਂ ਤਕ ਰਹਿ ਗਿਆ ਹੈ। ਸਟਰੀਟ ਥੀਏਟਰ ਕਰਨ ਵਾਲੇ ਗਰੁੱਪਾਂ ਤੋਂ ਇਲਾਵਾ ਮੈਨੂੰ ਕਿਸੇ ਵੀ ਗਰੁੱਪ ਦੀ ਅਜਿਹੀ ਕੋਸ਼ਿਸ਼ ਦਾ ਗਿਆਨ ਨਹੀਂ ਜਿਸ ਦਾ ਮਕਸਦ ਵੱਡੇ ਦਰਸ਼ਕ ਸਮੂਹਾਂ ਤਕ ਪਹੁੰਚਣਾ ਹੋਵੇ। ਕਾਫੀ ਵਰ੍ਹੇ ਪਹਿਲਾ ਐਮ ਕੇ. ਰੈਣਾ ਨੇ ਆਪਣੇ ਨਾਟਕ 'ਮਦਰ' ਦੀ ਪੇਸ਼ਕਾਰੀ ਨਾਲ ਅਜਿਹਾ ਜਤਨ ਆਰੰਭਿਆ ਸੀ ਪਰ ਬਹੁਤੀ ਦੇਰ ਤਕ ਚੱਲ ਨਹੀਂ ਸਕਿਆ।

ਸਾਡੇ ਸ਼ਹਿਰ ਦੀਆਂ ਬਹੁਤੀਆਂ ਸਰਕਾਰੀ ਕਲੋਨੀਆਂ ਵਿਚ ਕੁਝ ਕਮਿਊਨਿਟੀ ਹਾਲ ਬਣੇ ਹੋਏ ਹਨ, ਜਿਥੇ ਓਪਨ ਏਅਰ ਸਟੇਜਾਂ ਵੀ ਹਨ। ਪਰੰਤੂ ਉਥੇ ਲਾਈਟਾਂ, ਸਾਊਂਡ ਅਤੇ ਵਿੰਗ-ਪਰਦੇ ਆਦਿ ਨਹੀਂ ਹਨ। ਪਰ ਜੇ ਇੱਛਾ ਹੋਵੇ ਤਾਂ ਇੰਪਰੋਵਾਈਜ਼ੇਸ਼ਨ ਨਾਲ ਇਸ ਸਭ ਕੁਝ ਨੂੰ ਕਵਰ ਕੀਤਾ ਜਾ ਸਕਦਾ ਹੈ। ਤੇ ਜਾਂ ਸ਼ਾਇਦ ਇਨ੍ਹਾਂ ਲੋੜਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਅਜਿਹੀਆਂ ਥਾਵਾਂ ਤੇ ਦਿੱਲੀ ਪ੍ਰਸ਼ਾਸਨ ਨਾਟ-ਪੇਸ਼ਕਾਰੀਆਂ ਨੂੰ ਪ੍ਰੋਤਸਾਹਨ ਦੇ ਸਕਦਾ ਹੈ। ਦਿੱਲੀ ਦੀ ਆਬਾਦੀ ਦਾ ਤੀਜਾ ਹਿੱਸਾ ਰੀਸੈਟਲਮੈਂਟ ਕਲੋਨੀਆਂ ਵਿਚ ਰਹਿੰਦਾ ਹੈ। ਜੇ ਕੋਈ ਗਰੁੱਪ ਇਨ੍ਹਾਂ ਥਾਵਾਂ ਤੇ ਨਾਟਕ ਕਰਨਾ ਚਾਹੇ ਤਾਂ ਉਥੇ ਦਰਸ਼ਕਾਂ ਦੀ 5 ਤੋਂ 10 ਹਜ਼ਾਰ ਤਕ ਦੀ ਹਾਜ਼ਰੀ ਸਹਿਜੇ ਹੀ ਹੋ ਸਕਦੀ ਹੈ। ਪਰ ਕੀ ਸਾਡੇ ਕਲਾਕਾਰ ਅਜਿਹੀਆਂ ਪ੍ਰਸਥਿਤੀਆਂ ਵਿਚ ਨਾਟਕ ਖੇਡਣ ਲਈ ਤਿਆਰ ਹੋਣਗੇ? ਕਿਉਂਕਿ ਇਨ੍ਹਾਂ ਦਰਸ਼ਕਾਂ ਵਿਚੋਂ ਅੱਧੀ ਹਾਜ਼ਰੀ ਦਸ ਸਾਲ ਤੋਂ ਛੋਟੇ ਬੱਚਿਆਂ ਦੀ ਹੋਏਗੀ, ਜਿਹੜੇ ਰੌਲਾ ਪਾਉਣਗੇ। ਇਨ੍ਹਾਂ ਦਰਸ਼ਕਾਂ ਦੀਆਂ ਕੂਕਾਂ ਤੇ ਤਾੜੀਆਂ ਹੀ ਕਿਸੇ ਨਾਟਕ-ਪੇਸ਼ਕਾਰੀਆਂ ਦੀ ਸਫਲਤਾ ਜਾਂ ਅਸਫਲਤਾ ਦਾ ਹਦ-ਬੰਨਾ ਨਿਸਚਤ ਕਰਨਗੀਆਂ।

ਸਾਡੇ ਥੀਏਟਰ ਵਾਲਿਆਂ ਨੇ ਅਜਿਹੇ ਦਰਸ਼ਕ-ਵਰਗ ਬਾਰੇ ਘੱਟ ਹੀ ਸੋਚਿਆ ਹੈ। ਉਨ੍ਹਾਂ ਨੂੰ ਅਚੇਤ ਡਰ ਹੈ ਕਿ ਉਨ੍ਹਾਂ ਦੇ ਉੱਚ ਮੱਧ-ਸ਼ਰੇਣੀ ਵੱਲੋਂ ਪ੍ਰਵਾਨਿਤ ਥੀਏਟਰ ਨੂੰ ਅਜਿਹੇ ਦਰਸ਼ਕ-ਮੰਡਲ ਦਾ ਹੁੰਗਾਰਾ ਪ੍ਰਾਪਤ ਨਹੀਂ ਹੋ ਸਕੇਗਾ। ਇਸ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਥੀਏਟਰ ਵਾਲਿਆਂ ਦੀ ਦਰਸ਼ਕਾਂ ਪ੍ਰਤੀ ਸੋਚ ਜਮਹੂਰੀ ਨਹੀਂ। ਸਿਹਤ-ਮੰਦ ਸਭਿਆਚਾਰ ਤੋਂ ਬਿਲਕੁਲ ਅਭਿੱਜ ਬਹੁਤ ਸਾਰੇ ਥੀਏਟਰ ਸਾਡੇ ਲੋਕਾਂ ਦੀ ਚੇਤੰਨਤਾ ਦਾ ਭਾਗ ਨਹੀਂ ਬਣ ਸਕੇ। ਸਾਡਾ ਥੀਏਟਰ ਕਿਤੇ ਵੀ ਪਹੁੰਚਣ ਦੀ ਸਥਿਤੀ ਵਿਚ ਨਹੀਂ ਕਿਉਂਕਿ ਉਹ ਲੋਕਾਂ ਤੋਂ ਪੂਰੀ ਤਰ੍ਹਾਂ ਟੁੱਟਿਆ ਹੋਇਆ ਹੈ। ਦਰਅਸਲ ਦਰਸ਼ਕਾਂ ਦੀ ਘਾਟ ਨਹੀਂ, ਬਸ਼ਰਤੇ ਕਿ ਅਸੀਂ ਉਸਦਾ ਸਾਹਮਣਾ ਕਰਨ ਲਈ ਤਿਆਰ ਹੋਈਏ। ਦਰਸ਼ਕ ਮੌਜੂਦ ਹਨ: ਝੁੱਗੀਆਂ-ਝੌਂਪੜੀਆਂ ਵਿਚ, ਨਿੱਕੀਆਂ ਨਿੱਕੀਆਂ ਕਲੋਨੀਆਂ ਵਿਚ, ਕਾਲਿਜਾਂ ਵਿਚ ਅਤੇ ਟੈਲੀਵਿਜ਼ਨ ਦੇਖ ਰਹੇ ਆਪਣੇ ਘਰਾਂ ਵਿਚ ਕਿਉਂਕਿ ਉਨ੍ਹਾਂ

ਕੋਲ ਹੋਰ ਕੋਈ ਚਾਰਾ ਨਹੀਂ। ਉਹ ਟੀ. ਵੀ. ਨਾਲ ਨਾ ਜੁੜਨ ਤਾਂ ਕੀ ਕਰਨ? ਥੀਏਟਰ ਲੋਕਾਂ ਤਕ ਜਾਵੇ ਫਿਰ ਦੇਖੋ ਕਿ ਕਿਵੇਂ ਦਰਸ਼ਕ ਬਣਦਾ ਹੈ। ਕੇਵਲ ਇਹੋ ਜਿਹਾ ਥੀਏਟਰ ਹੀ ਇਸ ਯੋਗ ਹੋਵੇਗਾ ਕਿ ਉਹ ਟੀ.ਵੀ. ਦੀ ਲੋਕਾਂ ਉਤੇ ਅਜਾਰੇਦਾਰੀ ਖਤਮ ਕਰੇ ਅਤੇ ਮਾੜੇ ਰੁਝਾਨ ਨੂੰ ਠੱਲ੍ਹ ਪਾਵੇ। ਲੋਕਾਂ ਨਾਲ ਜੀਵੰਤ ਤਾਲਮੇਲ ਹੀ ਥੀਏਟਰ ਵਾਲਿਆਂ ਵਾਸਤੇ ਇਹ ਵੰਗਾਰ ਪੈਦਾ ਕਰੇਗਾ ਕਿ ਉਹ ਨਵੇਂ ਵਿਸ਼ੇ ਲੈਣ ਤਾਂ ਕਿ ਉਨ੍ਹਾ ਦੇ ਵਿਚਾਰ ਨੂੰ ਰੂਪਾਂਤਰਣ ਮਿਲ ਸਕੇ ਅਤੇ ਨਵੇਂ ਰੂਪ ਘੜੇ ਜਾ ਸਕਣ ਪਰ ਪ੍ਰਸ਼ਨ ਹੈ ਕਿ ਕੀ ਇਸ ਵੰਗਾਰ ਨੂੰ ਮਾੜੇ ਰੰਗਕਰਮੀ ਕਬੂਲਣ ਲਈ ਤਿਆਰ ਹਨ?

[ਅਨੁ. : ਸ.ਕ.ਵ. ਅਤੇ ਤੇਜਬੀਰ ਕਸੇਲ]

□

ਭਾਰਤੀ ਰੰਗਮੰਚ ਵਿਚ 'ਭਾਰਤੀਅਤਾ' ਦੀ ਤਲਾਸ਼

ਸਫ਼ਦਰ ਹਾਸ਼ਮੀ

ਸਮਕਾਲੀ ਭਾਰਤੀ ਰੰਗਮੰਚ ਦੀ ਇਕ ਵੱਡੀ ਧਾਰਾ ਪੂਰੀ ਤਰ੍ਹਾਂ ਪਰੰਪਰਕ ਮੰਚੀ ਬਣਤਰਾ ਵੱਲ ਝੁਕੀ ਹੋਈ ਹੈ। ਗੀਤ, ਨ੍ਰਿਤ, ਰੀਤੀ-ਰਿਵਾਜ, ਵੇਸ ਅਤੇ ਮੁਖੌਟੇ ਲੋਕ-ਕਥਾਵਾਂ ਅਤੇ ਮਿੱਥਾਂ ਅਜਿਹੀ ਸਮੱਗਰੀ ਹੈ ਜਿਸ ਨਾਲ ਮੰਚੀ ਦ੍ਰਿਸ਼ ਬਣਾਏ ਗਏ ਹਨ। ਖਿਆਲ ਕੀਤਾ ਜਾਂਦਾ ਹੈ ਕਿ ਇਸਨੇ ਸਾਡੇ ਮੰਚ ਨੂੰ ਵਿਸ਼ੇਸ਼ ਭਾਰਤੀ ਕਾਇਆ ਪ੍ਰਦਾਨ ਕੀਤੀ ਹੈ।

ਮੈਂ ਆਪਣੇ ਗੀਤ ਦਾ ਕੋਟ ਬਣਾਇਆ
ਜੋ ਅੱਡੀ ਤੋਂ ਗਲਮੇ ਤੱਕ
ਪੁਰਾਤਨ ਮਿੱਥਕਾਂ ਦੀ
ਫੁਲਕਾਰੀ ਨਾਲ ਕਸੀਦ ਕੀਤਾ ਹੋਇਆ ਸੀ
ਪਰ ਇਹ ਮੂਰਖਾਂ ਦੇ ਹੱਥ ਆ ਗਿਆ
ਤੇ ਉਹਨਾਂ ਦੁਨੀਆਂ ਦੀ ਨਜ਼ਰ ਵਿਚ, ਇਹਨੂੰ ਏਦਾਂ ਹੰਢਾਇਆ
ਜਿਵੇਂ ਕਿਤੇ ਉਹਨਾਂ ਹੀ ਇਹਨੂੰ ਬਣਾਇਆ ਸੀ।
ਉਹ ਗੀਤ, ਲਿਜਾਵਣ ਦਿਉ ਉਹਨਾਂ ਨੂੰ
ਕਿ ਹੋਰ ਵੀ ਦਲੇਰੀ ਹੈ,
ਨਿਰਵਸਤਰ ਤੁਰਨ 'ਚ।

(ਡਬਲਿਯੂ ਬੀ ਯੀਟਸ, 1914)

ਯੀਟਸ ਖੁਸ਼ਕਿਸਮਤ ਸੀ ਕਿ ਉਸ ਕੋਲ ਘੱਟੋ ਘੱਟ ਆਪਣਾ ਦਲੇਰਾਨਾ ਨੰਗਾ ਗੀਤ ਤਾਂ

ਰਹਿ ਗਿਆ।

ਜੇ ਕਿਸੇ ਨੇ ਸਮਕਾਲੀ ਹਿੰਦੁਸਤਾਨੀ ਰੰਗਮੰਚ ਦੀ ਮਿਥਿਹਾਸਕ ਪੱਗੜੀ ਚੁਰਾਣੀ ਹੋਵੇ ਤਾ ਇਸ ਗੱਲ ਦੀ ਸੰਭਾਵਨਾ ਹੈ ਕਿ ਪਿੱਛੇ ਕੇਵਲ ਖੋਲ ਹੀ ਬਚੇਗਾ। ਉਤਪੀ ਭਾਰਤ ਦਾ ਫੈਸ਼ਨੇਬਲ ਮੰਚ ਇਸ ਤਰ੍ਹਾਂ ਹੈ ਜਿਵੇਂ ਉਹ ਲੋਕ (ਫੋਕ), ਕਬਾਇਲੀ, ਪਰੰਪਰਕ ਗੀਤਾਂ, ਨਾਚਾਂ ਤੇ ਕਰਮਕਾਂਡਾਂ, ਵੇਸਾਂ ਤੇ ਮਿੱਥਾਂ ਦੇ ਖ਼ੂਬ ਸਜੇ ਹੋਏ ਕਿੱਲੇ ਨਾਲ ਬੱਧਾ ਹੈ। ਬਾਹਰੋਂ ਪ੍ਰਭਾਵਸ਼ਾਲੀ ਦਿੱਖ ਵਾਲਾ ਪਰ ਅੰਦਰੋਂ ਖੋਖਲਾ।

ਅੱਜ ਤੋਂ ਤਕਰੀਬਨ 15 ਸਾਲ ਪਹਿਲਾਂ ਜਦੋਂ ਤੋਂ 'ਹਿੰਦੋਸਤਾਨੀ ਮੰਚ' ਵਿਚ ਵਿਆਪਕ ਨਸਲੀ ਝੁਕਾਅ ਆਇਆ ਹੈ, ਕੋਈ ਵੀ ਉਹ, ਜਿਹੜਾ ਮੰਚ ਦਾ ਕੁਝ ਹੈ, ਉਸਨੇ ਪਰੰਪਰਕ ਥੀਏਟਰ ਦੀ ਬਹੁਤ ਨਹੀਂ ਤਾਂ ਘੱਟੋ ਘੱਟ ਇਕ ਪੇਸ਼ਕਾਰੀ ਆਪਣੇ ਖੇਤਰ ਵਿਚ ਕੀਤੀ ਹੈ।

ਹਰ ਪ੍ਰਕਾਰ ਦੇ ਨਾਟਕ ਵਿਚ ਉਸਦੀ ਆਪਦੀ 'ਭਾਰਤੀਅਤਾ' ਸੀ ਅਤੇ ਬਹੁਤ ਸਾਰੇ ਵਿਸ਼ੇਸ਼ 'ਭਾਰਤੀ' ਨਾਟਕ ਇਸ ਸਮੇਂ ਵਿਚ ਲਿਖੇ ਗਏ। ਅਮਲੀ ਰੂਪ ਵਿਚ ਇਹਦਾ ਅਰਥ ਹੈ ਕਿ ਪੇਸ਼ਕਾਰੀਆਂ ਪਰੰਪਰਕ ਖੇਡ-ਕਲਾਵਾਂ ਦੀ ਤੜਕ-ਭੜਕ ਨਾਲ ਸ਼ਿੰਗਾਰੀਆਂ ਜਾਂਦੀਆਂ ਹਨ ਅਤੇ ਹਰੇਕ ਦ੍ਰਿਸ਼ ਦੇ ਅੰਤ ਵਿਚ ਦਰਸ਼ਕਾਂ ਨੂੰ ਜੋਸ਼ੀਲੇ ਭਾਸ਼ਨ ਦੇਣ ਲਈ ਸੂਤਰਧਾਰਾਂ ਤੇ ਨਟੀਆਂ ਦੀ ਕੋਈ ਤੋਟ ਨਹੀਂ ਰਹਿਣ ਦਿੱਤੀ ਜਾਂਦੀ।

ਭੁੱਲੇ-ਵਿਸਰੇ ਹਰਮੋਨੀਅਮ-ਵਾਦਕਾਂ, ਨਗਾਰਾ ਅਤੇ ਨਾਲ ਵਜਾਉਣ ਵਾਲਿਆਂ ਨੂੰ ਮੰਚ ਵਿਚ ਅਚਨਚੇਤੀ ਨੌਕਰੀਦਾਤਾ ਲੱਭ ਪਿਆ ਹੈ। ਵਿਚਾਰੇ, ਪੁਰਾਣੇ ਸਨਾਤਨਵਾਦੀਆਂ ਨਾਲੋਂ ਉਹਨਾਂ ਅਦਾਕਾਰਾਂ ਦੀ ਮੰਗ ਵੀ ਵੱਧ ਗਈ ਹੈ ਜਿਹੜੇ ਗਾਉਣ ਦੇ ਨਾਲ-ਨਾਲ ਦੋ ਪੈਰ ਨੱਚ ਵੀ ਸਕਣ। ਕਿਵੇਂ ਸ਼ਹਿਰੀ ਵਿਸ਼ਿਸ਼ਟ ਵਰਗ ਨੇ ਇਸ ਸਭ ਕੁਝ ਨੂੰ ਆਪਣੀ ਝੋਲੀ ਵਿਚ ਪਾ ਲਿਆ ਹੈ। ਸਮਾਲੋਚਕਾਂ ਨੇ ਵੀ ਇਸ ਲਹਿਰ ਦੀ ਜੈ-ਜੈ ਕਾਰ ਕੀਤੀ ਹੈ। ਇਸ ਨੂੰ ਸ਼ੁਧ ਦੇਸੀ ਮੰਚ ਦੇ ਵਿਕਾਸ ਲਈ ਇਕ ਮਹੱਤਵਪੂਰਨ ਪੁਲਾਂਘ ਕਿਹਾ ਹੈ। ਆਮ ਤੌਰ ਤੇ ਸੁੱਤੀਆਂ ਰਹਿਣ ਵਾਲੀਆਂ ਅਕੈਡਮੀਆਂ ਨੇ ਵੀ ਇਸ ਸੁਰਜੀਤ ਹੋਈ ਲਹਿਰ ਨੂੰ ਪ੍ਰਵਾਨ ਕਰਨ, ਸਨਮਾਨਣ ਅਤੇ ਮਾਇਕ ਮਦਦ ਦੇਣ ਦਾ ਐਲਾਨ ਕਰਨ ਵਿਚ ਕੋਈ ਬਹੁਤੀ ਦੇਰ ਨਹੀਂ ਲਾਈ। ਸਭਿਆਚਾਰਕ ਵਿਭਾਗ ਦੇ ਗੁਣੀਂ ਪਹਿਰੇਦਾਰਾਂ 'ਤੇ ਵੀ ਹੁਲਾਸ ਤੇ ਖੇੜਾ ਆਇਆ ਹੈ। ਬਹੁਤ ਦੇਰ ਬਾਅਦ ਭਾਰਤੀ ਮੰਚ ਵਿਚ ਉਹਨਾਂ ਨੂੰ ਕੁਝ ਅਜਿਹਾ ਮਿਲਿਆ ਹੈ ਜਿਸਨੂੰ ਕਿ ਉਹ ਵਿਦੇਸ਼ਾਂ ਵਿਚ ਇਸ ਡਰ ਤੋਂ ਬਿਨਾਂ ਪ੍ਰਦਰਸ਼ਿਤ ਕਰ ਸਕਦੇ ਹਨ ਕਿ ਉਹਨਾਂ ਦਾ ਇਹ ਮੰਚ ਪੱਛਮੀ ਮੰਚ ਦੀ ਪੇਤਲੀ ਨਕਲ ਜਾਂ ਚਰਬਾ ਹੈ।

ਸਾਨੂੰ ਦੱਸਿਆ ਗਿਆ ਹੈ ਕਿ ਇਹ ਸਭ ਕੁਝ ਉਸ 'ਭਾਰਤੀਅਤਾ ਦੀ ਤਲਾਸ਼ ਲਈ, ਸਾਡੇ ਸ਼ਹਿਰੀ ਮੰਚ ਦਾ ਸਹਾਇਕ ਹੋਵੇਗਾ, ਜਿਹੜੀ ਕਿ ਕਿਤੇ ਸੜਕਾਂ ਤੇ ਗੁੰਮ-ਗਵਾਚ ਗਈ ਹੈ। ਪ੍ਰਤੱਖ ਤੌਰ ਤੇ ਇਸ ਸਾਰੇ ਵੱਡੇ ਨਸਲਪ੍ਰਸਤ ਤਮਾਸ਼ੇ ਦੀ ਤਹਿ ਵਿਚ ਆਪਣੀਆਂ 'ਜੜ੍ਹਾਂ' ਤਕ ਪਹੁੰਚਣ ਦੀ ਲਾਲਸਾ ਹੈ। ਇਥੋਂ ਤੀਕ ਕਿ 1982-83 ਵਿਚ ਨੈਸ਼ਨਲ ਸਕੂਲ ਆਫ ਡਰਾਮਾ ਨੇ ਇਕ ਵੱਡਾ ਪ੍ਰੋਜੈਕਟ ਜੰਗੀ ਪੱਧਰ 'ਤੇ ਆਰੰਭਿਆ, ਇਹਦਾ ਨਾਂ ਸੀ 'ਭਾਰਤੀ ਮੰਚ ਵਿਚ ਭਾਰਤੀਅਤਾ', ਜਿਸਦਾ ਮੰਤਵ ਸੀ : ਲੋਕ ਧਾਰਾਈ, ਪਰੰਪਰਕ ਰੂਪਾਂ ਦਾ ਡੂੰਘਾ ਅਧਿਐਨ ਕਰਨਾ ਅਤੇ ਭਾਰਤੀ ਮੰਚ ਵਿਚ ਭਾਰਤੀਅਤਾ ਦੇ ਤੱਤਾਂ ਨੂੰ ਡੂੰਘੀ ਤਰ੍ਹਾਂ ਵਿਚਾਰਨਾ...।'

ਪਿਛਲੇ ਕੁਝ ਵਰ੍ਹਿਆਂ ਦੌਰਾਨ ਇਨ੍ਹਾਂ ਖੇਤਰਾਂ ਵਿਚ ਹੋਏ ਵੱਡੇ ਨਾਟ-ਉਤਸਵਾਂ ਨਾਲ ਸੰਬੰਧਤ ਪ੍ਰਚਾਰ-ਸਮੱਗਰੀ ਨੂੰ ਚੁੱਕ ਕੇ ਵੇਖੋ, ਤੁਸੀਂ ਇਹਨਾਂ ਵਿਚ ਅਜਿਹੇ ਭਾਵਾਂ ਦੇ ਪ੍ਰਗਟਾ ਅਵੱਸ਼ ਦੇਖੋਗੇ। ਇਸਦਾ ਵਡੇਰਾ ਉਦੇਸ਼ ਇਹ ਹੈ ਕਿ : ਨਵੇਂ ਨਿਰਦੇਸ਼ਕਾਂ ਨੂੰ ਉਤਸ਼ਾਹਿਤ ਕਰਨਾ ਕਿ ਉਹ ਪ੍ਰਯੋਗਾਤਮਕ ਪੇਸ਼ਕਾਰੀਆਂ ਨੂੰ ਹੱਥ ਵਿਚ ਲੈਣ, ਜਿਹੜੀਆਂ ਪਰੰਪਰਕ, ਲੋਕ-ਨਾਟਕੀ ਰੂਪਾਂ ਤੋਂ ਪ੍ਰੇਰਨਾ ਲੈਂਦੀਆਂ ਹਨ...ਅਤੇ (ਅਸੀਂ) ਅਰਪਿਤ ਹਾਂ ਭਾਰਤੀ ਸਭਿਆਚਾਰ ਦੀ ਪੁਨਰ-ਸੁਰਜੀਤੀ ਲਈ—ਆਦਿ। ਇਸ ਤਰ੍ਹਾਂ ਦੇ ਘਾਲ-ਮਾਲ ਵਿਚ ਹਰ ਪਾਸੇ ਇਕ ਕੌਮੀ ਮੰਚ ਦੇ ਜਨਮ ਦੀ ਭਵਿੱਖ ਬਾਣੀ ਕੀਤੀ ਜਾ ਰਹੀ ਹੈ। ਭਾਵੇਂ ਕਿ ਇਸਦਾ ਅਰਥ ਕੁਝ ਵੀ ਹੋਵੇ।

ਬਹੁਗਿਣਤੀ ਉਹ ਨਿਰਦੇਸ਼ਕ ਜਿਹੜੇ ਇਨ੍ਹਾਂ ਜੜ੍ਹਾਂ ਦੀ ਤਲਾਸ਼ ਦੇ ਅਭਿਯਾਨ ਦਾ ਹਿੱਸਾ ਨੇ, ਇਸ ਪਰੰਪਰਕ ਰੂਪਾਂ ਬਾਰੇ ਗੱਲ ਕਰਦਿਆਂ, ਘਸੇ-ਪਿਟੇ ਮੁਹਾਵਰੇ ਵਰਤਦੇ ਨੇ : 'ਲੋਕ ਗੀਤਾਂ ਦੀ ਸਜੀਵਤਾ', ਪਰੰਪਰਕ ਵਿਦੂਸ਼ਕ ਦੇ ਤੱਤਾਤਮਕ ਗੁਣ ਅਤੇ ਇਸ ਤਰ੍ਹਾਂ ਦੇ ਹੋਰ ਸ਼ਬਦ। ਪਰ ਉਹ ਇਸ ਗਤੀ-ਮਾਨਤਾ, ਇਸ ਸਜੀਵਤਾ, ਇਸ ਤੱਤਾਤਮਕ ਗੁਣਾਂ ਨਾਲ ਸਹੀ ਅਰਥਾਂ ਵਿਚ ਕੀ ਕਰਨਾ ਲੋਚਦੇ ਨੇ, ਇਹ ਅਸਪਸ਼ਟ ਹੈ। ਉਹਨਾਂ ਦੀਆਂ ਪੇਸ਼ਕਾਰੀਆਂ ਦਰਸ਼ਕਾਂ ਵਿਚ ਭੜਕੀਲੀ ਸ਼ਕਤੀ ਪ੍ਰਚਾਰਣ ਤੋਂ ਇਲਾਵਾ ਹੋਰ ਕੁਝ ਵੀ ਕਰ ਗੁਜ਼ਰਨ ਦੇ ਅਸਮਰਥ ਹਨ ਅਤੇ ਅਨੁਭਵਾਂ ਦੀ ਪੇਚੀਦਗੀ ਬਾਰੇ ਚੇਤੰਨਤਾ ਨੂੰ ਉਹਨਾਂ ਇਕ ਪਾਸੇ ਰੱਖ ਦਿੱਤਾ ਹੈ।

ਪਿਛਲੇ ਸਾਲ ਕੇ.ਐਮ. ਪਣੀਕਰ, ਮਹਿੰਦਰ ਵਰਮਾ ਦੁਆਰਾ ਅਨੁਵਾਦਿਤ ਸੱਤਵੀਂ ਸਦੀ ਦੇ 'ਮੱਤ-ਵਿਲਾਸ' ਦੀ, ਐਨ.ਐਸ.ਡੀ. ਦੀ ਨਾਟ-ਮੰਡਲੀ ਨਾਲ ਰਿਹਰਸਲ ਕਰ ਰਿਹਾ ਸੀ। ਮੈਂ ਇਕ ਅਭਿਨੇਤਾ ਨੂੰ ਨਿਰਦੇਸ਼ਕ ਨਾਲ ਇਸ ਅਨੁਭਵ ਦੇ ਵਿਖਿਆਨ ਲਈ ਕਿਹਾ। ਉਹਦਾ ਸਿਰਫ ਏਨਾ ਉਤਰ ਸੀ "ਉਹ ਬਹੁਤ ਭਾਰਤੀਯ ਹੈ।" ਬਾਅਦ ਵਿਚ ਜਦੋਂ ਮੈਂ ਪੇਸ਼ਕਾਰੀ ਵੇਖੀ ਤਾਂ ਮੇਰੇ ਆਪੇ ਨੇ ਉਸ ਦੋਸਤ ਦੀ ਟਿੱਪਣੀ ਨਾਲ ਸਹਿਮਤੀ ਪ੍ਰਗਟਾਈ। ਇਹ ਜੇ ਕੋਈ ਸੀ ਤਾਂ ਇਕੋ, ਭਾਰਤੀ ਪੇਸ਼ਕਾਰੀ ਸੀ। ਅਸਲ ਵਿਚ ਇਹ ਲੱਗਦਾ ਸੀ ਕਿ ਇਹ ਭਾਰਤੀ ਹੋਣ ਤੋਂ ਏਨੀ ਪੂਰਵ ਆਗ੍ਰਹਿਤ ਸੀ ਕਿ ਇਹ 'ਕੁਝ ਵੀ ਹੋਰ' ਨਾ ਬਣ ਸਕੀ। ਇਥੋਂ ਤਕ ਕਿ ਇਹ ਕਾਬਲੇ ਬਰਦਾਸ਼ਤ ਪੇਸ਼ਕਾਰੀ ਵੀ ਨਹੀਂ ਸੀ। ਪਰੰਤੂ ਆਲੋਚਕਾਂ ਅਤੇ ਕੁਝ ਚੁਣਵੇਂ ਦਰਸ਼ਕਾਂ ਇਸਦੀ ਮਹਿਮਾਂ ਗਾਈ।

ਇਸੇ ਤਰ੍ਹਾਂ ਹੀ ਕੁਝ ਸਾਲ ਪਹਿਲਾਂ ਇਸੇ ਨਾਟ-ਮੰਡਲੀ ਦੁਆਰਾ ਬੀ. ਵੀ. ਕਾਰੰਥ ਦੀ ਨਿਰਦੇਸ਼ਨਾਂ ਵਿਚ ਇਕ ਹੋਰ 'ਮੀਲ-ਪੱਥਰ' ਪੇਸ਼ਕਾਰੀ ਕੀਤੀ ਗਈ। ਇਹ ਪੇਸ਼ਕਾਰੀ ਸ਼ੇਕਸਪੀਅਰ ਦੇ ਨਾਟਕ ਮੈਕਬਥ ਦਾ ਭਾਰਤੀ ਰੂਪਾਂਤਰਣ ਸੀ ਜਿਹੜਾ 'ਬਰਨਮ ਵਨ' ਦੇ ਨਾਂ ਹੇਠ 'ਯਕਸ਼ਗਾਨ' ਸ਼ੈਲੀ ਵਿਚ ਖੇਡਿਆ ਗਿਆ। ਬਹੁਤੇ ਆਲੋਚਕਾਂ ਨੇ ਜਨੂਨ ਦੀ ਹੱਦ ਤਕ ਇਸਦੇ ਸੋਹਲੇ ਗਾਏ। ਸੰਸਥਾਵਾਂ ਏਨੀਆਂ ਜ਼ਿਆਦਾ ਖੁਸ਼ ਸਨ ਕਿ ਉਹਨਾਂ ਇਸਨੂੰ ਲੰਡਨ ਵਿਚ ਮਨਾਏ ਗਏ ਭਾਰਤੀ-ਉਤਸਵ ਦਾ ਅੰਗ ਬਣਾ ਕੇ ਭੇਜਿਆ। ਜਦੋਂ

ਮੈਂ ਪਿਛਲੀ ਮਈ ਨੂੰ ਹੋਈ ਗੋਸ਼ਟੀ ਵਿਚ ਕਿਹਾ ਕਿ 'ਬਰਨਮ ਵਨ' ਦੀ ਸ਼ਾਇਦ ਇਕੋ ਪ੍ਰਾਪਤੀ ਹੈ ਕਿ ਇਹਨੇ ਸ਼ੈਕਸਪੀਅਰ ਅਤੇ ਯਕਸ਼ਗਾਨ ਦੋਵਾਂ ਦਾ ਬੇੜਾ ਗਰਕ ਕੀਤਾ ਹੈ ਤਾਂ ਮੈਂ ਵੇਖਿਆ ਮੇਰੇ ਨਾਲ ਬਹੁਤ ਥੋੜ੍ਹੀ ਗਿਣਤੀ ਵਿਚ ਲੋਕ ਸਹਿਮਤ ਸਨ।

ਇਸ ਭਾਰਤੀਅਤਾ ਦੀ ਮੁਹਿੰਮ ਨੂੰ ਜ਼ੋਰਾਂ-ਸ਼ੋਰਾਂ ਨਾਲ ਚਲਾਉਣ ਪਿੱਛੇ ਸਿਰਫ ਕੁਝ ਕੁ ਉੱਚ ਨਾਟਕੀ ਹਸਤੀਆਂ, ਆਲੋਚਕ ਅਤੇ ਪ੍ਰਤਿਸ਼ਠ ਵਰਗ ਹੀ ਨਹੀਂ, ਇਸਨੂੰ ਵਿਦੇਸ਼ਾਂ ਤੋਂ ਵੀ ਸਹਾਇਤਾ ਮਿਲ ਰਹੀ ਹੈ। ਫੋਰਡ ਫਾਊਂਡੇਸ਼ਨ ਵੀ ਅਜਿਹੇ ਪ੍ਰਯੋਜਨਾਂ ਦੀ ਸਹਾਇਤਾ ਕਰ ਰਹੀ ਹੈ। ਮੈਨੂੰ ਇਕ ਦਿਲਚਸਪ ਵਾਕਿਆ ਚੇਤੇ ਹੈ, ਜਿਹੜਾ ਭਾਰਤ ਭਵਨ ਵਿਚ, 1982 ਵਿਚ ਪੀਟਰ ਬਰੂਕ ਦੁਆਰਾ ਲਗਾਈ ਵਰਕਸ਼ਾਪ ਵਿਚ ਹੋਇਆ। ਇਕ ਤਤਕਾਲੀ-ਸਿਰਜਣਾ ਦੇ ਇਕ ਕਾਲ-ਖੰਡ ਦੌਰਾਨ ਜਦੋਂ ਕੁਝ ਅਭਿਨੇਤਾ ਇਸ ਨਿੱਕੇ ਟੁਕੜੇ ਨੂੰ ਸਿਰਜ ਰਹੇ ਸਨ, ਆਮ ਤੌਰ ਤੇ ਅਬੁਝ ਲੱਗਦਾ ਪੀਟਰ ਬਰੂਕ ਦਾ ਚਿਹਰਾ ਇਕਦਮ ਚਮਕ ਉੱਠਿਆ। ਅਦਾਕਾਰ ਸ਼ੈਲੀਗਤ ਨ੍ਰਿਤ-ਚਾਲਾਂ ਨਾਲ ਢੋਲਕ ਵਜਾ ਰਹੇ ਸਨ। "ਇਹ ਉਹ ਹੈ", ਉਪਰੰਤ ਹੋਈ ਵਿਚਾਰ ਵਿਚ ਉਸਨੇ ਕਿਹਾ : "ਇਸ ਥੋੜ੍ਹੇ ਕੁ ਵਿਚ ਸਭ ਕੁਝ ਸੀ...ਇਹਦੇ ਕੋਲ ਸੰਗੀਤ ਸੀ, ਇਹਦੇ ਕੋਲ ਨ੍ਰਿਤ ਸੀ, ਇਹ ਭਾਰਤੀ ਸੀ", ਜਾਂ ਅਜਿਹਾ ਹੀ ਪ੍ਰਭਾਵ ਦੇਣ ਵਾਲਾ ਕੁਝ।

ਪੀਟਰ ਬਰੂਕ ਜਿਹੇ ਉਚ ਥੀਏਟਰੀ ਰੁਤਬਾ ਰੱਖਦੇ ਬੰਦੇ ਦਾ ਇਹ ਕਥਨ, ਉਹਨਾਂ ਲੋਕਾਂ ਲਈ ਜੋ ਉਥੇ ਹਾਜ਼ਰ ਸਨ ਅਤੇ ਜਿਹੜੇ ਪਿਛਲੇ ਇਕ ਦਹਾਕੇ ਤੋਂ ਵੱਖ-ਵੱਖ ਪੱਧਰਾਂ ਤੇ 'ਹਿੰਦੁਸਤਨੀ' ਮੰਚ ਦੇ ਵਿਕਾਸ ਲਈ ਅਜਿਹੀ ਮੁਹਿੰਮ ਵਿਚ ਅਮਲੀ ਤੌਰ ਤੇ ਸ਼ਾਮਲ ਸਨ, ਉਹਨਾਂ ਦੀ ਸੋਚ ਅਤੇ ਠੀਕ ਰਾਹ ਤੇ ਤੁਰਨ ਲਈ ਪੁਨਰ ਪੁਸ਼ਟੀ ਸੀ।

ਮੈਂ ਵਿਸ਼ਵਾਸ ਕਰਦਾ ਹਾਂ ਕਿ ਭਾਰਤੀਅਤਾ ਦੇ ਸੰਕਲਪ ਦੀ ਮੁਢਲੀ ਸਮਝ ਜਿਹੜੀ ਇਸ ਲਹਿਰ ਤੋਂ ਪੱਲੇ ਪੈਂਦੀ ਹੈ, ਨਾਪੱਖੀ ਹੋਣ ਤੋਂ ਇਲਾਵਾ ਓਪਰੀ ਤੇ ਸਤਹੀ ਹੈ। ਐਨ. ਐਸ. ਡੀ. ਦੁਆਰ 'ਭਾਰਤੀਅਤਾ ਦੀ ਪ੍ਰਯੋਜਨਾ' ਉਤੇ ਕੱਢੀ ਇਕ ਛੋਟੀ ਪੁਸਤਕਾਂ ਦੇ ਹਵਾਲੇ ਨਾਲ : "ਸਮੇਂ ਦੇ ਬੀਤਣ ਨਾਲ......ਪੱਛਮੀ ਨਾਟਕ ਨੇ ਸਾਡੇ ਤੇ ਗਲਬਾ ਪਾਇਆ ਹੈ ਤੇ ਜੋ ਕੁਝ ਸਾਡਾ ਆਪਣਾ ਸੀ ਉਹ ਗਵਾਚ ਗਿਆ ਹੈ............ਸਾਡੇ ਕੁਝ ਮਿੱਤਰਾਂ ਨੇ ਮਹਿਸੂਸ ਕੀਤਾ ਹੈ ਕਿ ਇਸਨੂੰ ਜਾਰੀ ਨਹੀਂ ਰਹਿਣ ਦੇਣਾ ਚਾਹੀਦਾ ਅਤੇ ਆਪਣੇ ਦੇਸੀ ਮੰਚ ਦੀ ਭਾਲ ਲਈ ਕਦਮ ਚੁੱਕੇ ਗਏ (ਅਤੇ ਚੁਕੇ ਜਾਣੇ ਹਨ)"। ਇਹ ਠੀਕ ਹੈ ਕਿ 1950 ਤੇ 60 ਦੌਰਾਨ ਮੁੱਖ ਹਿੰਦੀ ਖੇਤਰੀ ਸ਼ਹਿਰਾਂ ਵਿਚ ਰੂਪ ਤੇ ਵਿਸ਼ੇ ਪੱਖੋਂ ਉਸ ਮੰਚ ਦਾ ਗਲਬਾ ਰਿਹਾ ਜਿਸਦਾ ਕਿ ਵੀਹਵੀਂ ਸਦੀ ਦੇ ਯੋਰਪੀਅਨ ਨਾਟਕੀ ਨਮੂਨੇ ਵੱਲ ਅਤਿ ਅਧਿਕ ਝੁਕਾਅ ਸੀ।

ਕੁਝ ਹੱਦ ਤੱਕ ਇਹ ਰੁਝਾਨ ਅੱਜ ਵੀ ਦੇਖਣ ਵਿਚ ਆਉਂਦਾ ਹੈ। ਸ਼ਾਇਦ ਇਹ ਇਸ ਗੱਲ ਦਾ ਪ੍ਰਤਿਕਰਮ ਹੀ ਹੋਵੇ ਕਿ ਸੱਤ੍ਹਰਵਿਆਂ ਵਿਚ ਅਸੀਂ ਸ਼ਹਿਰੀ ਨਾਟ-ਲੇਖਕਾਂ ਅਤੇ ਨਿਰਦੇਸ਼ਕਾਂ ਨੂੰ ਵਿਆਪਕ ਪੱਧਰ ਤੇ ਲੋਕ ਧਾਰਾਈ, ਕਬਾਇਲੀ, ਸਨਾਤਨੀ ਅਤੇ ਹੋਰ ਪਰੰਪਰਕ ਨਾਟਕੀ ਰੂਪਾਂ ਨੂੰ ਵਰਤਦਿਆਂ ਵੇਖਿਆ।

ਨਾਟਕ ਨਾਲ ਸੰਬੰਧਤ ਨਵੀਂ ਪੀੜ੍ਹੀ ਦੇ ਲੋਕ ਪੰਜਾਵਿਆਂ ਅਤੇ ਸੱਠਵਿਆਂ ਦੇ 'ਹਿੰਦੁਸਤਾਨੀ' ਨਾਟਕੀ ਮੰਚ ਨੂੰ ਸਲਾਹ ਨਹੀਂ ਸਕੇ। ਇਹਦਾ ਕਾਰਨ ਇਹਦੀ ਬੌਧਿਕਤਾ ਅਤੇ ਪੱਛਮੀ ਬਣਤਰ ਨਹੀਂ ਸੀ ਜਿਸ ਵਿਚ ਬੱਝ ਕੇ ਹੀ ਇਹ ਨਾਟਕ ਤੁਰਦੇ ਸਨ, ਪਰ ਬਹੁਤ ਵੱਡੀ ਪੱਧਰ ਤੇ ਵੰਡ ਤੋਂ ਪਿੱਛੋਂ ਦੇ ਭਾਰਤ ਵਿਚ ਨਾਟਕ ਦੀ ਜ਼ਿੰਦਗੀ, ਸਮੱਸਿਆਵਾਂ ਅਤੇ ਆਮ ਬੰਦੇ ਦੀ ਜਦੋਜਹਿਦ ਤੋਂ ਅਲਹਿਦਗੀ ਸੀ। ਇਹ ਨਾਟਕ ਆਪਣੀ ਦਿੱਖ ਅਤੇ ਵੱਖ ਪੱਖੋਂ ਬੇਅਰਥ ਅਤੇ ਵਿਯੋਗਿਆ ਹੋਇਆ ਸੀ, ਆਪਣੀ ਉਧਾਰੀ ਸ਼ੈਲੀ ਕਾਰਨ ਨਹੀਂ, ਸਗੋਂ ਇਸ ਕਰਕੇ ਕਿ ਇਹ ਆਪਣੇ ਆਲੇ ਦੁਆਲੇ ਤੋਂ ਟੁੱਟਿਆ ਹੋਇਆ ਸੀ।

1940 ਵਿਚ ਵੇਖਿਆ ਗਿਆ ਕਿ ਕੌਮੀ ਪੱਧਤ ਤੇ ਇੰਡੀਅਨ ਪੀਪਲਜ਼ ਥੀਏਟਰ (ਇਪਟਾ)ਦੀ ਅਗਵਾਈ ਵਿਚ ਪਰੰਪਰਕ ਨਾਟਕੀ ਰੂਪਾਂ ਨਾਲ ਪ੍ਰਯੋਗ ਦਾ ਰੁਝਾਨ ਵਿਆਪਕ ਸੀ। ਇਪਟਾ ਪੇਂਡੂ ਲੋਕਾਂ ਅਤੇ ਫੈਕਟਰੀ ਮਜ਼ਦੂਰਾਂ ਨੂੰ ਐਂਟੀ ਕਲੋਨੀਅਲ ਜਦੋਜਹਿਦ ਦੀ ਮੁੱਖ ਧਾਰਾ ਵਿਚ ਲਿਆਉਣਾ ਚਾਹੁੰਦੀ ਸੀ। ਬੰਗਾਲ ਅਤੇ ਕੇਰਲਾ ਵਿਚ ਇਹ ਲਹਿਰ ਆਜ਼ਾਦੀ ਤੋਂ ਬਾਅਦ ਨਿਰੰਤਰ ਤੁਰਦੀ ਰਹੀ ਅਤੇ ਇਸ ਮੰਚ ਨੇ ਲੋਕ ਜੀਵਨ ਦੇ ਅਨੁਕੂਲ ਪ੍ਰਤਿਉੱਤਰ ਪੇਸ਼ ਕੀਤਾ।

ਖ਼ੈਰ ਨੌਰਥ ਇੰਡੀਅਨ ਸ਼ਹਿਰੀ ਰੰਗ ਮੰਚ, ਵਿਆਪਕ ਲੋਕ-ਤੰਤਰੀ ਲਹਿਰ ਦੀ ਘਾਟ ਕਾਰਨ ਇਹਨੂੰ ਬਣਾਈ ਰੱਖਣ ਦੇ ਯੋਗ ਨਹੀਂ ਸੀ। ਬੜੀ ਤੇਜ਼ੀ ਨਾਲ ਇਹਨੇ ਸੌਖੇ ਰਾਹ ਨੂੰ ਚੁਣਿਆਂ, ਉਹ ਰਾਹ ਸੀ, ਬਹੁਤ ਵਿਸ਼ਿਸ਼ਟ, ਬਹੁਤੇ ਪੜ੍ਹੇ ਲਿਖੇ ਲੋਕਾਂ ਦੀ ਬੌਧਿਕ ਤੇ ਸੁਹਜ ਭੁੱਖ ਨੂੰ ਪੂਰਨਾ। ਇਹ ਨਾਟਕ ਵੀ ਨਕਲੀ ਤੇ ਝੂਠੀ ਪੱਛਮੀ ਦਿਖ ਵਾਲਾ ਹੋ ਗਿਆ।

ਅਜਿਹੇ ਸਜਾਵਟੀ ਬਣਤਰ ਜਿਹੇ ਨਾਟਕ ਵੱਲ ਪ੍ਰਤਿਕਿਰਿਆ ਜੋ 1970ਵਿਆਂ ਵਿਚ ਹੋਈ ਜਿਵੇਂ ਕਿ ਮੈਂ ਕਿਹਾ ਹੈ, ਇਹ ਡੂੰਘੇ ਵਿਸ਼ਲੇਸ਼ਣ ਉੱਤੇ ਆਧਾਰਤ ਨਹੀਂ ਸੀ। ਇਸਨੇ ਸਥਾਪਤ ਨਾਟਕ ਨੂੰ ਯੋਰਪੀਅਨ ਥੀਏਟਰ ਦੇ ਜ਼ਰਦ ਪਰਛਾਵੇਂ ਵਾਂਗ ਦੇਖਿਆ ਪਰ ਇਸ ਵਰਤਾਰੇ ਨੂੰ ਸਮਝਿਆ ਨਾ। ਇਸ ਅਣ-ਆਲੋਚਨਾਤਮਕ ਪਹੁੰਚ ਕਾਰਨ ਨਵੀਂ ਨਾਟਕੀ ਪੀੜ੍ਹੀ ਨੇ ਇਸ ਥੀਏਟਰ ਨੂੰ ਪੱਛਮੀ, ਅਭਾਰਤੀ, ਓਪਰਾ ਤੇ ਵਿਯੋਗਿਆ ਕਹਿਕੇ ਦਬਾ ਦਿੱਤਾ। ਨਵੀਂ ਪੀੜ੍ਹੀ ਨੇ ਇਹਦੀ ਥਾਂ ਜੋ ਸਿਰਜਿਆ ਉਹ ਵੀ, ਕੁਝ ਕੁ ਅਪਵਾਦਾਂ ਨੂੰ ਛੱਡ ਕੇ, ਸਾਰੇ ਪਰੰਪਰਕ ਨਾਟਕੀ ਰੂਪਾਂ ਦੀ ਪਕੜ ਅਤੇ ਤੜਕ-ਭੜਕ ਦੇ ਬਾਵਜੂਦ, ਉਸੇ ਤਰ੍ਹਾਂ ਅਭਾਰਤੀ ਹੀ ਰਿਹਾ।

ਇਹ ਇਸ ਲਈ ਕਿ ਭਾਰਤੀਅਤਾ ਸਿਰਫ ਰੂਪ ਦੀ ਗੱਲ ਨਹੀਂ। ਇਹ ਤਾਂ ਸਾਡੇ ਮਨਸ਼ੇ, ਸਾਡੀ ਸੋਚ ਦੀ ਗੱਲ ਹੈ। ਇਹਦੇ ਲਈ ਭਾਰਤ ਨੂੰ ਇਤਿਹਾਸਕ ਪੱਖੋਂ, ਸਗਵੇਂ ਰੂਪ ਵਿਚ ਸਮਝਣ ਦੀ ਬਹੁਤ ਲੋੜ ਹੈ। ਭੂਤ, ਵਰਤਮਾਨ ਅਤੇ ਭਵਿੱਖ ਪ੍ਰਤਿ ਬਹੁਤ ਸਾਵੀਂ ਦ੍ਰਿਸ਼ਟੀ ਦੀ ਲੋੜ ਹੈ। ਕੋਈ ਵੀ ਨਾਟਕ ਸਿਰਫ ਆਪਣੀ ਦਿਖਾਵਟ ਕਰਕੇ ਭਾਰਤੀ ਨਹੀਂ ਬਣ ਸਕਦਾ।

ਸਾਡਾ ਨਾਟਕ ਤਾਂ ਹੀ ਭਾਰਤੀ ਹੋਵੇਗਾ ਜਦੋਂ ਇਹ ਭਾਰਤੀ ਲੋਕਾਂ ਨਾਲ ਡੂੰਘੀ ਤਰ੍ਹਾਂ ਜੁੜੇਗਾ। ਇਹ ਠੀਕ ਹੈ ਕਿ ਸਾਡੀ ਕ੍ਰਿਸਾਨੀ, ਸਾਡੇ ਕਬੀਲੇ ਤੇ ਏਥੋਂ ਤਕ ਕਿ

ਸ਼ਹਿਰੀ ਲੋਕ ਵੀ, ਰਹੁ ਰੀਤਾਂ, ਕਰਮਕਾਂਡਾਂ ਅਤੇ ਧਰਮ ਦੀਆਂ ਬੇੜੀਆਂ ਵਿਚ ਜਕੜੇ ਹੋਏ ਹਨ। ਸ਼ਾਇਦ ਇਸੇ ਤਰ੍ਹਾਂ ਇਹ ਵੀ ਸਚਾਈ ਹੈ ਕਿ ਇਹਨਾਂ ਵਿਚੋਂ ਬਹੁਤਿਆਂ ਲਈ ਧਰਮ ਹੀ ਇਕ ਨਿਆਇਕ ਵਿਸ਼ਵ-ਦ੍ਰਿਸ਼ਟੀ ਹੈ। ਪਰ ਇਹ ਤੱਥ ਵੀ ਤਾਂ ਪੂਰੀ ਤਰ੍ਹਾਂ ਸੱਚ ਹੈ ਕਿ ਦਰਅਸਲ ਇਹੋ ਉਹਨਾਂ ਦੇ ਪਛੜੇਪਣ ਦਾ ਪੈਮਾਨਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਉਹਨਾਂ ਦੀ ਇਸ ਕੰਗਾਲੀ ਦੇ ਦਲਾਲ ਬਣੀਏ। ਬੀਤ ਚੁੱਕੇ ਦੇ ਦਰਸ਼ਨ, ਮਿੱਥਾਂ, ਰੂਪਕਾਂ, ਬਿੰਬਾਂ ਤੇ ਬਣਤਰਾਂ ਰਾਹੀਂ ਸਮਕਾਲੀ ਜੀਵਨ ਨੂੰ ਵੇਖਿਆਂ ਕੁਝ ਨਹੀਂ ਬਣੇਗਾ।

ਸਾਡੇ ਬਹੁਤ ਸਾਰੇ ਲੋਕਾਂ ਉਤੇ ਸਖ਼ਤ ਗਰੀਬੀ ਦੀ ਜਕੜ, ਚਕਾਚੌਂਧ ਕਰ ਦੇਣ ਵਾਲੀਆਂ ਸਮਾਜਕ ਤੇ ਆਰਥਿਕ ਨਾਬਰਾਬਰੀਆਂ, ਉਹ ਭ੍ਰਿਸ਼ਟਾਚਾਰ ਜਿਹੜਾ ਕੈਂਸਰ ਵਾਂਗ ਸਾਡੇ ਨਿਜ਼ਾਮ ਵਿਚ ਰਚ ਗਿਆ ਹੈ, ਰਾਜ ਸ਼ਕਤੀ ਅਤੇ ਪੂੰਜੀ ਵਿਚ ਜਿਹੜਾ ਨਾਪਾਕ ਗਠਜੋੜ ਹੈ, ਰਾਜਾਂ ਦਾ ਦਮਨਕਾਰੀ ਉਪਕਰਣ ਜਿਹੜਾ ਸਥਾਪਤੀ ਨੂੰ ਦਿੱਤੀ ਜਾਂਦੀ ਕਿਸੇ ਵੀ ਤਰ੍ਹਾਂ ਦੀ ਵੰਗਾਰ ਨੂੰ ਕੁਚਲਦਾ ਹੈ, ਸਮਾਜਕ ਧਾਗਿਆਂ ਨੂੰ ਪੂਰੀ ਤਰਤੀਬ ਨਾਲ ਫਿਰਕੂ ਰੰਗ ਵਿਚ ਰੰਗਣਾ, ਸਾਮਰਾਜੀ ਸਭਿਆਚਾਰ ਦੇ ਵੱਡੀ ਵੱਡੀ ਪੱਧਰ ਤੇ ਟੀਕੇ ਲਾਉਣ ਆਦਿ : ਇਹ ਸਭ ਕੁਝ ਬੜੇ ਪ੍ਰਤੱਖ ਰੂਪ ਵਿਚ ਉਸੇ ਤਰ੍ਹਾਂ ਸਾਡੇ ਸਮਾਜ ਵਿਚ ਉਪਸਥਿਤ ਹੈ ਜਿਵੇਂ ਸਾਡੇ ਪਰੰਪਰਕ ਗੀਤ, ਨ੍ਰਿਤ, ਮੁਖੌਟੇ ਅਤੇ ਰਹੁ-ਰੀਤਾਂ। ਇਸ ਭਾਰਤ ਬਾਰੇ ਕੀ ਵਿਚਾਰ ਹੈ? ਕੀ ਸਾਡਾ ਰੰਗਮੰਚ ਇਹਨਾਂ ਦੀ ਪੜਤਾਲ, ਵਿਸ਼ਲੇਸ਼ਣ ਅਤੇ ਕਲਾਤਮਕ ਸਿਰਜਣ ਤੋਂ ਬਗੈਰ ਭਾਰਤੀ ਹੋ ਸਕਦਾ ਹੈ?

ਪਰ ਯਥਾਰਥ ਦੀ ਅਜਿਹੀ ਤਸਵੀਰ ਉਹਨਾਂ ਕਲਾਕਾਰਾਂ ਨੂੰ ਰਾਸ ਨਹੀਂ ਜਿਹੜੇ ਜ਼ਿੰਦਗੀ ਨੂੰ ਇਕ ਆਕਰਸ਼ਕ ਕੈਲੰਡਰ ਦੇ ਵਾਂਗ ਲੈਂਦੇ ਹਨ, ਜਿਹੜਾ ਕਿ ਪ੍ਰਦਰਸ਼ਨ ਲਈ ਲਟਕਾ ਦਿੱਤਾ ਜਾਂਦਾ ਹੈ, ਜਿਹੜਾ ਕਿਸੇ ਨੂੰ ਵੀ ਚੋਭ ਨਹੀਂ ਲਾਉਂਦਾ। ਅਜਿਹੀ ਜਮਾਤ ਦਾ ਕਲਾ-ਸੰਕਲਪ ਕਦੇ ਵੀ ਪ੍ਰੇਸ਼ਾਨ ਨਹੀਂ ਕਰਦਾ ਜਾਂ ਜੇਕਦੇ ਕਰਦਾ ਵੀ ਹੈ ਤਾਂ ਓਪਰੀ ਜਿਹੀ, ਝੂਠੀ ਮੁਦਰਾ ਵਿਚ। ਇਹ ਉਸ ਕਲਾ-ਰੁਝਾਨ ਨੂੰ ਵੀ ਪੈਦਾ ਕਰਦਾ ਹੈ ਜਿਹੜੀ ਬੜਾ ਸੁਖਾਲਾ ਤੇ ਆਰਾਮਦੇਹ ਅੰਦਾਜ਼ ਅਪਨਾਉਂਦੀ ਹੈ।

ਮੇਰਾ ਇਹ ਵਿਚਾਰ ਹੈ ਕਿ ਪਿਛਲੇ ਡੇਢ ਦਹਾਕੇ ਵਿਚ ਬਹੁਤ ਕੁਝ ਜੋ ਉਤਰੀ ਭਾਰਤੀ ਰੰਗਮੰਚ (North Indian Theatre) ਵਿਚ ਅਤੇ 'ਭਾਰਤੀਅਤਾ' ਦੀ ਮੁੜ ਸੁਰਜੀਤੀ ਦੇ ਨਾਂ ਤੇ ਵਾਪਰਿਆ, ਉਹ ਇਸੇ ਰੁਝਾਨ ਦਾ ਲਖਾਇਕ ਹੈ।

[ਅਨੁ: ਸ. ਸ. ਬ.]

□

ਹਾਸ਼ਮੀ ਅਤੇ ਉਸਦੇ ਸਾਥੀਆਂ ਦਾ ਪੀਟਰ ਬਰੁੱਕ ਨਾਲ ਵਿਚਾਰ—ਵਟਾਂਦਰਾ

ਵੀਹਵੀ ਸਦੀ ਦੀਆਂ ਕੁਝ ਮਹਾਨ ਥੀਏਟਰੀ ਸ਼ਖਸੀਅਤਾਂ ਆਮ ਤੌਰ ਤੇ ਪੇਸ਼ਕਾਰੀ ਦੀਆਂ ਆਪਣੀਆਂ ਨਵੀਆਂ ਤਕਨੀਕਾਂ ਕਾਰਨ ਸਹਿਜੇ ਹੀ ਪਛਾਣੀਆਂ ਜਾਂਦੀਆਂ ਹਨ। ਪਰੰਤੂ ਪੀਟਰ ਬਰੁੱਕ ਇਕ ਅਜਿਹੀ ਸ਼ਖਸੀਅਤ ਹੈ ਜੋ ਕਈ ਵਰ੍ਹਿਆਂ ਤੋਂ ਯੁਵਾ ਰੰਗ-ਕਰਮੀਆਂ ਲਈ ਪ੍ਰੇਰਨਾ ਦਾ ਸੋਮਾ ਬਣਿਆ ਹੈ; ਨਾ ਕੇਵਲ ਨਵੀਂ ਤਕਨੀਕ ਦੀ ਵਜ੍ਹਾ ਕਾਰਨ, ਬਲਕਿ ਆਪਣੇ ਕੰਮ ਦੀਆਂ ਖੋਜ-ਪੂਰਨ ਸੰਭਾਵਨਾਵਾਂ ਤੇ ਵਿਸਤਾਰਾਂ ਦੀ ਬਦੌਲਤ ਵੀ। ਪੀਟਰ ਦਾ ਜਨਮ 1925 ਵਿਚ ਹੋਇਆ, 1943 ਵਿਚ ਉਸ ਨੇ ਪਹਿਲਾ ਨਾਟਕ ਖੇਡਿਆ 'ਡਾਕਟਰ ਫਾਸਟਸ'। ਉਸ ਨੇ 20 ਸਾਲਾਂ ਦੀ ਉਮਰ ਵਿਚ ਸਟਰੈਟਫੋਰਡ ਵਿਖੇ ਸ਼ੇਕਸਪੀਅਰ ਦੇ ਨਾਟਕਾਂ 'ਦਾ ਨਿਰਦੇਸ਼ਨ ਆਰੰਭਿਆ। 1951 ਵਿਚ ਸ਼ੇਕਸਪੀਅਰ ਦੇ ਨਾਟਕ 'ਮੈਜ਼ੇਰ ਫਾਰ ਮੈਜ਼ੇਰ' ਦੀ ਪੇਸ਼ਕਾਰੀ ਨਾਲ ਉਸ ਦਾ ਨਾਂ ਇਕ ਕਲਪਨਾਸ਼ੀਲ ਨਿਰਦੇਸ਼ਕ ਦੇ ਤੌਰ ਤੇ ਜਾਣਿਆਂ ਜਾਣ ਲੱਗਾ। ਇਸ ਤੋਂ ਬਾਅਦ ਯੂਰਪ ਵਿਚ ਪੀਟਰ ਬਰੁੱਕ ਦੀਆਂ ਕਈ ਮੱਹਤਵਪੂਰਨ ਨਾਟ-ਪੇਸ਼ਕਾਰੀਆਂ ਨੇ ਆਪਣੀ ਸਾਖ ਬਣਾਈ। 1962 ਵਿਚ ਉਸ ਨੇ ਰਾਇਲ ਸ਼ੇਕਸਪੀਅਰ ਕੰਪਨੀ ਦਾ ਕਾਰਜ-ਭਾਗ ਸੰਭਾਲਿਆ ਅਤੇ 'ਕਿੰਗ ਲੀਅਰ' ਤੇ ਹੋਰ ਨਾਟਕਾਂ ਦੀਆਂ ਯਾਦਗਰੀ ਪ੍ਰੋਡਕਸ਼ਨਾਂ ਕੀਤੀਆਂ। 1966 ਵਿਚ ਉਸ ਦਾ ਵੀਅਤਨਾਮ ਬਾਰੇ ਪ੍ਰਸਿੱਧ ਨਾਟਕ 'ਯੂ ਐਸ' ਖੇਡਿਆ ਗਿਆ। ਪੀਟਰ ਬਰੁੱਕ ਦੇ ਥੀਏਟਰ ਕੈਰੀਅਰ ਵਿਚ ਵੱਡਾ ਮੁੜ ਉਦੋਂ ਆਇਆ ਜਦੋਂ ਉਸ ਨੇ ਪੈਰਿਸ ਵਿਚ ਜਾ ਕੇ ਵਿਸ਼ਵ ਭਰ ਦੇ ਅਦਾਕਾਰਾਂ ਨੂੰ ਲੈ ਕੇ 'ਇੰਟਰਨੈਸ਼ਨਲ ਸੈਂਟਰ ਫਾਰ ਥੀਏਟਰ ਕਰੀਏਸ਼ਨ' ਰੈਪਰਟਰੀ ਸਥਾਪਿਤ ਕੀਤੀ। ਉਸ ਦੀ ਪਹਿਲੀ ਪੇਸ਼ਕਾਰੀ 'ਏ ਮਿਡ ਸਮਰ ਨਾਈਟਸ ਡਰੀਮ' ਦੀ ਕ੍ਰਾਂਤੀਕਾਰੀ ਵਿਆਖਿਆ ਸੀ। ਇਸ ਨੂੰ ਉਸ ਨੇ 1790 ਵਿਚ ਖਾਲੀ ਮੰਚ ਤੇ ਸਰਕਸੀ ਤਕਨੀਕ ਵਿਚ ਖੇਡਿਆ। ਪੀਟਰ ਨੇ ਰੂਸ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਵਿਚ ਥੀਏਟਰ ਵਰਕਸ਼ਾਪਾਂ ਦਾ ਆਯੋਜਨ ਕੀਤਾ ਅਤੇ ਨਾਟਕ ਖੇਡੇ। ਅਜਕਲ ਉਹ ਮਹਾਂਭਾਰਤ ਤੇ ਆਧਾਰਿਤ ਨਾਟਕ ਦੀ ਤਿਆਰੀ ਕਰ ਰਿਹਾ ਹੈ (ਇਹ ਨਾਟਕ ਵੀ ਹੁਣ ਖੇਡਿਆ ਜਾ ਚੁੱਕਾ ਹੈ-ਅਨੁ:) ਉਹ ਫਰਵਰੀ 1982 ਵਿਚ ਭਾਰਤ ਵਿਚ ਆਇਆ। 9 ਤੇ 11 ਫਰਵਰੀ 1982 ਨੂੰ ਪੀਟਰ ਬਰੁੱਕ ਨੇ ਜਨ ਨਾਟਯ ਮੰਚ ਦੇ ਨੁੱਕੜ ਨਾਟਕ ਦੇਖੇ। ਉਸ ਸਮੇਂ ਸਫ਼ਦਰ ਹਾਸ਼ਮੀ ਅਤੇ ਐਨ ਕੇ ਸ਼ਰਮਾ ਨੇ ਪੀਟਰ ਨਾਲ ਜਨ ਨਾਟਯ ਮੰਚ ਵੱਲੋਂ ਇੰਟਰਵਿਊ ਕੀਤੀ। ਪ੍ਰਮੁੱਖ ਰੰਗ ਕਰਮੀ ਐਮ ਕੇ ਰੈਣਾ ਨੇ ਇਸ ਇੰਟਰਵਿਊ ਲਈ ਸਹਿਯੋਗ ਦਿੱਤਾ। ਭਾਰਤ ਦੀ ਥੀਏਟਰ ਲਹਿਰ ਦੇ ਕੁਝ ਮਹੱਤਵਪੂਰਨ ਮੁੱਦੇ ਅਤੇ ਸਵਾਲ ਇਸ ਵਿਚ ਉਭਰੇ।

(ਜਨਮ: ਜਨ ਨਾਟਯ ਮੰਚ, ਪ.ਬ: ਪੀਟਰ ਬਰੁੱਕ)

ਜਨਮ : ਕੀ ਪੈਰਿਸ ਦੇ 1968 ਦੇ ਵਿਦਿਆਰਥੀ-ਅੰਦੋਲਨ ਵਾਂਗ ਯੂਰਪ ਦੀਆ ਰਾਜਸੀ ਲਹਿਰਾਂ ਜਾਂ ਵੀਅਤਨਾਮ-ਜੰਗ ਦੇ ਵਿਰੋਧ ਦੀ ਲਹਿਰ ਨੇ ਤੁਹਾਡੇ ਥੀਏਟਰ ਨੂੰ ਪ੍ਰਭਾਵਿਤ ਕੀਤਾ ?

ਪ.ਬ : ਇਸ ਮਾਮਲੇ ਵਿਚ ਵੀਅਤਨਾਮ ਜੰਗ ਤਾਜ਼ਾ-ਤਰੀਨ ਉਦਾਹਰਣ ਹੈ। ਉਸ ਸਮੇਂ ਮੈਂ ਰਾਇਲ ਸ਼ੇਕਸਪੀਅਰ ਥੀਏਟਰ ਵਿਚ ਕੰਮ ਕਰ ਰਿਹਾ ਸਾਂ, ਇਹ ਨੈਸ਼ਨਲ ਥੀਏਟਰ ਵਰਗਾ ਕਾਫ਼ੀ ਵੱਡਾ ਥੀਏਟਰ ਹੈ ਭਾਵੇਂ ਕਿ ਬਿਲਕੁਲ ਉਸੇ ਜਿਹਾ ਨਹੀਂ ਹੈ। ਨੈਸ਼ਨਲ ਥੀਏਟਰ ਕਈ ਢੰਗਾਂ ਨਾਲ ਸਟੇਟ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ, ਜਦੋਂ ਕਿ ਰਾਇਲ ਸ਼ੇਕਸਪੀਅਰ ਥੀਏਟਰ ਵਿਚ ਅਸੀਂ ਸਮਾਜਵਾਦੀ ਥੀਏਟਰ ਕਰਨ ਲਈ ਆਪਣੇ ਆਪ ਨੂੰ ਹਮੇਸ਼ਾਂ ਆਜ਼ਾਦ ਮਹਿਸੂਸ ਕਰਦੇ ਹਾਂ। ਜਿਸਦੀ ਬਰਤਾਨਵੀ ਵਿਆਖਿਆ ਕਰਨੀ ਹੋਵੇ ਤਾਂ ਭਾਵ ਹੋਵੇਗਾ-ਪਾਪੂਲਰ ਥੀਏਟਰ।

ਤੁਹਾਡੇ ਲਈ ਪਾਪੂਲਰ ਥੀਏਟਰ ਕਮਰਸ਼ੀਅਲ ਥੀਏਟਰ ਦੇ ਅਰਥਾਂ ਵਿਚ ਸਵੀਕਾਰ ਕੀਤਾ ਜਾਂਦਾ ਹੈ, ਜਦੋਂ ਕਿ ਸਾਡੇ ਵੱਲ ਪਾਪੂਲਰ ਥੀਏਟਰ ਦਾ ਅਰਥ ਲੋਕਾਂ ਨਾਲ ਜੁੜਿਆ ਗਤੀਸ਼ੀਲ ਅਤੇ ਜਾਨਦਾਰ ਥੀਏਟਰ ਹੈ। 1965 ਵਿਚ ਜਦੋਂ ਅਸੀਂ 'ਮਾਰਾਤ-ਸਾਦ, (**Marat Sade**) ਖੇਡ ਚੁੱਕੇ ਸਾਂ ਤਾਂ ਅਸੀਂ ਵੀਅਤਨਾਮ ਜੰਗ ਬਾਰੇ ਨਾਟਕ ਖੇਡਣ ਦੀ ਲੋੜ ਵੀ ਸ਼ਿੱਦਤ ਨਾਲ ਮਹਿਸੂਸ ਕੀਤੀ। ਅਸਲ ਵਿਚ ਉਸ ਸਮੇਂ ਸਾਡੇ ਲਈ ਜੋ ਹੈਰਤ ਵਾਲੀ ਗੱਲ ਸੀ ਉਹ ਇਹ ਸੀ ਕਿ ਥੀਏਟਰ ਵੀਅਤਨਾਮ ਵਿਚ ਹੋ ਰਹੀ ਜੰਗ ਬਾਰੇ ਗੱਲ ਨਹੀਂ ਸੀ ਕਰ ਰਿਹਾ। ਵੀਅਤਨਾਮ ਬਾਰੇ ਅਸੀਂ ਆਪਣੇ ਨਾਟਕ ਵਿਚ ਕੋਈ ਪਾਰਟੀ ਲਾਈਨ ਨਹੀਂ ਲੈਣੀ ਚਾਹੀ। ਮੈਂ ਹਮੇਸ਼ਾ ਮਹਿਸੂਸ ਕੀਤਾ ਹੈ ਕਿ ਭਾਵੇਂ ਰਾਜਨੀਤਿਕ ਤੌਰ ਤੇ ਸਾਡੇ ਖੱਬੇ ਪੱਖੀ ਵਿਚਾਰ ਹੀ ਹੋਣ ਪਰ ਸਾਡਾ ਕੰਮ ਉਹ ਕੁਝ ਦੁਹਰਾਉਣਾ ਨਹੀਂ ਹੈ ਜੋ ਬਾਕੀ ਮਾਧਿਅਮਾਂ ਰਾਹੀਂ ਪਹਿਲਾਂ ਹੀ ਕਿਹਾ ਜਾ ਚੁੱਕਾ ਹੈ, ਬਲਕਿ ਸਥਿਤਿਆਂ ਦੀ ਜਟਿਲਤਾ ਅਤੇ ਭਰਮ-ਭੁਲੇਖਿਆਂ ਬਾਰੇ ਚੇਤਨਾ ਪੈਦਾ ਕਰਨਾ ਸਾਡਾ ਕਾਰਜ ਹੈ। ਇਸੇ ਵਿਚੋਂ ਸਾਡਾ ਨਾਟਕ ਪੈਦਾ ਹੁੰਦਾ ਹੈ। ਸਾਡੇ ਨਾਟਕ ਨੇ ਜਿਹੜੇ ਵਿਰੋਧਾਂ ਨੂੰ ਪਰਗਟਾਇਆ ਉਸ ਨਾਲ ਉਸ ਸਮੇਂ ਕਾਫ਼ੀ ਪ੍ਰਤਿਕਿਰਿਆ ਪੈਦਾ ਹੋਈ। ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਨਾਟਕ ਵੀਅਤਨਾਮ ਜੰਗ ਦੇ ਯਥਾਰਥ ਦੇ ਬਹੁਤ ਨੇੜੇ ਸੀ ਅਤੇ ਇਹ ਮੈਨੂੰ ਉਦੋਂ ਨਹੀਂ ਸੀ ਮਹਿਸੂਸ ਹੋਇਆ। ਇਸ ਦਾ ਕਾਰਨ ਇਹ ਵੀ ਸੀ ਕਿ ਇਹ ਨਾਟਕ ਸਥਿਤੀ ਨੂੰ ਸਾਧਾਰਨ ਤਰੀਕੇ ਨਾਲ ਨਹੀਂ ਸੀ ਵੇਖਦਾ। ਅਸੀਂ ਇਸ ਸਾਧਾਰਨਤਾ ਨੂੰ ਹਮੇਸ਼ਾ ਤਿਆਗਣ ਦੀ ਕੋਸ਼ਿਸ਼ ਕੀਤੀ ਹੈ। ਇਸ ਜੰਗ ਅਤੇ ਇੰਗਲੈਂਡ ਦਾ ਆਪਸੀ ਰਿਸ਼ਤਾ ਸਪਸ਼ਟ ਸੀ। ਅਸੀਂ ਥੀਏਟਰ ਰਾਹੀਂ ਅਤੇ ਥੀਏਟਰ ਤੋਂ ਬਾਹਰ ਇਸ ਬਾਰੇ ਕਾਫ਼ੀ ਕੰਮ ਕੀਤਾ। ਅਸਲ ਵਿਚ 1968 ਵਿਚ ਅਸੀਂ ਪੈਰਿਸ ਵਿਚ ਪਹਿਲਾ ਅੰਤਰਰਾਸ਼ਟਰੀ ਪ੍ਰਾਜੈਕਟ ਉਲੀਕ ਰਹੇ ਸਾਂ, ਜਿਹੜਾ ਕਈ ਤਰ੍ਹਾਂ ਨਾਲ 1968 ਦੀਆਂ ਘਟਨਾਵਾਂ ਦੀ ਭੂਮਿਕਾ ਬਣ ਗਿਆ, ਕਿਉਂਕਿ ਜਿਹੜੀਆਂ ਗੱਲਾਂ ਨੂੰ ਅਸੀਂ ਥੀਏਟਰ ਵਿਚ ਚੁਨੌਤੀ ਦੇ ਰਹੇ ਸਾਂ ਉਹ 68 ਵਾਲੇ ਪੈਰਿਸ ਦੇ ਅੰਦੋਲਨ ਵਿਚ ਲੋਕਾਂ ਦੇ ਆਮ ਵਿਚਾਰ ਬਣੀਆਂ ਹੋਈਆਂ ਸਨ।

ਜਨਮ : ਕੀ ਉਸ ਸਮੇਂ ਦੇ ਉਥੋਂ ਦੇ ਵਿਦਿਆਰਥੀ, ਅਧਿਆਪਕ ਅਤੇ ਉਦਿਯੋਗਿਕ ਕਾਮਿਆਂ ਦੇ ਸੰਗਠਨਾਂ ਦਾ ਤੁਹਾਡੇ ਥੀਏਟਰ ਨਾਲ ਕੋਈ ਨਾਤਾ ਹੈ ਸੀ ?

ਪ.ਬ : 1970 ਤੋਂ ਬਾਅਦ ਜਦੋਂ ਇੰਟਰਨੈਸ਼ਨਲ ਥੀਏਟਰ ਸਾਡੇ ਕੰਮ ਦਾ ਕੇਂਦਰ ਬਿੰਦੂ ਬਣਿਆ ਤਾਂ ਅਸੀਂ ਇਕ ਨਵੀਂ ਲਾਈਨ ਅਖਤਿਆਰ ਕੀਤੀ ਕਿ ਕਈ ਵੱਖ-ਵੱਖ ਰੂਪਾਂ ਦੁਆਰਾ ਲੋਕਾਂ ਤੱਕ ਪਹੁੰਚਿਆ ਜਾਵੇ ਜਿਹੜਾ ਕਿ ਵੱਖਰੀਆਂ-ਵੱਖਰੀਆਂ ਜੀਵਨ-ਸਥਿਤੀਆਂ ਤੱਕ ਪਹੁੰਚਣ ਦਾ ਹਮੇਸ਼ਾ ਹੀ ਖੋਜ-ਪੂਰਨ ਰਸਤਾ ਰਿਹਾ ਹੈ। ਇਸਦਾ ਮਕਸਦ ਅਜਿਹਾ ਥੀਏਟਰ ਪੈਦਾ ਕਰਨਾ ਹੈ ਜਿਹੜਾ ਕਿ ਬੌਧਿਕ ਤੌਰ ਤੇ ਰਾਜਸੀ ਨਹੀਂ ਕਿਉਂਕਿ ਇਸ ਸਮੇ ਯੂਰਪ ਵਿਚ ਆਧਾਰ-ਭੂਤ ਰਾਜਨੀਤਿਕ ਮਸਲੇ ਇੰਨੇ ਡੂੰਘੇ ਅਤੇ ਭਰਮ-ਭੁਲੇਖਿਆਂ ਵਾਲੇ ਬਣ ਚੁੱਕੇ ਹਨ ਕਿ ਮੈਨੂੰ ਨਹੀਂ ਲਗਦਾ ਕਿ ਬੌਧਿਕ ਤੌਰ ਤੇ ਕੋਈ ਬੰਦਾ ਰੰਗਮੰਚ-ਪੇਸ਼ਕਾਰੀਆਂ ਰਾਹੀਂ ਕੋਈ ਅਜਿਹੀ ਗੱਲ ਕਹਿ ਸਕਦਾ ਹੈ ਜੋ ਅਤਿ ਸਾਧਾਰਨਤਾ ਤੋਂ ਵੱਖਰੀ ਹੋਵੇ। ਮੇਰੀ ਇਸ ਗੱਲ ਦਾ ਭਾਵ ਉਸ ਕੰਮ ਨੂੰ ਨਕਾਰਨਾ ਨਹੀਂ ਜੋ ਕੁਝ ਵਿਸ਼ੇਸ਼ ਸਥਿਤੀਆਂ ਵਿਚ ਸਟਰੀਟ ਥੀਏਟਰ ਕਰ ਰਿਹਾ ਹੈ। ਉਹ ਪੂਰੀ ਤਰ੍ਹਾਂ ਇਕ ਵੱਖਰਾ ਕੰਮ ਹੈ ਅਤੇ ਉਹ ਕੰਮ ਅਸੀਂ ਨਹੀਂ ਕਰ ਰਹੇ। ਸਾਡਾ ਕੰਮ ਤਾਂ ਥੀਏਟਰ ਨੂੰ ਸ਼ੇਕਸਪੀਰੀਅਨ ਮਾਡਲ ਦੇ ਨੇੜੇ ਲੈ ਕੇ ਜਾਣਾ ਹੈ। ਭਾਵ ਇਹ ਇਕ ਅਜਿਹਾ ਥੀਏਟਰ ਹੈ ਜਿਸ ਵਿਚ ਦਰਸ਼ਕ ਅਤੇ ਕਲਾਕਾਰ ਆਦਿ ਵੱਖਰੇ-ਵੱਖਰੇ ਲੋਕ ਇਕੋ ਸਮੇਂ ਰਲਕੇ ਇਹ ਜਾਣ ਸਕਣ ਕਿ ਉਹ ਜਿਸ ਗੱਲ ਵਿਚ ਵਿਸ਼ਵਾਸ ਕਰਦੇ ਹਨ ਉਸਨੂੰ ਉਨ੍ਹਾਂ ਉਤੇ ਮਾਰੂ ਹੱਲਾ ਕਰਨ ਤੋਂ ਬਗੈਰ ਇਕ ਗਤੀਸ਼ੀਲ ਚੁਣੌਤੀ ਦਿੱਤੀ ਜਾ ਸਕਦੀ ਹੈ। ਸਾਡਾ ਯਤਨ ਇਸ ਕੇਂਦਰੀ ਵਿਸ਼ਵਾਸ ਤੱਕ ਪੁੱਜਣਾ ਹੈ ਕਿ ਹਰ ਪੇਸ਼ਕਾਰੀ ਵਿਚ ਗਰੁੱਪ ਜਿਸ ਤਰ੍ਹਾਂ ਆਪਣੀ ਦਰਸ਼ਕ ਮੰਡਲੀ ਨਾਲ ਜੁੜਦਾ ਹੈ ਉਹ ਸਮਾਜਿਕ ਰਿਸ਼ਤਿਆਂ ਦੇ ਰੂਪਾਂਤਰਣ ਦਾ ਇਕ ਮਾਡਲ ਬਣ ਸਕਦਾ ਹੈ। ਸਾਡੇ ਥੀਏਟਰ ਦਾ ਇਹੀ ਮੁੱਖ ਮਕਸਦ ਹੈ।

ਜਨਮ : ਇਸ ਨੂੰ ਵਿਸਥਾਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰੋ।

ਪ.ਬ. : ਮੈਂ ਇਸ ਨੂੰ ਹੋਰ ਤਰ੍ਹਾਂ ਨਾਲ ਕਹਿੰਦਾ ਹਾਂ, ਸਾਰੀ ਦੁਨੀਆਂ ਵਿਚ ਕਈ ਕਿਸਮ ਦਾ ਪੋਲਿਟੀਕਲ ਥੀਏਟਰ ਹੋ ਰਿਹਾ ਹੈ ਜਿਸ ਵਿਚ ਬੌਧਿਕ ਤੌਰ ਤੇ ਹਾਂ-ਮੁਖੀ ਥੀਮ ਇਕ ਗਰੁੱਪ ਵੱਲੋਂ ਪੇਸ਼ ਹੋ ਰਿਹਾ ਹੈ। ਪਰ ਉਸ ਗਰੁੱਪ ਦੇ ਅੰਤ੍ਰੀਵ ਰਿਸ਼ਤਿਆਂ ਵਿਚ ਇਕ ਮੂਲ ਕਿਸਮ ਦੀ ਆਕ੍ਰਮਕਤਾ, ਵਿਰੋਧ ਅਤੇ ਸੰਕੀਰਣਤਾ ਹੈ। ਮੇਰੇ ਖਿਆਲ ਵਿਚ ਇਹ ਅਕਸਰ ਹੁੰਦਾ ਹੈ। ਇਸ ਨੂੰ ਇਸ ਆਧਾਰ ਰੂਪ ਵਿਚ ਵੇਖਦਿਆਂ ਮੈਨੂੰ ਲੱਗਦਾ ਹੈ ਕਿ ਜੇ ਅਸਲ ਰੂਪ ਵਿਚ ਕੋਈ ਪੇਸ਼ਕਾਰੀ ਸੱਚ ਨੂੰ ਪ੍ਰਗਟਾ ਨਹੀਂ ਸਕਦੀ ਤਾਂ ਅਜਿਹੀ ਪੇਸ਼ਕਾਰੀ ਦਾ ਕੋਈ ਲਾਭ ਨਹੀਂ। ਇਸ ਲਈ ਜੇ ਤੁਸੀਂ ਦੁਨੀਆਂ ਨੂੰ ਬਦਲਣਾ ਚਾਹੁੰਦੇ ਹੋ ਤਾਂ ਯਾਦ ਰੱਖੋ ਕਿ ਤੁਸੀਂ ਪੂਰੀ ਦੁਨੀਆਂ ਨੂੰ ਨਹੀਂ ਬਦਲ ਸਕਦੇ; ਬਲਕਿ ਇਕ ਛੋਟਾ ਜਿਹਾ ਸਮੂਹ ਤਾਂ ਆਪਣੇ ਅੰਤਰੀਵ ਰਿਸ਼ਤਿਆਂ ਦਾ ਅਤੇ ਪੇਸ਼ਕਾਰੀ ਦੌਰਾਨ ਹਾਜ਼ਰ ਦਰਸ਼ਕ-ਮੰਡਲੀ ਦਾ ਹੀ ਵੱਖ-ਵੱਖ ਪੱਧਰਾਂ ਤੇ ਰੂਪਾਂਤਰਣ ਕਰ ਸਕਦਾ ਹੈ। ਇਹ ਤਾਂ ਦਰਜੇਬੰਦੀ, ਬਣਤਰ, ਸਜੀਵਤਾ, ਵਿਸ਼ਵਾਸ ਅਤੇ ਬਹੁਤ ਸਾਰੇ ਜਿਉਂਦੇ ਸੰਬੰਧਾਂ ਦਾ ਚਿਰ-ਪੁਰਾਣਾ ਪ੍ਰਸ਼ਨ ਹੈ। ਇਨ੍ਹਾਂ ਵਿਚ ਉਸੇ ਤਰ੍ਹਾਂ ਹੀ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ ਜਿਵੇਂ ਕਿ ਇਕ

ਥੀਏਟਰ ਗਰੁੱਪ ਆਪਣੀ ਦਰਸ਼ਕ-ਮੰਡਲੀ ਨਾਲ ਜਾਂ ਤਾਂ ਇਕ ਹੈਂਕੜ ਵਾਲਾ ਤੇ ਆਕ੍ਰਮਣ ਭਰਿਆ ਰਿਸ਼ਤਾ ਸਥਾਪਤ ਕਰਦਾ ਹੈ ਤੇ ਜਾਂ ਫਿਰ ਉਹ ਉਸੇ ਦਰਸ਼ਕ-ਸਮੂਹ ਨਾਲ ਸਿਹਤਮੰਦ, ਇਨਸਾਨੀ ਅਤੇ ਸਮਾਜਿਕ ਰਿਸ਼ਤੇ ਦਾ ਇਕ ਮਾਡਲ ਉਸਾਰਨ ਦਾ ਯਤਨ ਕਰਦਾ ਹੈ। ਇਹ ਦੋ ਵੱਡੀਆਂ ਸਥਿਤੀਆਂ ਸਾਡੇ ਕੋਲ ਹਨ ਜਿਨ੍ਹਾਂ 'ਚੋਂ ਕੋਈ ਗਰੁੱਪ ਆਪਣੇ ਕੰਮ ਦੀ ਚੋਣ ਕਰ ਸਕਦਾ ਹੈ।

ਜਨਮ : ਕੀ ਤੁਸੀਂ ਅਜਿਹੇ ਅੰਤਰ-ਸੰਬੰਧ ਬਾਰੇ ਕੋਈ ਵਿਸ਼ੇਸ਼ ਉਦਾਹਰਣ ਦੇ ਸਕਦੇ ਹੋ ?

ਪ.ਬ. : ਤੁਹਾਨੂੰ ਇਕ ਮੌਕਾ ਦਸਦਾ ਹਾਂ। ਕੁਝ ਵਰ੍ਹੇ ਪਹਿਲਾਂ ਜਦੋਂ ਮੈਂ ਕੈਲੀਫੋਰਨੀਆਂ ਵਿਚ ਕੰਮ ਕਰ ਰਿਹਾ ਸਾਂ ਤਾਂ ਇਕ ਗਰੁੱਪ 'ਸਾਨਫਰਾਂਸਿਸਕੋ ਮਾਈਮ ਟਰੁੱਪ' ਤੋਂ ਬਹੁਤ ਪ੍ਰਭਾਵਿਤ ਹੋਇਆ। ਇਹ ਜਾਣਦਿਆਂ ਵੀ ਕਿ ਉਨ੍ਹਾਂ ਦੇ ਅਸਲ ਸ਼ੋਅ ਨਾਲੋਂ ਭਾਵੇਂ ਇਹ ਬਹੁਤਾ ਮਹੱਤਵਪੂਰਨ ਨਹੀਂ, ਉਨ੍ਹਾਂ ਦੀ ਜਿਸ ਚੀਜ਼ ਨੇ ਪ੍ਰਭਾਵਿਤ ਕੀਤਾ, ਉਹ ਸੀ ਉਨ੍ਹਾਂ ਦਾ ਸਟੇਜ ਉਸਾਰਨ ਤੇ ਉਖਾੜਨ ਦਾ ਤਰੀਕਾ। ਇਹ ਹਮੇਸ਼ਾ ਹੈਰਾਨ ਕਰਨ ਵਾਲੀ ਗੱਲ ਹੁੰਦੀ ਸੀ ਕਿ ਤੁਸੀਂ ਅਜਿਹੇ ਦੱਸ ਵੀਹ ਜਣਿਆਂ ਦੇ ਗਰੁੱਪ ਨੂੰ ਦੇਖ ਰਹੇ ਹੋ ਜਿਹੜੇ ਆਪਸੀ ਸੰਬੰਧਾਂ ਅਧੀਨ ਆਜ਼ਾਦ ਅਤੇ ਪੂਰੀ ਤਰ੍ਹਾਂ ਅਨੁਸ਼ਾਸਨੀ ਸਮਾਜਿਕ ਯੂਨਿਟ ਦੇ ਤੌਰ ਤੇ ਉਤਮ ਕਾਰਜ ਕਰ ਰਹੇ ਹਨ। ਅਜਿਹੇ ਸਮੇਂ ਅਸੀਂ ਇਕ ਆਜ਼ਾਦ ਸਮਾਜਿਕ ਸੈੱਲ ਦਾ ਮਾਡਲ ਦੇਖ ਰਹੇ ਹੁੰਦੇ ਹਾਂ। ਉਹ ਕਿਸੇ ਝਿਜਕ, ਪਰੇਸ਼ਾਨੀ ਅਤੇ ਬੋਝ ਤੋਂ ਬਿਨਾਂ ਆਉਂਦੇ ਹਨ, ਕਿਸੇ ਵੀ ਸਾਜ਼ੋ ਸਾਮਾਨ ਦੇ ਬਗੈਰ ਮੰਚ ਉਸਾਰਦੇ ਹਨ ਅਤੇ ਕਿਸੇ ਹੋ-ਹੱਲੇ ਤੇ ਗੁੰਝਲ ਤੋਂ ਬਿਨਾ ਹੀ ਕਿਸੇ ਸਮੱਸਿਆ-ਵਿਸ਼ੇਸ਼ ਤੇ ਆਪਣਾ ਨਾਟਕ ਖੇਡਣਾ ਸ਼ੁਰੂ ਕਰ ਦਿੰਦੇ ਹਨ। ਫਿਰ ਉਹ ਸਟੇਜ ਨੂੰ ਉਖਾੜਦੇ ਤੇ ਉਸ ਨੂੰ ਬੰਨ੍ਹ ਕੇ ਆਪਣੇ ਟਰੱਕ ਵਿਚ ਰੱਖ ਦੇਂਦੇ ਹਨ। ਉਹ ਜਾਣਦੇ ਹਨ ਕਿ ਉਹ ਦਰਸ਼ਕਾਂ ਨੂੰ ਕਿਸੇ ਕੇਂਦਰੀ ਥੀਮ ਉਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਸੰਬੋਧਨ ਕਰ ਰਹੇ ਹਨ। ਉਨ੍ਹਾਂ ਦਾ ਆਪੋ ਵਿਚਲਾ ਸੰਬੰਧ ਉਸ ਮਨੁੱਖੀ ਵਤੀਰੇ ਦੀ ਸੰਭਾਵਨਾ ਦਾ ਪ੍ਰਦਰਸ਼ਨ ਸੀ ਜੋ ਕਿ ਭ੍ਰਿਸ਼ਟ, ਹਉਮੈ ਨਾਲ ਭਰੇ ਹੋਏ ਅਤੇ ਸੰਕੀਰਣ ਸੰਬੰਧਚਾਰਿਆਂ ਨਾਲੋਂ ਵੱਖਰੀ ਕਿਸਮ ਦਾ ਸੀ ਅਤੇ ਜਿਨ੍ਹਾਂ ਦਾ ਉਹ ਆਪਣੇ ਨਾਟਕਾਂ ਵਿਚ ਖੰਡਨ ਕਰਦੇ ਸਨ। ਅਸੀਂ ਵੀ ਅਜਿਹਾ ਥੀਏਟਰ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਜਿਸ ਵਿਚੋਂ ਪਰੰਪਰਾਗਤ ਦਰਜੇਬੰਦੀ ਅਤੇ ਉਸ ਦੇ ਸਮਾਜਿਕ ਪ੍ਰਤਿਬਿੰਬ ਬਿਲਕੁਲ ਕੱਢੇ ਹੋਏ ਹੋਣ ਅਤੇ ਉਸ ਦੀ ਥਾਂ ਤੇ ਵਧੇਰੇ ਸੰਵੇਦਨਸ਼ੀਲ ਅਤੇ ਜੀਊਂਦੀ ਜਾਗਦੀ ਇਨਸਾਨੀ ਬਣਤਰ ਦੀ ਪੇਸ਼ਕਾਰੀ ਹੋਵੇ।

ਜਨਮ : ਇਸ ਨਾਲ ਪੇਸ਼ਕਾਰੀ ਨੂੰ ਵਧੇਰੇ ਦਮ ਅਤੇ ਗਤੀਸ਼ੀਲਤਾ ਨਾਲ ਕਿਵੇਂ ਭਰਿਆ ਜਾਵੇ ?

ਪ ਬ. : ਅਸੀਂ ਉਬੂ (Ubu) ਨੂੰ ਇਸ ਢੰਗ ਨਾਲ ਹੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਹਰ ਥਾਂ ਤੇ ਵੱਖਰਾ ਅਰਥ ਲੈ ਜਾਂਦਾ ਹੈ। ਜਦੋਂ ਅਸੀਂ ਉਸ ਨੂੰ ਦੱਖਣੀ ਅਮਰੀਕਾ ਵਿਚ ਲੈ ਕੇ ਗਏ ਅਤੇ ਪਹਿਲੀ ਵਾਰ ਵੈਨਜ਼ੂਏਲਾ ਵਿਚ ਪੇਸ਼ ਕੀਤਾ ਤਾਂ ਉਥੇ

ਇਸ ਨੇ ਬਹੁਤ ਸਾਰਾ ਡਰਾਮਾ ਅਤੇ ਗੂੰਜ ਪੈਦਾ ਕੀਤੀ। ਸਾਡੇ ਕੋਲ ਵਿਦਿਆਰਥੀਆਂ ਦੀ ਦਰਸ਼ਕ-ਮੰਡਲੀ ਸੀ। ਅਚਾਨਕ ਪੁਲਿਸ ਮੁਖੀ ਅਤੇ ਗ੍ਰਹਿ ਮੰਤਰੀ ਵੀ ਪੇਸ਼ਕਾਰੀ ਨੂੰ ਦੇਖਣ ਆ ਗਏ। ਸਾਰੇ ਦਰਸ਼ਕਾਂ ਨੇ ਉੱਚੀ ਆਵਾਜ਼ ਵਿਚ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਹ ਦਰਸ਼ਕਾਂ ਦੇ ਐਨ ਵਿਚਕਾਰ ਹੋਣ ਕਾਰਨ ਨਾ ਤਾਂ ਜਾ ਸਕੇ ਤੇ ਨਾ ਹੀ ਅੱਗੇ ਆ ਸਕੇ। ਇਸ ਲਈ ਮੈਂ ਆਪਣੇ ਇਕ ਕਲਾਕਾਰ ਨੂੰ ਕਿਹਾ, "ਦੌੜ ਕੇ ਜਾਹ, ਦਰਸ਼ਕਾਂ ਨੂੰ ਸੰਬੋਧਨ ਕਰ ਤੇ ਸਥਿਤੀ ਨੂੰ ਬਚਾ।" ਉਸ ਨੇ ਜਾ ਕੇ ਦਰਸ਼ਕਾਂ ਨੂੰ ਪੁਛਿਆ, "ਦੇਖੋ, ਮੈਂ ਤੁਹਾਡੀ ਭਾਸ਼ਾ ਨਹੀਂ ਸਮਝ ਰਿਹਾ, ਮੈਨੂੰ ਦੱਸੋ ਕਿ ਇਹ ਕੌਣ ਲੋਕ ਹਨ ?" ਦਰਸ਼ਕਾਂ ਵਿਚ ਇਕ ਚਿਤਰਕਾਰ ਵੀ ਸੀ। ਉਸ ਕੋਲ ਇਕ ਵੱਡਾ ਚਿੱਟਾ ਕਾਗਜ਼ ਸੀ। ਉਹ ਉਠਿਆ ਤੇ ਤੇਜ਼ੀ ਨਾਲ ਉਸ ਕਾਗਜ਼ ਉਤੇ 'ਉਬੂ' ਲਿਖ ਕੇ ਉਸ ਨੂੰ ਗ੍ਰਹਿ ਮੰਤਰੀ ਦੀ ਛਾਤੀ ਨਾਲ ਲਾ ਦਿੱਤਾ। ਸਾਡੇ ਕਲਾਕਾਰ ਨੇ ਕਿਹਾ, 'ਕਿੰਨੀ ਚੰਗੀ ਗੱਲ ਹੈ ਕਿ ਤੁਹਾਡੇ ਕੋਲ ਇਕ 'ਉਬੂ' ਹੈ, ਸਾਡੇ ਸਾਰਿਆਂ ਕੋਲ ਇਕ 'ਉਬੂ' ਹੈ।" ਤੇ ਨਾਟਕ ਸ਼ੁਰੂ ਹੋ ਗਿਆ। ਉਹ ਇਕ ਬੜੀ ਉਤਸ਼ਾਹੀ ਅਤੇ ਉਤੇਜਨਾ ਭਰੀ ਪੇਸ਼ਕਾਰੀ ਸੀ। ਪਰ ਸਥਾਨਕ ਅਖਬਾਰਾਂ 'ਹਿਜ਼ ਮੈਜੇਸਟੀ' ਦੀ ਬੇਇਜ਼ਤੀ ਉਤੇ ਉਤੇਜਿਤ ਸਨ। ਉਧਰੋਂ ਸਮਾਂ ਚੋਣਾਂ ਦਾ ਸੀ। ਦੋ ਹਫ਼ਤਿਆਂ ਬਾਅਦ ਇਕ ਅਖਬਾਰ ਨੇ ਲਿਖਿਆ, "ਕੀ ਇਹ ਇਕ ਭਿਆਨਕ ਗੱਲ ਨਹੀਂ ਕਿ ਸਾਡਾ ਇਕ ਮੰਤਰੀ ਇਕ ਨਾਟਕ ਦੀ ਪੇਸ਼ਕਾਰੀ ਸਮੇਂ ਇੰਨਾ ਘਬਰਾ ਜਾਵੇ ਕਿ ਉਹ ਵਿਦੇਸ਼ੀ ਕਲਾਕਾਰਾਂ ਨੂੰ ਕ੍ਰਿਤਘਣ ਕਹੇ ਅਤੇ ਇਥੋਂ ਤਕ ਆਖੇ ਕਿ ਉਹ ਸਾਡੇ ਦੇਸ਼ ਦਾ ਅੰਨ ਖਾ ਕੇ ਸਾਡੇ ਮੰਤਰੀਆਂ ਦੀ ਬੇਇੱਜ਼ਤੀ ਕਰਦੇ ਹਨ ?" ਮੈਂ ਇਹ ਸਾਰੀ ਗੱਲ ਇਹ ਦੱਸਣ ਲਈ ਕਹਿ ਰਿਹਾ ਹਾਂ ਕਿ 'ਉਬੂ' ਇਕ ਸਥਾਨਕ ਸਥਿਤੀ ਵਿਚ ਇਹ ਹਾਲਤ ਪੈਦਾ ਕਰ ਸਕਦਾ ਸੀ। ਪਰ ਫਰਾਂਸ ਵਿਚ 'ਉਬੂ' ਇਕ ਬਿਲਕੁਲ ਵੱਖਰੀ ਚੀਜ਼ ਸੀ। ਪੈਰਿਸ ਦੇ ਥੀਏਟਰ ਵਿਚ ਅਸੀਂ ਇਸ ਨੂੰ ਪੇਸ਼ ਕੀਤਾ ਤੇ ਪਿੱਛੋਂ ਫਰਾਂਸ ਦੇ 30 ਵੱਖ-ਵੱਖ ਕਸਬਿਆਂ ਦੇ ਸਕੂਲਾਂ ਤੇ ਜਿਮਨੇਜ਼ੀਅਮ ਹਾਲਾਂ ਵਿਚ ਖੇਡਿਆ। ਹਰ ਵੱਖਰੀ ਜਗ੍ਹਾ ਤੇ ਉਸ ਦਾ ਇਕ ਵੱਖਰਾ ਪ੍ਰਸੰਗ ਬਣਿਆਂ। ਕਿਤੇ ਉਹ ਵੈਨਜ਼ੁਏਲਾ ਦੀ ਤਰ੍ਹਾਂ ਰਾਜਸੀ ਵੀ ਬਣ ਸਕਦਾ ਸੀ। ਕਿਸੇ ਹੋਰ ਜਗ੍ਹਾ ਉਹ ਨਿਰੋਲ ਆਪਣੀ ਸ਼ਕਤੀ ਦੇ ਆਸਰੇ ਦਰਸ਼ਕਾਂ ਦੇ ਵਾਸਤੇ ਪੂਰਨ ਤੌਰ ਤੇ ਮੁਕਤੀ ਦਾ ਸੰਦੇਸ਼ ਹੋ ਸਕਦਾ ਸੀ। ਇਸ ਗੱਲ ਬਾਰੇ ਸਾਨੂੰ ਸਪਸ਼ਟ ਹੋਣਾ ਚਾਹੀਦਾ ਹੈ। ਜੇ ਅਸੀਂ 'ਉਬੂ' ਨੂੰ ਇਕ ਦੱਖਣ ਅਮਰੀਕੀ ਡਿਕਟੇਟਰ ਬਣਾ ਕੇ ਉਸ ਨੂੰ ਆਧੁਨਿਕ ਰੂਪ ਵਿਚ ਪੇਸ਼ ਕਰਦੇ ਤਾਂ ਉਹ ਵੈਨਜ਼ੁਏਲਾ ਵਿਚ ਬੜਾ ਪ੍ਰਤੱਖ ਤੇ ਤੁੱਛ ਜਿਹਾ ਹੀ ਲੱਗਣਾ ਸੀ ਤੇ ਫਰਾਂਸ ਵਿਚ ਕੇਵਲ ਉਨ੍ਹਾਂ ਕੱਚੇ-ਪੱਕੇ ਖੱਬੇ-ਪੱਖੀਆਂ ਨੂੰ ਹੀ ਪਸੰਦ ਆਉਣਾ ਸੀ ਜਿਨ੍ਹਾਂ ਨੇ ਇਸ ਉਤੇ ਘਸੇ-ਪਿਟੇ ਪ੍ਰਤਿਕਰਮ ਹੀ ਕਰਨੇ ਸਨ। ਪਰ 'ਉਬੂ' ਤਾਂ ਮਨੁੱਖੀ ਲੋਭ ਦਾ ਵਿਕਰਿਤ ਬਿੰਬ ਹੈ। ਨਾਟਕ ਦੀ ਤਾਕਤ ਹਰ ਪ੍ਰਸੰਗ ਵਿਚ ਬਦਲ ਜਾਂਦੀ ਹੈ। ਪਰ ਹਰ ਪੇਸ਼ਕਾਰੀ ਦੇ ਵਿਚ ਦਰਸ਼ਕ ਜਦੋਂ ਇਹ ਦੇਖਦਾ ਹੈ ਕਿ ਇਕ ਸ਼ਕਤੀਸ਼ਾਲੀ ਮੂਰਖ ਨੂੰ ਖੁਲ੍ਹੇ ਰੂਪ ਵਿਚ ਤਬਾਹ ਕੀਤਾ ਜਾ ਰਿਹਾ ਹੈ ਤਾਂ ਉਹ ਖੁਦ ਵੀ ਮੁਕਤ ਮਹਿਸੂਸ ਕਰਦਾ ਹੈ। ਮੇਰੇ ਵਾਸਤੇ ਇਹ ਦਰਸ਼ਕਾਂ ਨੂੰ ਸਿੱਧੇ ਤੌਰ ਤੇ ਇਕ ਪੌਸ਼ਟਿਕ ਖੁਰਾਕ ਦੇਣ ਦੇ ਤੁਲ ਹੈ। ਜਿਹੜਾ ਵੀ ਬੰਦਾ ਥੀਏਟਰ ਵਿਚ ਅਜਿਹੀ ਤਾਕਤ ਪ੍ਰਾਪਤ ਕਰ ਲੈਂਦਾ ਹੈ ਉਹ ਕਿਸੇ ਵੀ

ਫੈਸਲਾਕੁਨ ਘੜੀ ਸਮੇਂ ਵਧੇਰੇ ਗਤੀਸ਼ੀਲ ਢੰਗ ਨਾਲ ਉਸ ਨੂੰ ਨਜਿੱਠਣ ਲਈ ਤਿਆਰ ਹੁੰਦਾ ਹੈ।

ਤੁਹਾਡੇ ਕੋਲ ਇਥੇ ਇਕ ਵੱਖਰਾ ਪ੍ਰਸੰਗ ਹੈ। ਯੂਰਪ ਵਿਚ ਵੱਖ-ਵੱਖ ਸਿਸਟਮਾਂ ਦੀ ਗੁੰਝਲ ਕਰਕੇ ਅਤੇ ਪਰਾਚੀਨ ਅੰਤਰ-ਵਿਰੋਧਾਂ ਕਾਰਨ ਸਪਸ਼ਟ ਮੁੱਦੇ ਬਹੁਤ ਹੀ ਘੱਟ ਹਨ। ਕਦੇ ਕਦਾਈਂ ਕੋਈ ਵੱਡਾ ਸਪਸ਼ਟ ਮੁੱਦਾ ਨਜ਼ਰ ਆਉਂਦਾ ਹੈ ਜਿਵੇਂ ਕਿ ਨਿਊਕਲਾਈ ਤਾਕਤ। ਪੋਲੈਂਡ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਪਰੰਤੂ ਯੂਰਪ ਵਿਚ ਇਸ ਪ੍ਰਕਾਰ ਦੇ ਆਮ ਕਰਕੇ ਸਿੱਧੇ ਸਪਸ਼ਟ ਮੁੱਦੇ ਨਹੀਂ ਹਨ। ਯੂਰਪ ਤਾਂ ਇੰਨੇ ਸਿੱਧੇ ਵਿਰੋਧੀ ਵਿਚਾਰਾਂ, ਸੋਚਾਂ ਤੇ ਬੇਵਸਾਹੀਆਂ ਵਿਚ ਗੁਸਿਆ ਪਿਆ ਹੈ ਕਿ ਇਸ ਸਵਾਲ ਉਤੇ ਅੱਜ ਇਕ ਸਪਸ਼ਟ ਨਾਟਕ ਬਣਾਉਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਜਨਮ : ਪਰੰਤੂ ਆਧੁਨਿਕ ਯੂਰਪੀ ਸਮਾਜ ਦੀਆਂ ਬੇਰੁਜ਼ਗਾਰੀ ਜਾਂ ਵਿਦਿਅਕ ਸੰਕਟ ਬਾਰੇ ਸਦੀਵੀ ਸਮੱਸਿਆਵਾਂ ਉਤੇ ਨਾਟਕ ਕਿਉਂ ਨਹੀਂ ਕੀਤਾ ਜਾ ਸਕਦਾ ?

ਪ.ਬ. : ਸਾਡੇ ਪਾਸ ਬਹੁਤ ਵਿਕਸਿਤ ਕਿਸਮ ਦਾ ਟੈਲੀਵੀਯਨ ਹੈ। ਇੰਗਲੈਂਡ ਵਿਚ ਇਹ ਅਸਾਧਾਰਨ ਤੌਰ ਤੇ ਤਿੱਖਾ, ਵਿਕਸਿਤ, ਮੂਲ-ਰੂਪ ਵਿਚ ਬਹੁਤ ਆਲੋਚਨਾਤਮਕ ਅਤੇ ਘੋਖਵਾਂ ਹੈ। ਫੈਕਟਰੀ ਦੇ ਗੇਟ ਵਰਗੇ ਕੁਝ ਕੁ ਸਥਾਨਕ ਮੁੱਦਿਆਂ ਨੂੰ ਛੱਡ ਕੇ ਬਾਕੀ ਦੇ ਮੁੱਦੇ ਇੰਨੇ ਜ਼ਿਆਦਾ ਲਗਾਤਾਰਤਾ ਨਾਲ ਰਿੜਕੇ ਜਾ ਚੁੱਕੇ ਹਨ ਕਿ ਜਦ ਤਕ ਸਾਨੂੰ ਇਨ੍ਹਾਂ ਸਮੱਸਿਆਵਾਂ ਨੂੰ ਨਜਿੱਠਣ ਦਾ ਕੋਈ ਬਹੁਤ ਹੀ ਵਿਸ਼ੇਸ਼ ਤਰੀਕਾ ਨਹੀਂ ਮਿਲਦਾ, ਥੀਏਟਰ ਦੇ ਅਤਿ ਸਾਧਾਰਨੀਕ੍ਰਿਤ ਰੂਪ ਵਿਚ ਕੋਈ ਅਜਿਹੀ ਚੀਜ਼ ਪੇਸ਼ ਕਰਨੀ ਲਗਪਗ ਅਸੰਭਵ ਹੈ ਜਿਹੜੀ ਕਿ ਮਹਿਜ਼ ਇਕ ਟੋਟਕਾ ਹੀ ਨਾ ਹੋਵੇ। ਮੇਰਾ ਖਿਆਲ ਹੈ ਕਿ ਤੁਹਾਨੂੰ ਇਸ ਨੁਕਤੇ ਤੇ ਆ ਕੇ ਥੀਏਟਰ ਵਿਚ ਪੈਂਫਲੈਟਬਾਜ਼ੀ ਦੇ ਸਾਰ-ਤੱਤ ਦਾ ਪਤਾ ਲੱਗ ਗਿਆ ਹੋਵੇਗਾ। ਕੁਝ ਇਕ ਅਜਿਹੀਆਂ ਹਾਲਤਾਂ ਵੀ ਹੁੰਦੀਆਂ ਹਨ ਜਿਥੇ ਇਕ ਡਾਇਗਰਾਮ ਦੇ ਰੂਪ ਵਿਚ ਕਿਸੇ ਚੀਜ਼ ਦਾ ਸਰਲੀਕਰਨ ਕੋਈ ਅਰਥ ਨਹੀਂ ਰੱਖਦਾ। ਮੇਰਾ ਖਿਆਲ ਹੈ ਕਿ ਇਸ ਦੀ ਸਭ ਤੋਂ ਵਧੀਆ ਉਦਾਹਰਣ 'ਐਲ ਟੀਟਰੋ ਕੰਪੈਸਿਨ' (El Teatro Compesin) ਦੀ ਸੀ। ਦੇਖੋ, ਉਨ੍ਹਾਂ ਨੇ ਕਿਵੇਂ ਦਸ ਸਾਲ ਪਹਿਲਾਂ ਆਪਣੇ ਸਾਰੇ ਨਾਟਕੀ ਕਾਰਜ ਨੂੰ ਅਤਿ ਸਥਾਨਕ ਹੜਤਾਲ ਦੇ ਦੁਆਲੇ ਬੁਣਿਆਂ। ਉਹ 15 ਮਿੰਟਾਂ ਵਿਚ ਹੀ ਕੁਝ ਨਾ ਕੁਝ ਕਹਿ ਗਏ। ਪਰ ਹੁਣ ਉਹ ਵੀ ਇਸ ਤਰੀਕੇ ਨੂੰ ਅਗਾਂਹ ਨਹੀਂ ਚਲਾ ਸਕਦੇ। ਤੁਸੀਂ ਇਸਨੂੰ ਅੱਜ ਬਰਤਾਨੀਆ ਦੀ ਰੇਲ-ਹੜਤਾਲ ਉਤੇ ਲਾਗੂ ਕਰਨ ਦੀ ਕੋਸ਼ਿਸ਼ ਕਰੋ, ਤੁਹਾਨੂੰ ਪਤਾ ਲਗੇਗਾ ਕਿ ਇਹ ਸ਼ੈਕਸਪੀਅਰ ਦੇ ਸਾਰੇ ਨਾਟਕਾਂ ਨਾਲੋਂ ਵਧੇਰੇ ਗੁੰਝਲਦਾਰ ਅਤੇ ਵਧੇਰੇ ਗੜਮਡ ਹੋਈ ਸਥਿਤੀ ਹੈ। ਸਥਿਤੀ ਬੜੀ ਸੰਘਣੀ ਹੈ ਅਤੇ ਜਜ਼ਬਾਤੀ ਮੁੱਦੇ ਅਤੇ ਰਾਜਸੀ ਆਸ਼ੇ ਆਪੋ ਵਿਚੀਂ ਫਸੇ ਹੋਏ ਹਨ। ਇਹ ਠੀਕ ਹੈ ਕਿ ਹੜਤਾਲੀਏ ਆਪਣੇ-ਆਪ ਵਿਚ ਕੋਈ ਚੀਜ਼ ਬਣਾ ਸਕਦੇ ਸਨ। ਕੁਝ ਗੱਲਾਂ ਦੀ ਕਿਸੇ ਯੂਨੀਅਨ ਦਾ ਇਕ ਹਿੱਸਾ ਪ੍ਰੋੜਤਾ ਕਰਦਾ ਹੈ ਜਦੋਂ ਕਿ ਦੂਜਾ ਉਸੇ ਨੂੰ ਹੀ ਰੱਦਦਾ ਹੈ। ਇਹੋ ਜਿਹੀ ਗੱਲ ਦਾ ਨਾਟਕ ਬਣਾਇਆ ਜਾ ਸਕਦਾ ਹੈ।

ਜਨਮ : ਸਥਿਤੀਆਂ ਦੀਆਂ ਗੁੰਝਲਾਂ ਤੋਂ ਇਨਕਾਰ ਨਹੀਂ, ਪਰ ਉਨ੍ਹਾਂ ਵਿਚ ਕੋਈ ਥੀਏਟਰ ਗਰੁੱਪ ਆਪਣੀ ਦ੍ਰਿਸ਼ਟੀ ਵੀ ਲਿਆ ਸਕਦਾ ਹੈ ਜਿਹੜੀ ਕਿ ਬਹੁਤ ਸਪਸ਼ਟ ਅਤੇ ਵਿੰਨ੍ਹਵੀਂ ਹੋਵੇ।

ਪ.ਬ. : ਚੰਗੀ ਗੱਲ ਹੈ ਕਿ ਜੇ ਕਿਸੇ ਥੀਏਟਰ ਗਰੁੱਪ ਦੀ ਐਨੀ ਸਪਸ਼ਟ ਦ੍ਰਿਸ਼ਟੀ ਹੈ, ਪਰ ਇਸ ਸਮੇਂ ਇੰਗਲੈਂਡ ਦੇ ਕਿਸੇ ਇਕ ਥੀਏਟਰ-ਗਰੁੱਪ ਕੋਲ ਆਇਰਲੈਂਡ ਬਾਰੇ ਕੋਈ ਸਪਸ਼ਟ ਦ੍ਰਿਸ਼ਟੀ ਨਹੀਂ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਅੰਗਰੇਜ਼ੀ ਥੀਏਟਰ ਵਿਚ ਵੀਅਤਨਾਮ ਵਾਂਗ ਆਇਰਲੈਂਡ ਨਹੀਂ ਆ ਸਕਿਆ। ਅਸੀਂ ਆਇਰਲੈਂਡ ਉੱਤੇ ਵੀਅਤ-ਨਾਮ ਵਾਂਗ ਇਕ ਵੀ ਨਾਟਕ ਨਹੀਂ ਕੀਤਾ ਕਿਉਂਕਿ ਈਮਾਨਦਾਰੀ ਦੀ ਗੱਲ ਹੈ ਕਿ ਇਹ ਬਹੁਤ ਗੁੰਝਲਦਾਰ ਸਮੱਸਿਆ ਹੈ। ਤੁਸੀਂ ਆਇਰਲੈਂਡ ਨੂੰ ਕਿਸੇ ਵੀ ਚੀਜ਼ ਨਾਲ ਇਕ ਸਿੱਧੀ ਰੇਖਾ ਵਾਂਗ ਨਹੀਂ ਜੋੜ ਸਕਦੇ। ਐਸ ਵੇਲੇ ਯੂਰਪ ਦੀ ਬਹੁਤ ਹੀ ਵਿਸ਼ੇਸ਼ ਸਥਿਤੀ ਹੈ ਅਤੇ ਇਸ ਸਮੇਂ ਮੈਨੂੰ ਸੁਖੈਨ ਸਰਲੀਕਰਣਾਂ ਦਾ ਬਹੁਤ ਖਦਸ਼ਾ ਹੈ, ਕਿਉਂਕਿ ਅਜਿਹਾ ਕਰਨ ਦੀ ਬਹੁਤ ਵੱਡੀ ਆਦਤ ਹੈ। ਮੇਰਾ ਖਿਆਲ ਹੈ ਕਿ ਅਸੀਂ ਇਕ ਵੱਖਰੇ ਸਮੇਂ ਵਿਚ ਪ੍ਰਵੇਸ਼ ਕਰ ਰਹੇ ਹਾਂ। ਇਕ ਬਹੁਤ ਭਿੰਨ ਪੱਧਰ ਤੇ ਕੰਮ ਕਰਨ ਦੀ ਲੋੜ ਹੈ। ਮਿਸਾਲ ਦੇ ਤੌਰ ਤੇ ਸਾਡੇ ਗਰੁੱਪ ਨੇ ਨਸਲਵਾਦ ਦੇ ਸੁਆਲ ਤੇ ਬਹੁਤ ਸਾਰਾ ਕੰਮ ਕੀਤਾ ਹੈ। ਅਸੀਂ ਉਸ ਬਾਰੇ ਬਹੁਤਾ ਬੋਲਦੇ ਨਹੀਂ। ਅਸੀਂ ਕੁਝ ਨਸਲਵਾਦੀ ਮੁੱਦਿਆਂ ਨੂੰ ਤੱਥਾਤਮਕ ਤੌਰ ਤੇ ਰੱਦਦੇ ਹਾਂ। ਲੋਕ ਸਾਡੇ ਥੀਏਟਰ ਵਿਚ ਆਉਂਦੇ ਨੇ ਤੇ ਦੇਖਦੇ ਨੇ ਕਿ ਇਕ ਕਾਲਾ ਆਦਮੀ ਗੋਰੇ ਦਾ ਰੋਲ ਕਰ ਰਿਹਾ ਹੈ ਅਤੇ ਉਸ ਬਾਰੇ ਕੋਈ ਵੀ ਚਰਚਾ ਨਹੀਂ ਕਰਦਾ। ਉਥੇ ਕਾਲਾ ਸਿਰਫ ਇਸ ਲਈ ਢੋਲ ਨਹੀਂ ਵਜਾਉਂਦਾ ਕਿਉਂਕਿ ਇਹ ਕਾਲਿਆਂ ਦਾ ਕੰਮ ਹੈ। ਇਸ ਬਾਰੇ ਵੀ ਕੋਈ ਗੱਲ ਨਹੀਂ ਕਰਦਾ। ਤੇ ਇਹੋ ਹੀ ਆਪਣੇ ਆਪ ਵਿਚ ਸਭ ਕੁਝ ਦੀ ਪੁਸ਼ਟੀ ਹੈ ਜਿਸ ਦਾ ਸਾਡੇ ਦਰਸ਼ਕਾਂ ਤੇ ਅਸਰ ਹੁੰਦਾ ਹੈ।

ਜਨਮ : ਕੀ ਤੁਸੀਂ ਸਮਝਦੇ ਹੋ ਕਿ ਦੁਨੀਆਂ ਵਿਚ ਕਿਤੇ ਵੀ ਗੈਰ-ਰਾਜਸੀ ਥੀਏਟਰ ਹੈ ?

ਪ. ਬ. : ਮੇਰੇ ਵਿਚਾਰ ਵਿਚ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਰਾਜਸੀ ਤੋਂ ਕੀ ਮਤਲਬ ਲੈਂਦੇ ਹੋ। ਮੈਂ ਇਹ ਗੱਲ ਕਹਿਣ ਵਾਲਾ ਪਹਿਲਾ ਬੰਦਾ ਨਹੀਂ। ਕੁੱਝ ਲੋਕਾਂ ਦਾ ਵਿਚਾਰ ਹੈ ਕਿ ਜੀਵਨ ਦੀ ਹਰ ਮੁਦਰਾ ਨੂੰ ਰਾਜਸੀ ਅਰਥ ਦਿੱਤਾ ਜਾ ਸਕਦਾ ਹੈ। ਫ਼ਿਲਮਕਾਰ 'ਗੋਦਾਰਦ' ਤਾਂ ਇੱਥੋਂ ਤਕ ਕਹਿੰਦਾ ਹੈ ਕਿ ਉਸ ਵਾਸਤੇ ਤਾਂ ਕੈਮਰੇ ਦਾ ਕੋਣ ਨਿਸ਼ਚਿਤ ਕਰਨਾ ਵੀ ਇਕ ਰਾਜਸੀ ਫ਼ੈਸਲਾ ਹੈ। ਜੇ ਤੁਸੀਂ ਮੈਨੂੰ ਬੜੇ ਹੀ ਸੀਮਿਤ ਪੱਧਰ ਤੇ ਜਵਾਬ ਦੇਣ ਲਈ ਆਖਦੇ ਹੋ ਤਾਂ ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਨੂੰ ਕੱਟੜਪੰਥੀਆਂ ਵਾਲੀ ਤੰਗ-ਦਿਲੀ ਤੋਂ ਬੜਾ ਭੈਅ ਆਉਂਦਾ ਹੈ ਤੇ ਮੈਂ ਸੋਚਦਾ ਹਾਂ ਕਿ ਉਹ ਰਾਜਸੀ ਥੀਏਟਰ ਜਿਹੜਾ ਹਰ ਗੱਲ ਨੂੰ ਕਿਸੇ ਸਪਸ਼ਟ ਆਰਥਿਕ ਜਾਂ ਸਮਾਜਿਕ ਆਦਿ-ਰੂਪ ਵਿਚ ਘਟਾ ਕੇ ਪੇਸ਼ ਕਰ ਦਿੰਦਾ ਹੈ, ਬਹੁਤ ਬੇਥਵ੍ਹਾ ਅਤੇ ਮਾਰੂ ਹੈ। ਜਿਹੜੀ ਗੱਲ ਤੋਂ ਸਾਨੂੰ ਚੇਤੰਨ ਹੋਣਾ ਚਾਹੀਦਾ ਹੈ ਉਹ ਇਹ ਹੈ ਕਿ ਅਜਿਹਾ ਕੁਝ ਕੁ ਉਨ੍ਹਾਂ ਲੋਕਾਂ ਵੱਲੋਂ ਹੋ ਰਿਹਾ ਹੈ ਜਿਹੜੇ ਇਕ ਸਪਸ਼ਟ ਤੌਰ ਤੇ ਪੁਰਜੋਸ਼ ਵਿਚਾਰਧਾਰਾ ਲਈ ਕੰਮ ਕਰ ਰਹੇ ਹਨ।

ਉਹ ਇਸ ਥੀਏਟਰ ਨੂੰ ਬਾਰ-ਬਾਰ ਕਰਕੇ ਤਥਾਕਥਿਤ ਅਗਾਂਹ- ਵਧੂ ਕਲਾ ਦੇ ਨਾਂ ਤੇ ਇਸ ਦੀ ਸਾਰੀ ਤਾਕਤ ਦਾ ਨਾਸ ਮਾਰ ਰਹੇ ਹਨ। ਜੇ ਇਸ ਸਾਰੀ ਸਥਿਤੀ ਨੂੰ ਵਧੇਰੇ ਬੁਨਿਆਦੀ ਤੌਰ ਤੇ ਅਤੇ ਜ਼ਰਾ ਕੁ ਜ਼ਿਆਦਾ ਬਾਗੀਆਨਾ ਨੁਕਤਾ-ਨਿਗਾਹ ਤੋਂ ਵੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਇਨਕਲਾਬ ਦਾ ਮੂਲ ਰੂਪ ਵਿਚ ਭਾਵ 'ਰੂਪਾਂਤਰਨ' ਹੈ। ਇਸ ਲਈ ਅਸੀਂ ਕਦੀ ਵੀ ਬਹੁਤ ਜ਼ਿਆਦਾ ਗਰਮ-ਖ਼ਿਆਲੀਏ ਨਹੀਂ ਹੋ ਸਕਦੇ। ਹਰ ਉਹ ਇਕੱਲਾ ਕਾਰਜ ਜੋ ਕਿ ਸਿਹਤਮੰਦ ਹੈ, ਗਤੀਸ਼ੀਲ ਹੋਣਾ ਚਾਹੀਦਾ ਹੈ ਅਤੇ ਹਰ ਗਤੀਸ਼ੀਲ ਕਾਰਜ ਨੂੰ ਇਕ ਅਗਾਂਹ ਵਧੂ ਅਤੇ ਹਾਂ-ਮੁਖੀ ਦਿਸ਼ਾ ਵੱਲ ਵਧਣਾ ਚਾਹੀਦਾ ਹੈ, ਨਾ ਕਿ ਕਿਸੇ ਬੱਝੇ ਹੋਏ ਘੇਰੇ ਵਿਚ ਹੀ ਘੁੰਮਣਾ ਚਾਹੀਦਾ ਹੈ। ਸਰਲ ਜਵਾਬ ਦੇਣਾ ਉਦੋਂ ਵਧੇਰੇ ਮੁਸ਼ਕਿਲ ਹੁੰਦਾ ਹੈ ਜਦੋਂ ਇਸ ਦੀ ਤਵੱਕੋ ਕੀਤੀ ਜਾਵੇ। ਮੈਨੂੰ ਤੁਹਾਡੇ ਸਾਰਿਆਂ ਤੇ ਸੰਦੇਹ ਹੈ। ਜਦੋਂ ਦਾ ਮੈਂ ਹਿੰਦੁਸਤਾਨ ਵਿਚ ਆਇਆ ਹਾਂ, ਮੈਂ ਵੇਖਿਆ ਹੈ ਕਿ ਭਾਵੇਂ ਸਾਰੀ ਦੁਨੀਆਂ ਵਿਚ ਲੋਕ ਤਾਂ ਉਸੇ ਤਰ੍ਹਾਂ ਹਨ ਪਰ ਇੱਥੇ ਬੋਲ-ਬਾਣੀ ਦੀ ਪ੍ਰਕਿਰਤੀ ਕੁੱਝ ਅਸਾਧਰਨ ਤੌਰ ਤੇ ਕੱਟੜਤਾ ਵਾਲੀ ਹੈ। ਜੋ ਕੁਝ ਵੀ ਕਿਹਾ ਜਾਂਦਾ ਹੈ ਲਗਪਗ ਹਰ ਉਸ ਗੱਲ ਵਿਚ ਸ਼੍ਰੇਣੀਆਂ ਜਾਂ ਵਰਗ ਬਣਾਉਣ ਦਾ ਅੰਸ਼ ਸ਼ਾਮਿਲ ਹੈ।

[ਅਨੁ : ਸ. ਕ. ਵ. ਅਤੇ ਅ. ਜ.]

□

ਪਰਦਰਸ਼ਨ ਦਾ ਹੱਕ

ਸਫ਼ਦਰ ਹਾਸ਼ਮੀ

ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਵੱਲੋਂ ਬਹੁਤ ਜ਼ਿਆਦਾ ਵਧਾਏ ਗਏ ਕਿਰਾਇਆਂ ਦੇ ਵਿਰੋਧ ਵਿਚ ਲੋਕਾਂ ਨੇ ਵੱਖ-ਵੱਖ ਢੰਗਾਂ ਨਾਲ ਆਪਣੇ ਰੋਸ ਦਾ ਇਜ਼ਹਾਰ ਕੀਤਾ, ਜਿਨ੍ਹਾਂ ਵਿਚ ਸਭ ਤੋਂ ਵੱਧ ਚਰਚਾ ਬੱਸਾਂ ਦੇ ਘਿਰਾਉ ਅਤੇ ਟਾਇਰਾਂ ਦੀ ਫੂਕ ਕੱਢਣ ਦਾ ਰਿਹਾ। ਪੁਲਿਸ ਨੇ ਲੋਕਾਂ ਦੇ ਵਿਰੋਧ ਨੂੰ ਦਬਾਉਣ ਲਈ ਉਹੀ ਆਪਣੇ ਚਿਰਪਰਿਚਿਤ ਢੰਗ ਵਰਤੇ ਜਿਵੇਂ ਸ਼ਾਂਤਮਈ ਘੇਰਾਉ ਕਰਨ ਵਾਲੇ ਲੋਕਾਂ ਤੇ ਲਾਠੀਚਾਰਜ, ਔਰਤਾਂ ਨੂੰ ਵਾਲਾਂ ਤੋਂ ਘੜੀਸਣਾ ਤੇ ਠੁੱਡੇ ਮਾਰਨੇ ਆਦਿ। ਕਰੀਬ 1500 ਲੋਕਾਂ ਨੂੰ ਫੜ ਲਿਆ ਗਿਆ ਅਤੇ ਉਨ੍ਹਾਂ ਉਤੇ ਫੌਜਦਾਰੀ ਕੇਸ ਠੋਕ ਦਿੱਤੇ ਗਏ।

ਲੋਕਾਂ ਦੇ ਰੋਸ ਪ੍ਰਗਟਾਵੇ ਦਾ ਇਕ ਹੋਰ ਮਾਧਿਅਮ ਜਨ ਨਾਟਯ ਮੰਚ ਦਾ ਨੁੱਕੜ ਨਾਟਕ 'ਡੀ. ਟੀ. ਸੀ. ਕੀ ਧਾਂਦਲੀ' ਵੀ ਬਣਿਆ। ਇਸ ਗਰੁੱਪ ਨੇ ਇਸ ਨਾਟਕ ਦੀ ਪੇਸ਼-ਕਾਰੀ 8 ਫਰਵਰੀ ਨੂੰ ਕਨਾਟ ਪਲੇਸ ਏਰੀਏ ਤੋਂ ਉਸ ਦਿਨ ਅਰੰਭੀ ਜਿੱਦਣ ਨਵੇਂ ਕਿਰਾਏ ਲਾਗੂ ਹੋਣੇ ਸਨ। ਵਿਸ਼ਾਲ ਜਨਸਮੂਹ ਨੇ ਇਸ 15 ਮਿੰਟੀ ਨਾਟਕ ਨੂੰ ਮਾਣਿਆਂ ਅਤੇ ਨਾਟਕ ਦੇ ਅੰਤ ਤੇ ਅਦਾਕਾਰਾਂ ਨਾਲ ਮਿਲਕੇ ਡੀ.ਟੀ.ਸੀ. ਵਿਰੋਧੀ ਨਾਹਰੇ ਲਾਏ। ਪੁਲਿਸ

ਨੇ ਪੇਸ਼ਕਾਰੀ ਰੋਕਣ ਦੀ ਕੋਸ਼ਿਸ਼ ਕੀਤੀ ਪਰ ਦਰਸ਼ਕਾਂ ਨੇ ਨਾਹਰੇ ਮਾਰ ਮਾਰ ਕੇ ਉਨ੍ਹਾਂ ਨੂੰ ਭਜਾ ਦਿੱਤਾ। ਚਾਰ ਵਜੇ ਤੱਕ ਕਲਾਕਾਰ ਭੀੜ ਭਰੇ ਸ਼ਿਵਾ ਜੀ ਸਟੇਡੀਅਮ ਦੇ ਬੱਸ ਅੱਡੇ ਪਹੁੰਚ ਗਏ। ਉਹ ਅਜੇ ਨਾਟਕ ਸ਼ੁਰੂ ਕਰਨ ਹੀ ਲੱਗੇ ਸਨ ਕਿ ਪੁਲਸੀਆਂ ਨੇ ਉਨ੍ਹਾਂ ਨੂੰ ਨਾਟਕ ਖੇਡਣ ਤੋਂ ਰੋਕ ਦਿੱਤਾ, ਜਿਹੜੇ ਇਸ ਵਾਰ ਇਹ ਧਾਰਕੇ ਹੀ ਆਏ ਸਨ ਕਿ ਨਾਟਕ ਨਹੀਂ ਹੋਣ ਦੇਣਾ। ਪਰ ਕਲਾਕਾਰਾਂ ਨੇ ਲੋਕਾਂ ਦੀ ਮਦਦ ਨਾਲ ਉਨ੍ਹਾਂ ਨੂੰ ਕਾਮਯਾਬ ਨਾ ਹੋਣ ਦਿੱਤਾ। 500 ਤੋਂ ਵੱਧ ਦਰਸ਼ਕਾਂ ਦੀ ਹਾਜ਼ਰੀ ਵਿਚ ਨਾਟਕ ਖੇਡਿਆ ਗਿਆ। ਹਾਲੇ ਨਾਟਕ ਮੁੱਕਿਆ ਹੀ ਸੀ ਕਿ ਲਾਠੀਆਂ, ਅੱਥਰੂ ਗੈਸ ਤੇ ਬੰਦੂਕਾਂ ਨਾਲ ਲੈਸ ਪੁਲਿਸ ਪੁੱਜ ਗਈ ਜਿਸ ਨੇ ਕਲਾਕਾਰਾਂ ਅਤੇ ਦਰਸ਼ਕਾਂ ਤੇ ਲਾਠੀ ਚਾਰਜ ਸ਼ੁਰੂ ਕਰ ਦਿੱਤਾ। ਉਸ ਪੁਲਿਸ-ਟੁਕੜੀ ਦੇ ਲੀਡਰ ਐਸ. ਐਚ. ਓ. ਵੱਲੋਂ ਕਲਾਕਾਰਾਂ ਨੂੰ ਪੁਲਿਸ ਵੈਨ ਵਿਚ ਬਿਠਾ ਕੇ ਮੰਦਿਰ ਮਾਰਗ ਠਾਣੇ ਲੈ ਜਾਇਆ ਗਿਆ। ਕੁਝ ਤਿਤਰ-ਬਿਤਰ ਹੁੰਦੇ ਕਲਾਕਾਰ ਲਾਠੀਆਂ ਦੇ ਸ਼ਿਕਾਰ ਹੋਏ। ਪੁਲਿਸ ਸਟੇਸ਼ਨ ਵਿਚ ਦੋਹਾਂ ਕਲਾਕਾਰਾਂ ਨਾਲ ਇੰਜ ਵਰਤਾਅ ਕੀਤਾ ਗਿਆ ਜਿਵੇਂ ਉਹ ਸਾਧਾਰਣ ਦੋਸ਼ੀ ਹੋਣ। ਉਨ੍ਹਾਂ ਦੀ ਟੈਲੀਫ਼ੋਨ ਕਰਨ ਦੀ ਬੇਨਤੀ ਨੂੰ ਉਨ੍ਹਾਂ ਚੋਣਵੀਆਂ ਗਾਲ੍ਹਾਂ ਨਾਲ ਰੱਦ ਕੀਤਾ ਗਿਆ ਜਿਹੜੀਆਂ ਬਹੁਤ ਹੀ ਤਿੱਖੇਪਣ ਨਾਲ ਕੱਢੀਆਂ ਜਾਂਦੀਆਂ ਹਨ ਅਤੇ ਜਿਸ ਦੀ ਮੁਹਾਰਤ ਸਿਰਫ ਪੁਲਸੀਆਂ ਨੂੰ ਹੀ ਹੁੰਦੀ ਹੈ।

ਚਾਰ ਘੰਟੇ ਠਾਣੇ ਰੱਖਣ ਤੋਂ ਬਾਦ ਉਨ੍ਹਾਂ ਨੂੰ ਇਸ ਚੇਤਾਵਨੀ ਤੇ ਛੱਡਿਆ ਗਿਆ ਕਿ ਜੇ ਉਨ੍ਹਾਂ ਦੁਬਾਰਾ ਨਾਟਕ ਖੇਡਿਆ ਤਾਂ ਉਨ੍ਹਾਂ ਨੂੰ ਟਰੈਫ਼ਿਕ ਵਿਚ ਰੁਕਾਵਟ ਪਾਉਣ, ਸਰ-ਕਾਰੀ ਕਰਮਚਾਰੀਆਂ ਤੇ ਹਮਲਾ ਕਰਨ ਅਤੇ ਅਮਨ ਭੰਗ ਕਰਨ ਦੇ ਜੁਰਮ ਵਿਚ ਫੜ ਲਿਆ ਜਾਵੇਗਾ। ਉਸ ਸਮੇਂ ਉਨ੍ਹਾਂ ਵਿਰੁੱਧ ਕੋਈ ਚਾਰਜ ਨਹੀਂ ਲਾਇਆ ਗਿਆ।

ਦਿੱਲੀ ਦੇ ਕਲਾਕਾਰਾਂ ਨੇ ਇਸ ਘਟਨਾ ਵਿਰੁੱਧ ਲਾਜਵਾਬ ਤੇਜ਼ੀ ਨਾਲ ਪ੍ਰਤਿ-ਕਿਰਿਆ ਵਿਖਾਈ। ਦਿੱਲੀ ਪੁਲਿਸ ਵੱਲੋਂ ਨਾਟ-ਪੇਸ਼ਕਾਰੀ ਵਿਚ ਰੋੜਾ ਅਟਕਾਉਣ ਅਤੇ ਦੋ ਕਲਾਕਾਰਾਂ ਨੂੰ ਫੜਣ ਵਿਰੁੱਧ ਬਿਆਨ ਜਾਰੀ ਕੀਤਾ ਗਿਆ। ਕਲਾਕਾਰਾਂ ਨੇ ਪੁਲਿਸ ਦੇ ਇਸ ਕਰਮ ਨੂੰ ਕਲਾਕਾਰਾਂ ਦੇ ਲੋਕਾਂ ਸਾਹਮਣੇ "ਪਰਦਰਸ਼ਨ ਦੇ ਜਮਹੂਰੀ ਹੱਕ ਤੇ ਡਾਕਾ" ਦੱਸਿਆ। ਉਨ੍ਹਾਂ ਕਿਹਾ ਕਿ ਕਲਾਕਾਰਾਂ ਤੇ ਇਸ ਪ੍ਰਕਾਰ ਦਾ ਜ਼ਾਲਮਾਨਾ ਦਬਾਅ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਬਿਆਨ ਤੇ ਦਸਤਖਤ ਕਰਨ ਵਾਲਿਆਂ ਵਿਚ ਪ੍ਰਸਿੱਧ ਲੇਖਕ-ਕਲਾਕਾਰ ਭੀਸ਼ਮ ਸਾਹਨੀ, ਵਿਸ਼ਨੂੰ ਪ੍ਰਭਾਕਰ, ਹੰਸ ਰਾਜ ਰਹਿਬਰ, ਐਮ. ਕੇ. ਰੈਣਾ, ਮਨਜੀਤ ਬਾਵਾ, ਵਿਵਨ ਸੁੰਦਰਮ, ਰਮੇਸ਼ਵਰ ਬਰੂਟਾ, ਦਾਦੀ ਪਦਮਜੀ ਅਤੇ ਹੋਰ ਕਈ ਨਾਂ ਸ਼ਾਮਿਲ ਹਨ। ਸਈਅਦ ਮਿਰਜ਼ਾ ਅਤੇ ਕੁੰਦਨ ਸ਼ਾਹ ਵਰਗੇ ਫ਼ਿਲਮਕਾਰ, ਜਿਹੜੇ ਉਸ ਦਿਨ ਰਾਜਧਾਨੀ ਵਿਚ ਸਨ, ਨੇ ਵੀ ਦਸਤਖਤ ਕੀਤੇ।

ਅਗਲੇ ਦਿਨ ਦੀਆਂ ਅਖਬਾਰਾਂ ਨੇ ਇਸ ਗ੍ਰਿਫ਼ਤਾਰੀ ਅਤੇ ਇਸਦੀ ਨਿੰਦਾ ਨੂੰ ਉਘੜਵੇਂ ਰੂਪ ਵਿਚ ਪੇਸ਼ ਕੀਤਾ। ਇਸਦੇ ਬਾਵਜੂਦ ਜਦ ਦੂਜੇ ਦਿਨ ਜਨ ਨਾਟਯ ਮੰਚ ਦੇ ਕਲਾਕਾਰਾਂ ਨੇ ਕਰੋਲ ਬਾਗ਼ ਵਿਚ ਨਾਟਕ ਖੇਡਿਆ ਤਾਂ ਪੁਲਿਸ ਨੇ ਮੁੜ ਅੜਿੱਕਾ ਡਾਹਿਆ। ਅਗਲੇ ਪੂਰੇ ਹਫ਼ਤੇ ਦੌਰਾਨ ਇਹ ਕਹਾਣੀ ਦੁਹਰਾਈ ਜਾਂਦੀ ਰਹੀ।

ਪਿਛਲੇ ਵਰ੍ਹਿਆਂ ਦੌਰਾਨ ਦੇਸ਼ ਦੇ ਕਈ ਹਿੱਸਿਆਂ ਵਿਚ ਨਾਟਕ ਕਰਨ ਵਾਲਿਆਂ ਤੇ ਪੁਲਿਸ ਦਬਾਅ ਦਾ ਜ਼ੋਰ ਵਧਿਆ ਹੈ। ਤਕਰੀਬਨ ਹਰ ਹਫ਼ਤੇ ਮੁਲਕ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਨੁੱਕੜ ਨਾਟਕ ਕਰਨ ਵਾਲਿਆਂ ਨੂੰ ਪੁਲਿਸ ਵੱਲੋਂ ਫੜੇ ਜਾਣ ਦੀਆਂ ਘਟਨਾਵਾਂ ਹੁੰਦੀਆਂ ਹਨ। 1981 ਵਿਚ ਪੂਰਬੀ ਯੂ.ਪੀ. ਦੇ ਇਕ ਕਸਬੇ ਵਿਚ ਇਕ ਕੇਸ ਵਿਚ ਇਕ ਨਾਟ-ਗਰੁੱਪ ਦੇ ਸਾਰੇ ਕਲਾਕਾਰਾਂ ਨੂੰ ਸਰਕਾਰੀ ਬੱਸ ਤੋਂ ਉਤਰਦਿਆਂ ਹੀ ਫੜ ਲਿਆ ਗਿਆ। ਉਨ੍ਹਾਂ ਨੂੰ ਸਾਰੀ ਰਾਤ ਠਾਣੇ ਰੱਖਿਆ ਗਿਆ ਤੇ ਗਰੁੱਪ ਦੀ ਇਸਤਰੀ-ਕਲਾਕਾਰ ਨਾਲ ਪੁਲਸੀਆਂ ਵੱਲੋਂ ਬਲਾਤਕਾਰ ਹੋਇਆ। ਬਿਹਾਰ ਵਿਚ ਤਾਂ ਗ੍ਰਿਫ਼ਤਾਰ ਕਰਨ, ਤਸੀਹੇ ਦੇਣ ਅਤੇ ਇਥੋਂ ਤਕ ਕਿ ਜੇਲ੍ਹ ਵਿਚ ਭੇਜਣ ਦੇ ਕੇਸ ਤਾਂ ਆਮ ਹਨ।

ਪਿਛਲੇ ਵਰ੍ਹਿਆਂ ਦੌਰਾਨ ਨੁੱਕੜ ਨਾਟਕ ਲੋਕਾਂ ਦੇ ਭਾਵਾਂ ਦਾ ਇਕ ਆਮ ਮਾਧਿਅਮ ਬਣਿਆ ਹੈ। ਤੇ ਕਈ ਸੂਬਿਆਂ ਵਿਚ ਇਹ ਮਜ਼ਦੂਰਾਂ, ਕਿਸਾਨਾਂ ਤੇ ਵਿਦਿਆਰਥੀਆਂ ਦੇ ਜਥੇਬੰਦ-ਵਰਗਾਂ ਦੀ ਆਵਾਜ਼ ਬਣ ਕੇ ਉੱਭਰ ਰਿਹਾ ਹੈ। ਆਪਣੀ ਗਤੀਸ਼ੀਲਤਾ, ਪ੍ਰਭਾਵ, ਪ੍ਰਤੀਬੱਧਤਾ ਅਤੇ ਦੱਬੇ-ਕੁਚਲਿਆਂ ਦੀ ਆਵਾਜ਼ ਬਣਨ ਕਾਰਨ ਹੀ ਇਹ ਸਰਕਾਰ ਅਤੇ ਕਾਨੂੰਨ ਦੇ ਰਖਵਾਲਿਆਂ ਦੀ ਨਿਗਾਹ ਵਿਚ ਰੜਕ ਰਿਹਾ ਹੈ। ਇਸ ਲਈ ਪੁਲਿਸ ਇਸ ਨਾਲ ਵੀ ਉਹੀ ਵਿਵਹਾਰ ਕਰਦੀ ਹੈ ਜੋ ਜਲਸੇ, ਜਲੂਸ ਜਾਂ ਰੋਸ ਪ੍ਰਦਰਸ਼ਨਾਂ ਨਾਲ ਕੀਤਾ ਜਾਂਦਾ ਹੈ। ਕਿਉਂਕਿ ਜਨਤਕ ਸਥਾਨਾਂ ਉਤੇ ਨਾਟਕੀ ਪੇਸ਼ਕਾਰੀ ਕਰਨ ਵਿਰੁੱਧ ਕੋਈ ਕਾਨੂੰਨ ਨਹੀਂ, ਇਸ ਲਈ ਪੁਲਿਸ ਉਨ੍ਹਾਂ ਨਾਲ ਨਜਿੱਠਣ ਵਾਸਤੇ ਅੰਗਰੇਜ਼ਾਂ ਦੇ ਸਮਿਆਂ ਤੋਂ ਚਲੇ ਆਉਂਦੇ ਕਾਨੂੰਨ ਠੋਕੀ ਜਾ ਰਹੀ ਹੈ।

ਭਾਵੇਂ ਇਹ ਠੀਕ ਹੈ ਕਿ ਨੁੱਕੜ ਨਾਟਕਾਂ ਉਤੇ ਵੱਧ ਰਹੇ ਹਮਲੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਦਬਾਉਣ ਅਤੇ ਜਮਹੂਰੀ ਕੰਮ-ਕਾਜੀ ਤਰੀਕਿਆਂ ਦੀ ਹਮੇਸ਼ਾ ਹੁੰਦੀ ਉਲੰਘਣਾ ਦੇ ਪ੍ਰਸੰਗ ਵਿਚ ਹੀ ਦੇਖਣੇ ਚਾਹੀਦੇ ਹਨ। ਪਰ ਇਥੇ ਕਲਾਕਾਰ ਦਾ ਆਪਣੇ ਆਪ ਨੂੰ ਪੇਸ਼ ਕਰਨ ਦਾ ਮਸਲਾ ਵੀ ਜੁੜਿਆ ਹੋਇਆ ਹੈ।

ਜਿਹੜਾ ਕੋਈ ਕਲਾਕਾਰ ਭਾਵ ਅਦਾਕਾਰ ਜਨਤਕ ਕਲਾਵਾਂ ਲਈ ਪ੍ਰਤਿਬੱਧ ਹੋ ਕੇ ਵੱਡੇ ਸਮੂਹਾਂ ਅੱਗੇ ਪੇਸ਼ਕਾਰੀ ਕਰਨਾ ਚਾਹੁੰਦਾ ਹੈ ਉਹ ਸੁਭਾਵਕ ਹੀ ਸਟਰੀਟ ਥੀਏਟਰ ਨਾਲ ਜੁੜਦਾ ਹੈ। ਪ੍ਰੋਸੀਨੀਅਮ ਥੀਏਟਰ ਮਹਿੰਗਾ ਹੋਣ ਕਾਰਨ ਅਤੇ ਥੀਏਟਰ ਹਾਲਾਂ ਦੀ ਘਾਟ ਕਾਰਨ ਇਹ ਕੇਵਲ ਉੱਚ ਮੱਧ-ਸ਼ਰੇਣੀ ਦੇ ਕੁਝ ਕੁ ਗਿਣੇ-ਚੁਣੇ ਲੋਕਾਂ ਤਕ ਹੀ ਪੁੱਜਦਾ ਹੈ। ਕੋਈ ਅਦਾਕਾਰ, ਗਾਇਕ, ਨਿਰਦੇਸ਼ਕ ਜਾਂ ਨਾਟਕਕਾਰ ਸਟਰੀਟ ਥੀਏਟਰ ਨੂੰ ਇਸ ਲਈ ਚੁਣਦਾ ਹੈ ਕਿਉਂਕਿ ਇਸ ਨਾਲ ਉਸ ਦੀ ਪਹੁੰਚ ਆਮ ਲੋਕਾਂ ਤਕ ਹੁੰਦੀ ਹੈ ਤੇ ਉਸਦਾ ਪ੍ਰਭਾਵ ਖੇਤਰ ਵਧਦਾ ਹੈ। ਉਹ ਜਨਤਕ ਸਥਾਨਾਂ ਤੇ ਲੋਕਾਂ ਦੀਆਂ ਭੀੜਾਂ ਵਿਚ ਪੁੱਜਦਾ ਹੈ ਜਿਹੜੇ ਉਸ ਦੀ ਕਲਾ ਦਾ ਹੁੰਗਾਰਾ ਭਰਨ ਲਈ ਜੁੜਦੇ ਹਨ। ਪਾਰਕ, ਮਾਰਕਿਟ, ਰਿਹਾਇਸ਼ੀ ਕਾਲੋਨੀਆਂ, ਬਾਜ਼ਾਰ, ਇੰਡਸਟਰੀਅਲ ਏਰੀਏ ਤੇ ਬੱਸ ਸਟਾਪ ਉਸ ਲਈ ਆਡੀਟੋਰੀਅਮ ਬਣਦੇ ਹਨ। ਜੇ ਇਨ੍ਹਾਂ ਥਾਵਾਂ ਤੇ ਵੀ ਪੁਲਿਸ ਅਮਨ ਕਾਨੂੰਨ ਦੇ ਨਾਂ ਹੇਠ ਉਨ੍ਹਾਂ ਨੂੰ ਰੋਕੇਗੀ ਤਾਂ ਉਹ ਕਿਥੇ ਜਾਣਗੇ? ਪੁਲਿਸ ਦਾ ਇਹ ਵਿਵਹਾਰ ਨੁੱਕੜ ਨਾਟ-

ਕਰਮੀਆਂ ਲਈ ਇਕ ਪ੍ਰਕਾਰ ਦਾ ਨੋਟਿਸ ਹੈ ਕਿ ਉਹ ਲਾਂਭੇ ਹੋ ਜਾਣ। ਇਹ ਇਕ ਕਲਾਕਾਰ ਦੇ ਆਪਣੇ ਦਰਸ਼ਕਾਂ ਤਕ ਪਹੁੰਚਣ ਦੇ ਜਮਹੂਰੀ ਹੱਕ ਤੇ ਡਾਕਾ ਹੈ। ਪੁਲਿਸ ਮਜਮੇ ਵਾਲੇ ਦਵਾ ਫ਼ਰੋਸ਼ਾਂ, ਬਾਂਦਰ ਬਾਂਦਰੀ ਦਾ ਤਮਾਸ਼ਾ ਵਿਖਾਉਣ ਵਾਲਿਆਂ ਜਾਂ ਸੱਪਾਂ ਦਾ ਤਮਾਸ਼ਾ ਦਿਖਾਉਣ ਵਾਲਿਆਂ ਨੂੰ ਕੁਝ ਨਹੀਂ ਕਹਿੰਦੀ। ਦੂਜੇ ਪਾਸੇ ਪੁਲਿਸ ਇਨ੍ਹਾਂ ਦੀ ਰੋਜ਼ਾਨਾਂ ਆਮਦਨ 'ਚੋਂ ਆਪਣਾ ਹਿੱਸਾ ਭਾਲਦੀ ਹੈ। ਪੁਲਿਸ ਨੁੱਕੜ ਰੰਗਕਰਮੀਆਂ ਨੂੰ ਟਰੈਫਿਕ ਵਿਚ 'ਵਿਘਨ' ਪਾਉਣ ਕਰਕੇ ਨਹੀਂ ਫੜਦੀ, ਜਿਵੇਂ ਕਿ ਪ੍ਰਚਾਰਿਆ ਜਾਂਦਾ ਹੈ ਅਤੇ ਜੋ ਸੱਚ ਨਹੀਂ, ਸਗੋਂ ਇਸ ਲਈ ਫੜਦੀ ਹੈ ਕਿ ਇਸਦਾ ਸੁਭਾਅ ਰਾਜਨੀਤਕ ਹੈ। ਕਿਉਂਕਿ ਇਹ ਥੀਏਟਰ ਚਲੰਤ ਮਸਲਿਆਂ ਨੂੰ ਲੈ ਕੇ ਉਨ੍ਹਾਂ ਦਾ ਵਿਗਿਆਨਕ ਹੱਲ ਦਸਦਾ ਹੈ ਅਤੇ ਆਪਣੇ ਦਰਸ਼ਕਾਂ ਨੂੰ ਚੇਤਨ ਕਰਦਾ ਹੈ। ਜਦੋਂ ਪੁਲਿਸ ਨੁੱਕੜ ਨਾਟਕ ਨੂੰ ਦਬਾਉਂਦੀ ਹੈ ਤਾਂ ਉਹ ਰਾਜ ਸੱਤਾ ਦੀ ਹੀ ਇੱਛਾ ਪੂਰੀ ਕਰਦੀ ਹੈ ਜੋ ਕਿ ਦਿਨ-ਬਦਿਨ ਮਤਭੇਦ ਅਤੇ ਵਿਰੋਧ ਪ੍ਰਤੀ ਅਸਹਿਣਸ਼ੀਲ ਹੁੰਦੀ ਜਾ ਰਹੀ ਹੈ। ਹੁਣ ਜਦੋਂ ਕਿ ਪੁਲਿਸ ਦਾ ਵਤੀਰਾ ਨਾਕਾਬਲੇ ਬਰਦਾਸ਼ਤ ਹੋ ਰਿਹਾ ਹੈ, ਇਹ ਖੁਸ਼ੀ ਵਾਲੀ ਗੱਲ ਹੈ ਕਿ ਕਲਾਕਾਰਾਂ ਦਾ ਪਰਿਵਾਰ, ਇਥੋਂ ਤਕ ਕਿ ਜਿਹੜੇ ਸਿੱਧੀ ਤਰ੍ਹਾਂ ਨੁੱਕੜ ਨਾਟਕ ਨਾਲ ਸੰਬੰਧਿਤ ਨਹੀਂ, ਅਤੇ ਆਮ ਲੋਕ ਵੀ ਨੁੱਕੜ ਨਾਟ-ਕਰਮੀ ਦੇ ਬਚਾਅ ਵਾਸਤੇ ਉੱਠ ਰਹੇ ਹਨ। ਭਾਵੇਂ ਅੰਤ ਨੂੰ ਨੁੱਕੜ ਨਾਟਕ ਨੂੰ ਜਨ ਸਾਧਾਰਣ ਦੇ ਸਮਰਥਨ ਨੇ ਹੀ ਬਚਾਉਣਾ ਹੈ, ਫਿਰ ਵੀ ਇਸ ਗੱਲ ਦੀ ਲੋੜ ਹੈ ਕਿ ਲੋਕਾਂ ਸਾਹਮਣੇ ਕਲਾਕਾਰ ਦੇ ਪੇਸ਼ਕਾਰੀ ਦੇ ਹੱਕ ਨੂੰ ਸੰਗਠਿਤ ਹੋ ਕੇ ਬਚਾਇਆ ਜਾਵੇ। ਦਿੱਲੀ ਦੇ ਉਹ ਕਲਾਕਾਰ ਜਿਨ੍ਹਾਂ ਨੇ ਜਨ-ਨਾਟਯ ਮੰਚ ਦੇ ਦੋ ਗ੍ਰਿਫ਼ਤਾਰ ਹੋਏ ਰੰਗਕਰਮੀਆਂ ਉਤੇ ਤੇਜ਼ੀ ਨਾਲ ਪ੍ਰਤਿਕਿਰਿਆ ਕੀਤੀ ਉਨ੍ਹਾਂ ਨੂੰ ਇਹ ਵੀ ਸੋਚਣਾ ਪਵੇਗਾ ਕਿ ਇਸ ਸਮੱਸਿਆ ਦਾ ਸਦੀਵੀ ਹੱਲ ਕੀ ਹੈ?

[ਅਨੁ. ਸ. ਕ. ਵ]


□



ਹਾਸ਼ਮੀ ਦੀਆਂ ਦੋ ਕਾਵਿ-ਰਚਨਾਵਾਂ

ਕਿਤਾਬਾਂ
ਕਰਦੀਆਂ ਨੇ ਗੱਲਾਂ
ਬੀਤੇ ਯੁਗਾਂ ਦੀਆਂ
ਦੁਨੀਆਂ ਦੀਆਂ, ਲੋਕਾਂ ਦੀਆਂ
ਅੱਜ ਦੀਆਂ, ਕੱਲ੍ਹ ਦੀਆਂ
ਇਕ ਇਕ ਪਲ ਦੀਆਂ
ਖੁਸ਼ੀਆਂ ਦੀਆਂ, ਗਮਾਂ ਦੀਆਂ
ਫੁੱਲਾਂ ਤੇ ਬੰਬਾਂ ਦੀਆਂ
ਜਿੱਤ ਦੀਆਂ, ਹਾਰ ਦੀਆਂ
ਪਿਆਰ ਦੀਆਂ, ਮਾਰ ਦੀਆਂ
ਕੀ ਤੁਸੀਂ ਨਹੀਂ ਸੁਣੋਗੇ
ਇਨ੍ਹਾਂ ਕਿਤਾਬਾਂ ਦੀਆਂ ਗੱਲਾਂ ?

ਕਿਤਾਬਾਂ ਕੁਝ ਕਹਿਣਾ ਚਾਹੁੰਦੀਆਂ ਨੇ
ਤੁਹਾਡੇ ਕੋਲ ਰਹਿਣਾ ਚਾਹੁੰਦੀਆਂ ਨੇ
ਕਿਤਾਬਾਂ 'ਚ ਚਿੜੀਆਂ
ਚਹਿਚਹਾਉਂਦੀਆਂ ਨੇ
ਕਿਤਾਬਾਂ ਵਿਚ ਖੇਤੀਆਂ
ਲਹਿਲਹਾਉਂਦੀਆਂ ਨੇ
ਕਿਤਾਬਾਂ 'ਚ ਝਰਨੇ ਗੁਣਗੁਣਾਉਂਦੇ ਨੇ
ਤੇ ਪਰੀਆਂ ਦੇ ਕਿੱਸੇ ਸੁਣਾਉਂਦੇ ਨੇ
ਕਿਤਾਬਾਂ ਵਿਚ ਸਾਇੰਸ ਦੀ
ਆਵਾਜ਼ ਹੈ
ਕਿਤਾਬਾਂ ਦਾ ਬਹੁਤ ਵੱਡਾ ਸੰਸਾਰ ਹੈ
ਕਿਤਾਬਾਂ ਵਿਚ ਗਿਆਨ ਦੀ ਭਰਮਾਰ ਹੈ
ਕੀ ਤੁਸੀਂ ਇਸ ਸੰਸਾਰ ਵਿਚ ਨਹੀਂ
ਜਾਣਾ ਚਾਹੋਗੇ ?



ਕਿਤਾਬਾਂ ਕੁਝ ਕਹਿਣਾ ਚਾਹੁੰਦੀਆਂ ਨੇ
ਤੁਹਾਡੇ ਕੋਲ ਰਹਿਣਾ ਚਾਹੁੰਦੀਆਂ ਨੇ

ਕਲ ਸ਼ਾਮ ਨੂੰ ਸ਼ਰਮਾ ਜੀ ਨੇ
ਟੋਪੀ ਨਵੀਂ ਖਰੀਦੀ
ਘਰ ਵਿਚ ਟੀ ਵੀ ਦੇਖ ਰਹੇ ਨੇ
ਪਾਪਾ ਮੰਮੀ ਦੀਦੀ।
ਲਾਲ ਕਿਲ੍ਹੇ ਦੇ ਆਲੇ-ਦੁਆਲੇ
ਆਜ਼ਾਦੀ ਦਾ ਹੱਲਾ
ਸਭ ਤੋਂ ਉਪਰ ਨੱਚ ਰਿਹਾ ਹੈ
ਝੰਡਾ ਕੱਲਮਕੱਲਾ।
ਕਦਮ ਮਿਲਾਂਦੇ ਬੈਂਡ ਵਜਾਂਦੇ
ਫ਼ੌਜੀ ਆਉਂਦੇ ਜਾਂਦੇ,
ਪੂਰੇ ਲਾਨ 'ਚ ਬੱਚੇ ਬੁੱਢੇ
ਚਣੇ-ਮਰੂੰਡਾ ਖਾਂਦੇ।
ਸਾਰੇ ਕਹਿੰਦੇ ਅੱਜ ਦੇ ਦਿਨ
ਹੋਇਆ ਮੁਲਕ ਆਜ਼ਾਦ,
ਅੱਜ ਦੇ ਦਿਨ ਹੀ ਅੰਗਰੇਜ਼ਾਂ ਦਾ
ਖ਼ਤਮ ਹੋਇਆ ਸੀ ਰਾਜ।
ਆਪਣੀ ਤਾਂ ਇਹ ਸਮਝ ਨਾ ਆਵੇ
ਆਜ਼ਾਦੀ ਤੇ ਦੇਸ਼
ਅਸੀਂ ਤਾਂ ਛੱਤ ਤੋਂ ਦੇਖ ਰਹੇ ਹਾਂ
ਹਰ ਪਤੰਗ ਦੇ ਪੇਚ,
ਸਾਨੂੰ ਪੁੱਛੇ ਕੋਈ ਬੱਚਿਓ,
ਆਜ਼ਾਦੀ ਕੀ ਹੁੰਦੀ ਏ ?
ਅਸੀਂ ਕਹਾਂਗੇ ਉਸ ਦਿਨ ਸਭ ਦੀ
ਪੂਰੀ ਛੁੱਟੀ ਹੁੰਦੀ ਏ।

☐

[ਅਨੁ: ਅ. ਜ.]

ਸਫ਼ਦਰ ਹਾਸ਼ਮੀ : ਜੀਵਨ ਅਤੇ ਪ੍ਰਾਪਤੀਆਂ

ਸਫ਼ਦਰ ਨੇ ਪਹਿਲੇ ਕੁਝ ਸਾਲ ਸਕੂਲੀ ਵਿਦਿਆ ਅਲੀਗੜ੍ਹ ਵਿਚ ਲਈ ਅਤੇ 1964 ਵਿਰ ਦਿੱਲੀ ਵਾਪਿਸ ਪਰਤਿਆ। ਦਿੱਲੀ ਵਿਚ ਉਸਨੇ ਮਿਉਂਸਿਪਲ ਸਕੂਲ ਸਰੋਜਨੀ ਨਗਰ, ਡੀ.ਏ.ਵੀ. ਸਕੂਲ, ਬੇਅਰਡ ਰੋਡ ਅਤੇ ਫਿਰ ਕੰਨੜ ਸਕੂਲ ਲੋਧੀ ਐਸਟੇਟ ਤੋਂ 1970 ਵਿਚ ਹਾਇਰ ਸੈਕੰਡਰੀ ਤਕ ਦੀ ਵਿਦਿਆ ਆਰਟਸ ਦੇ ਵਿਸ਼ਿਆਂ ਨਾਲ ਸੰਪੂਰਨ ਕੀਤੀ। ਫਿਰ ਉਸਨੇ ਸੇਂਟ ਸਟੀਫ਼ਨ ਕਾਲਿਜ, ਦਿੱਲੀ ਯੂਨੀਵਰਸਿਟੀ ਤੋਂ ਬੀ.ਏ. (ਆਨਰਜ਼) ਅਤੇ 1975 ਵਿਚ ਐਮ-ਏ ਇੰਗਲਿਸ਼ ਕੀਤੀ।

ਯੂਨੀਵਰਸਿਟੀ ਦੇ ਸਾਲਾਂ ਦੌਰਾਨ ਸਫ਼ਦਰ ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ (ਐਸ.ਐਫ.ਆਈ.) ਨਾਲ ਸੰਬੰਧਿਤ ਹੋਇਆ। ਇਕ ਕਮਿਊਨਿਸਟ ਪਰਿਵਾਰ ਵਿਚ ਪੈਦਾ ਹੋਣ ਕਰਕੇ ਉਹ ਕਮਿਊਨਿਸਟਾਂ ਦੇ ਵਿਸ਼ਵ ਨਜ਼ਰੀਏ ਨਾਲ ਪਰਿਚਿਤ ਹੋਇਆ ਅਤੇ ਮਾਰਕਸਿਜ਼--ਲੈਨਿਨਿਜ਼ਮ ਦੀ ਸਿਧਾਂਤਕ ਸਮਝ ਉਹਨੇ ਛੋਟੀ ਉਮਰੇ ਹੀ ਹਾਸਿਲ ਕਰ ਲਈ ਸੀ ਅਤੇ ਨਾਲ ਹੀ ਉਸਨੇ ਕਾਮਿਆਂ ਦੀ ਜਮਾਤ ਦੇ ਇਨਕਲਾਬੀ ਕਾਜ਼ ਲਈ ਬੇਝਿਜਕ ਪ੍ਰਤਿਬੱਧਤਾ ਪ੍ਰਾਪਤ ਕਰ ਲਈ ਸੀ। ਉਸਨੇ ਆਪਣੀ ਸਾਰੀ ਉਮਰ ਜਿਸਨੂੰ ਬੇਦਰਦੀ ਨਾਲ ਛੋਟਾ ਕਰ ਦਿਤਾ ਗਿਆ, ਇਸ ਕੰਮ ਲਈ ਅਰਪਣ ਕਰ ਦਿਤੀ ਸੀ। ਉਸ ਦੀ ਵਿਲੱਖਣ ਪ੍ਰਤਿਭਾ ਲਈ ਹਰ ਸਮੇਂ ਇਹੋ ਹੀ ਪ੍ਰੇਰਣਾ ਸ੍ਰੋਤ ਸੀ।

ਆਪਣੇ ਯੂਨੀਵਰਸਿਟੀ ਦੇ ਵਿਦਿਆਰਥੀ-ਕਾਲ ਦੌਰਾਨ 1973 ਵਿਚ ਹਾਸ਼ਮੀ ਨੇ ਜਨ ਨਾਟਯ ਮੰਚ ਦੀ ਸਥਾਪਨਾ ਕੀਤੀ। ਇਸ ਤੋਂ ਪਹਿਲਾਂ 1971 ਵਿਚ ਉਹ ਇਪਟਾ ਦੇ ਪੁਨਰ ਉਥਾਨ ਲਈ ਉਸ ਨਾਲ ਜੁੜ ਚੁੱਕਾ ਸੀ। ਇਪਟਾ ਦੀ ਪਹਿਲਾਂ ਵਾਲੀ ਸ਼ਾਨੋ-ਸ਼ੌਕਤ ਲਿਆਉਣ ਲਈ ਯਤਨ ਆਰੰਭੇ ਜਾ ਚੁੱਕੇ ਸਨ। ਇਸੇ ਸਮੇਂ ਇਪਟਾ ਵਿਚ ਉਸ ਦੀ ਮੁਲਾਕਾਤ ਮੌਲੇਸ਼੍ਰੀ ਨਾਲ ਹੋਈ ਜਿਸ ਨਾਲ 1979 ਵਿਚ ਉਸਨੇ ਵਿਆਹ ਕਰਵਾਇਆ। ਇਥੇ ਹੀ ਕੁਝ ਹੋਰ ਸਾਥੀਆਂ ਨਾਲ ਮੇਲ ਹੋਇਆ ਜਿਨ੍ਹਾਂ ਨਾਲ ਰਲ ਕੇ ਬਾਅਦ ਵਿਚ ਜਨ ਨਾਟਯ-ਮੰਚ ਦੀ ਸਥਾਪਨਾ ਕੀਤੀ। ਇਪਟਾ ਦੌਰਾਨ ਉਸਨੇ 'ਦਰਬਾਰ', 'ਕਿਮਲਿਸ਼' (ਬਿਹਾਰ ਦੀ ਕਮਿਊਨਿਸਟ ਲਹਿਰ ਬਾਰੇ) ਅਤੇ ਬਰੈਖਤ ਦੇ ਦੋ ਨਾਟਕਾਂ 'ਐਕਸੈਪਸ਼ਨ ਐਂਡ ਦੀ ਰੂਲ' ਅਤੇ 'ਇਨ ਸਰਚ ਆਫ ਜਸਟਿਸ' ਵਿਚ ਭਾਗ ਲਿਆ। ਪਿਸਕੇਟਰ ਅਤੇ ਬਰੈਖ਼ਤ ਦੇ ਪੋਲੀਟੀਕਲ ਥੀਏਟਰ ਤੋਂ ਪ੍ਰਭਾਵਿਤ ਹੋ ਕੇ ਹਾਸ਼ਮੀ ਨੇ ਬਰੈਖ਼ਤ ਅਤੇ ਹੋਰਨਾਂ ਦੇ ਨਾਟਕਾਂ ਦੇ ਰੂਪਾਂਤਰਾਂ ਅਤੇ ਆਪਣੇ ਨਾਟਕਾਂ ਦੀ ਰਚਨਾ ਵਿਚ ਬਰੈਖਤੀ ਸਿਧਾਂਤਾਂ ਨੂੰ ਅਪਣਾਇਆ।

ਜਨ ਨਾਟਯ ਮੰਚ ਨੇ ਆਪਣੀਆਂ ਗਤੀਵਿਧੀਆਂ ਦਾ ਆਰੰਭ ਪ੍ਰੋਸੀਨੀਅਮ ਸਟੇਜ ਰਾਹੀਂ ਕੀਤਾ ਅਤੇ ਸਕਸੇਨਾ ਦਾ 'ਬੱਕਰੀ', 'ਭਾਰਤ ਭਾਗਯ ਵਿਧਾਤਾ' ਅਤੇ ਸੋਵੀਅਤ ਯੂਨੀਅਨ ਦੇ ਕੋਲਾ ਖਾਨਾਂ ਦੇ ਮਜ਼ਦੂਰਾਂ 'ਤੇ ਆਧਾਰਿਤ ਬੰਗਾਲੀ ਨਾਟਕ ਦਾ ਰੂਪਾਂਤਰ 'ਦਹਿਕਤੇ ਲੇਨਾ' ਦੀਆਂ ਪੇਸ਼ਕਾਰੀਆਂ ਦਿੱਤੀਆਂ। ਜਨਮ (ਜਨ ਨਾਟਯ ਮੰਚ) ਦੀ ਪਹਿਲੀ

ਪੇਸ਼ਕਾਰੀ ਉਤਪਲ ਦੱਤ ਦਾ ਨਾਟਕ 'ਮ੍ਰਿਤਯੁਰ ਅਤੀਤ' ਸੀ। ਫਿਰ 'ਜਨਮ' ਦਾ ਝੁਕਾਅ ਨੁੱਕੜ ਨਾਟਕ ਵੱਲ ਹੋਇਆ ਅਤੇ ਇਹ ਦੇਸ਼ ਦੀ ਪ੍ਰਮੁਖ ਮੰਚ ਜਥੇਬੰਦੀ ਦੇ ਰੂਪ ਵਿਚ ਉੱਭਰੀ।

ਦਿੱਲੀ ਦੇ ਜ਼ਾਕਿਰ ਹੁਸੈਨ ਕਾਲਿਜ ਵਿਚ ਤਿੰਨ ਮਹੀਨੇ ਕੰਮ ਕਰਨ ਉਪਰੰਤ ਹਾਸ਼ਮੀ ਨੇ 1976 ਦੇ ਅੰਤ ਤਕ ਸ੍ਰੀਨਗਰ ਅਤੇ ਗੜ੍ਹਵਾਲ ਯੂਨੀਵਰਸਿਟੀ ਵਿਚ ਪੜ੍ਹਾਇਆ। ਜੂਨ 1978 ਤਕ ਦੁਬਾਰਾ ਕਸ਼ਮੀਰ ਵਿਚ ਸ੍ਰੀਨਗਰ ਵਿਖੇ ਕੰਮ ਕੀਤਾ। ਇਸ ਸਮੇਂ ਉਸ ਯੂਨੀਵਰਸਿਟੀ ਥੀਏਟਰ ਗਰੁੱਪ ਦੀ ਸਥਾਪਨਾ ਕੀਤੀ ਅਤੇ **George Buechner** ਦੀ **Woyzech**, ਬਰੱਖਤ ਦੀ 'ਐਕਸੈਪਸ਼ਨ ਐਂਡ ਦੀ ਰੂਲ' ਅਤੇ ਇਕ ਚੀਨੀ ਨਾਟਕ **'Orphan of Chaos'** ਖੇਡੇ। ਐਮਰਜੈਂਸੀ ਸ਼ੁਰੂ ਹੋਣ ਤੋਂ 1 ਸਾਲ ਬਾਅਦ 1976 ਵਿਚ ਹਾਸ਼ਮੀ ਸੀ.ਪੀ.ਆਈ. (ਐਮ.) ਵਿਚ ਸ਼ਾਮਿਲ ਹੋ ਗਿਆ।

ਜੁਲਾਈ 1978 ਵਿਚ ਸਫ਼ਦਰ ਦੁਬਾਰਾ ਦਿੱਲੀ ਆ ਗਿਆ। ਕੁਝ ਦੇਰ ਜ਼ਾਕਿਰ ਹੁਸੈਨ ਕਾਲਿਜ ਵਿਚ ਅਤੇ ਫਿਰ ਪ੍ਰੈਸ ਇੰਸਟੀਚਿਊਟ ਆਫ ਇੰਡੀਆ ਵਿਚ ਕੰਮ ਕੀਤਾ। ਕੁਝ ਮਹੀਨਿਆਂ ਲਈ ਖੱਬੇ ਮੋਰਚੇ ਦੀ ਬੰਗਾਲ ਸਰਕਾਰ ਵਿਚ ਪ੍ਰੈਸ ਇਨਫਰਮੇਸ਼ਨ ਅਫਸਰ ਦੇ ਤੌਰ ਤੇ ਕੰਮ ਕੀਤਾ। ਆਪਣੀ ਬੰਗਾਲ-ਨੌਕਰੀ ਦੌਰਾਨ ਹਾਸ਼ਮੀ ਨੇ ਬੰਗਾਲ ਸਰਕਾਰ ਦੇ ਪ੍ਰੈਸ ਇਨਫਰਮੇਸ਼ਨ ਸੈਂਟਰ ਨੂੰ ਸਭਿਆਚਾਰਕ ਗਤੀਵਿਧੀਆਂ ਦਾ ਗੜ੍ਹ ਬਣਾ ਦਿੱਤਾ। ਉਸਨੇ ਪਹਿਲਾਂ 'ਰਿਤਵਿਕ ਘਟਕ' ਫਿਲਮ ਫੈਸਟੀਵਲ ਆਯੋਜਿਤ ਕੀਤਾ। ਇਸ ਸਮੇਂ ਇਹ ਸੈਂਟਰ ਨਵੇਂ ਸਿਨਮਾ ਨਾਲ ਸੰਬੰਧਿਤ ਫਿਲਮਕਾਰਾਂ ਦੀਆਂ ਮੀਟਿੰਗਾਂ ਦਾ ਕੇਂਦਰ ਬਣ ਗਿਆ। ਤੀਜੀ ਦੁਨੀਆਂ ਦੀਆਂ ਫ਼ਿਲਮਾਂ ਤੇ ਇਥੋਂ ਤਕ ਕਿ ਅੰਡਰ ਗਰਾਊਂਡ ਫਿਲਮਾਂ ਦੇ ਸ਼ੋਅ ਹੋਏ। ਨਾਟਕ, ਥੀਏਟਰ ਤੇ ਫਿਲਮਾਂ ਨਾਲ ਸੰਬੰਧਤ ਵਰਕਸ਼ਾਪਾਂ ਅਤੇ ਸੈਮੀਨਾਰਾਂ ਦਾ ਜ਼ੋਰ ਰਿਹਾ। ਇਥੇ ਸਫ਼ਦਰ ਨੇ ਦਸੰਬਰ 83 ਤਕ ਕੰਮ ਕੀਤਾ। ਉਸਤੋਂ ਬਾਅਦ ਉਸ ਨੇ ਨੌਕਰੀ ਛੱਡ ਕੇ ਆਪਣਾ ਪੂਰਾ ਸਮਾਂ ਥੀਏਟਰ ਅਤੇ ਪਾਰਟੀ ਦੇ ਲੇਖੇ ਲਾ ਦਿੱਤਾ।

ਇਸ ਸਮੇਂ ਤਕ ਜਨ ਨਾਟਯ ਮੰਚ ਨਾ ਕੇਵਲ ਦਿੱਲੀ ਬਲਕਿ ਰਾਸ਼ਟਰੀ ਪੱਧਰ ਉਤੇ ਸਭਿਆਚਾਰਕ ਲਹਿਰ ਉਸਾਰਨ ਵਿਚ ਆਪਣਾ ਮਹੱਤਵਪੂਰਨ ਸਥਾਨ ਗ੍ਰਹਿਣ ਕਰ ਚੁੱਕਾ ਸੀ ਅਤੇ 'ਮਸ਼ੀਨ', 'ਔਰਤ', 'ਗਾਓਂ ਸੇ ਸ਼ਹਿਰ ਤਕ' 'ਰਾਜਾ ਕਾ ਬਾਜਾ' ਅਤੇ 'ਹਤਿਆਰੇ' ਆਦਿ ਨਾਟਕਾਂ ਦੀਆਂ ਪੇਸ਼ਕਾਰੀਆਂ ਹੋ ਚੁੱਕੀਆਂ ਸਨ। ਸਾਂਝੇ ਰੂਪ ਵਿਚ ਲਿਖੀਆਂ ਇਨ੍ਹਾਂ ਸਕ੍ਰਿਪਟਾਂ ਵਿਚ ਮੁਖ ਲੇਖਣ ਹਾਸ਼ਮੀ ਦਾ ਹੀ ਸੀ ਅਤੇ ਸਾਰੇ ਗੀਤ ਵੀ ਉਸੇ ਨੇ ਹੀ ਲਿਖੇ। ਇਹ ਸਾਰੇ ਨਾਟਕ ਸਾਡੇ ਸਮਿਆਂ ਦੇ ਜਵਲੰਤ ਪ੍ਰਸ਼ਨਾਂ ਨੂੰ ਛੋਂਹਦੇ ਹਨ। ਜਨ ਨਾਟਯ ਮੰਚ ਨੇ ਇਨ੍ਹਾਂ ਦੀਆਂ ਪੇਸ਼ਕਾਰੀਆਂ ਪੂਰੇ ਉਤਰ ਭਾਰਤ ਵਿਚ, ਹਿਮਾਚਲ ਪ੍ਰਦੇਸ਼, ਰਾਜਸਥਾਨ, ਯੂ.ਪੀ., ਹਰਿਆਣਾ ਅਤੇ ਪੰਜਾਬ ਵਿਚ ਕਾਮਿਆਂ, ਕਿਸਾਨਾਂ, ਵਿਦਿਆਰਥੀਆਂ, ਬਾਬੂਆਂ ਅਤੇ ਬੇਰੁਜ਼ਗਾਰਾਂ ਦੇ ਵਿਸ਼ਾਲ ਜਨ-ਸਮੂਹਾਂ ਸਾਹਮਣੇ ਕੀਤੀਆਂ। ਇਨ੍ਹਾਂ ਨਾਟਕਾਂ ਦੇ ਕਈ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋਏ ਅਤੇ ਕਈ ਹੋਰ ਥੀਏਟਰ ਗਰੁੱਪਾਂ ਨੇ ਖੇਡਿਆ। ਕੁਝ ਨਾਟਕ ਪਾਕਿਸਤਾਨ ਵਿਚ ਵੀ ਹੋਏ। ਸਫ਼ਦਰ ਹਾਸ਼ਮੀ ਦੇ ਉੱਦਮਾਂ ਨੇ ਸਮੁੱਚੇ ਭਾਰਤ ਵਿਚ ਸਟਰੀਟ ਥੀਏਟਰ ਦੀ ਲਹਿਰ ਉਸਾਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ।

1984 ਤੋਂ ਬਾਅਦ ਸਫ਼ਦਰ ਹਾਸ਼ਮੀ ਨੇ ਆਪਣੇ ਥੀਏਟਰ ਨੂੰ, ਜਿਹੜਾ ਕਿ ਸਿੱਧੇ ਤੌਰ ਤੇ ਪਹਿਲਾਂ ਹੀ ਪੁਲੀਟੀਕਲ ਸੀ, ਸੀ. ਪੀ. ਆਈ. (ਐਮ) ਪਾਰਟੀ ਦੇ ਹੋਰ ਕਾਰਜ-ਖੇਤਰਾਂ ਨਾਲ ਵੀ ਜੋੜਿਆ ਅਤੇ ਦੋਹਾਂ ਪੱਧਰਾਂ ਤੇ ਉਸਨੇ ਮਹੱਤਵਪੂਰਨ ਕੰਮ ਕੀਤਾ। ਜਨ ਨਾਟਯ ਮੰਚ ਨੇ ਦਿੱਲੀ, ਗਾਜ਼ੀਆਬਾਦ ਅਤੇ ਫਰੀਦਾਬਾਦ ਵਿਚ ਹੋਈ ਹਰ ਰਾਜਨੀਤਕ ਲਹਿਰ ਅਤੇ ਐਜੀਟੇਸ਼ਨ ਸਮੇਂ ਡਟ ਕੇ ਕੰਮ ਕੀਤਾ।

ਪੁਲੀਟੀਕਲ ਥੀਏਟਰ ਤੋਂ ਇਲਾਵਾ ਸਫ਼ਦਰ ਹਾਸ਼ਮੀ ਅਤੇ ਜਨ ਨਾਟਯ ਮੰਚ ਨੇ ਕਲਾਕਾਰਾਂ ਅਤੇ ਸਭਿਆਚਾਰਕ ਗਤੀਵਿਧੀਆਂ ਦੀ ਆਜ਼ਾਦ ਹਸਤੀ ਲਈ ਸੰਘਰਸ਼ ਕਰਨ ਦੀ ਪਹਿਲ ਕੀਤੀ। ਉਦਾਹਰਣ ਦੇ ਤੌਰ ਤੇ ਨੌਂਵੇਂ ਦਹਾਕੇ ਦੇ ਮੁੱਢ ਵਿਚ ਨਾਟਕਾਂ ਉਤੇ ਖੇਡਣ ਤੋਂ ਪਹਿਲਾਂ ਲਾਈ ਜਾਣ ਵਾਲੀ ਸੈਂਸਰਸ਼ਿਪ ਦਾ ਵਿਰੋਧ ਕੀਤਾ। 1984 ਵਿਚ ਦਿੱਲੀ ਵਿਚ ਹੋਏ ਸਿੱਖ-ਵਿਰੋਧੀ ਦੰਗਿਆਂ ਵਿਰੁਧ ਆਵਾਜ਼ ਉਠਾਣ ਲਈ ਕਲਾਕਾਰਾਂ ਦਾ ਰੋਸ ਪ੍ਰਦਰਸ਼ਿਤ ਕੀਤਾ। 1987 ਵਿਚ ਦਿੱਲੀ ਵਿਖੇ ਬਣੀ ਉਸ ਕਮੇਟੀ ਦਾ ਹਾਸ਼ਮੀ ਸਰਕਰਦਾ ਮੈਂਬਰ ਸੀ ਜਿਸਨੇ ਭਾਈਚਾਰਕ ਏਕਤਾ ਲਈ ਸੰਪਰਦਾਇਕਤਾ, ਮੂਲ-ਵਾਦ ਅਤੇ ਪ੍ਰਤੀਗਾਮੀ ਸ਼ਕਤੀਆਂ ਦਾ ਵਿਰੋਧ ਆਰੰਭਿਆ। ਇਸ ਪ੍ਰਸੰਗ ਵਿਚ ਉਸਦਾ ਨਾਟਕ 'ਅਪਹਰਣ ਭਾਈਚਾਰੇ ਕਾ' ਮਹੱਤਵਪੂਰਣ ਹੈ, ਇਸੇ ਤਰ੍ਹਾਂ ਜਨ ਨਾਟਯ ਮੰਚ ਦੇ ਕੁਝ ਹੋਰ ਮਹੱਤਵਪੂਰਨ ਨਾਟਕ ਵੀ ਸਾਹਮਣੇ ਆਏ ਜਿਨ੍ਹਾਂ ਵਿਚ 'ਮਈ ਦਿਵਸ', 'ਸਮਰੱਥ', 'ਡੀ.ਟੀ. ਸੀ. ਕੀ ਧਾਂਦਲੀ' ਅਤੇ 'ਆਇਆ ਚੁਨਾਓ' ਜ਼ਿਕਰਯੋਗ ਹੈ। 'ਆਇਆ ਚੁਨਾਓ' ਤੇ 'ਡੀ.ਟੀ. ਸੀ. ਕੀ ਧਾਂਦਲੀ' ਨੇ ਲੋਕ ਸਭਾ ਦੀਆਂ ਚੋਣਾਂ ਅਤੇ 'ਬੱਸ ਕਰਾਇਆ ਘੋਲ' ਸਮੇਂ ਲੋਕਾਂ ਨੂੰ ਜਾਗਰੂਕ ਕਰਨ ਵਿਚ ਭੂਮਿਕਾ ਨਿਭਾਈ।

ਕਈ ਵਰ੍ਹਿਆਂ ਬਾਦ ਜਨ ਨਾਟਯ ਮੰਚ ਨੇ ਮੁੜ ਪ੍ਰੋਸੀਨੀਅਮ ਸਟੇਜ ਵੱਲ ਰੁਖ ਕੀਤਾ ਅਤੇ ਪ੍ਰੇਮ ਚੰਦ ਦੀ ਕਹਾਣੀ 'ਮੋਟੇ ਰਾਮ ਕਾ ਸਤਿਆਗ੍ਰਹਿ' ਤੇ ਆਧਾਰਿਤ ਨਾਟਕ ਖੇਡਿਆ। ਹੁਣ ਤਕ ਜਨ ਨਾਟਯ ਮੰਚ ਆਪਣੇ 24 ਨਾਟਕਾਂ ਦੀਆਂ 4000 ਪੇਸ਼ਕਾਰੀਆਂ ਕਰੀਬ 25 ਲੱਖ ਦਰਸ਼ਕਾਂ ਸਾਹਮਣੇ ਕਰ ਚੁੱਕਿਆ ਹੈ। ਜਨ ਨਾਟਯ ਮੰਚ ਲਈ ਆਪਣੀ ਪ੍ਰਤਿਭਾ ਅਰਪਿਤ ਕਰਨ ਤੋਂ ਇਲਾਵਾ ਹਾਸ਼ਮੀ ਦੀ ਕਲਾ ਹੋਰ ਖੇਤਰਾਂ ਵਿਚ ਵੀ ਨਿਖਰੀ। ਉਸ ਨੇ ਨਜ਼ਮਾਂ ਲਿਖੀਆਂ ਅਤੇ ਇਕ ਦਰਜਨ ਤੋਂ ਉਤੇ ਬਾਲ-ਨਾਟਕ ਵੀ ਰਚੇ। ਉਸਨੇ ਇਕ ਨਾਟਕ ਕੰਨੜ ਸਕੂਲ ਦੇ ਬੱਚਿਆਂ ਨਾਲ ਵੀ ਖੇਡਿਆ। ਉਸ ਨੇ ਖਾਸ ਤੌਰ ਤੇ ਦੋ ਨਾਟਕ ਸਰਦਾਰ ਪਟੇਲ ਵਿਦਿਆਲਯ ਦੇ ਅਧਿਆਪਕਾਂ ਲਈ ਲਿਖੇ ਅਤੇ ਖੇਡੇ। ਉਸਨੇ ਸਕੈੱਚ ਬਣਾਏ, ਮੁਖੌਟੇ ਬਣਾਏ ਅਤੇ ਇਲਸਟਰੇਸ਼ਨਾਂ ਕੀਤੀਆਂ। ਉਸਨੇ ਸੈਂਕੜੇ ਹੀ ਪੋਸਟਰ ਡੀਜ਼ਾਈਨ ਕੀਤੇ ਅਤੇ ਯੂਨੀਸੈਫ ਦੇ ਇਸਤ੍ਰੀ ਬਾਲਗ ਸਿਖਿਆ ਪ੍ਰੋਗਰਾਮ ਦੇ 24 ਨੁਕਤਿਆਂ ਤੇ ਆਧਾਰਿਤ ਨਾਟਕ ਰਚਿਆ। 1984 ਵਿਚ ਐਸ. ਐਫ. ਆਈ. ਦੇ ਮੈਗਜ਼ੀਨ 'ਸਟੂਡੈਂਟ ਸਟਰਗਲ' ਲਈ ਕੰਮ ਕੀਤਾ—ਜਿਸ ਵਿਚ ਸਭਿਆਚਾਰਕ ਮਾਮਲਿਆਂ ਉਪਰ ਲਿਖਣ ਤੋਂ ਇਲਾਵਾ ਟਾਈਟਲ ਡਿਜ਼ਾਈਨਿੰਗ ਵਿਚ ਵੀ ਮਦਦ ਕੀਤੀ। ਹਾਸ਼ਮੀ ਨੇ 1986-87 ਵਿਚ ਜਾਮੀਆ ਮਾਸ ਕਮਿਊਨੀਕੇਸ਼ਨ ਸੈਂਟਰ ਵਿਖੇ ਸਟਰੀਟ ਥੀਏਟਰ ਉਤੇ ਵਿਸਤ੍ਰਿਤ ਭਾਸ਼ਨ ਦਿੱਤੇ। ਉਸਨੇ ਮੀਡੀਆ ਸਟਾਰਮ ਦਵਾਰਾ ਨਿਰਮਿਤ ਦੋ ਡਾਕੂਮੈਂਟਰੀ ਫਿਲਮਾਂ ਦੇ ਗੀਤ

ਲਿਖੇ ਅਤੇ ਸਕ੍ਰਿਪਟ ਲੇਖਣ ਵਿਚ ਮਦਦ ਕੀਤੀ—ਜਿਨ੍ਹਾਂ ਵਿਚੋਂ ਇਕ ਮੁਸਲਿਮ ਵਿਮੈਨ ਬਿਲ ਨਾਲ ਸੰਬੰਧਿਤ 'ਇਨ ਸੈਕੂਲਰ ਇੰਡੀਆ' ਅਤੇ ਦੂਜੀ ਦਿਓਰਾਲਾ ਦੇ ਸਤੀ ਕਾਂਡ ਨਾਲ ਸੰਬੰਧਿਤ 'ਫਰਾਮ ਦ ਬਰਨਿੰਗ ਐਂਬਰਜ਼' ਹੈ। ਉਸਨੇ ਦੂਰਦਰਸ਼ਨ ਲਈ ਕੁਝ ਸ਼ਾਰਟ ਫਿਲਮਾਂ ਬਣਾਈਆਂ ਜਿਨ੍ਹਾਂ ਵਿਚੋਂ ਕੁਝ ਦਾ ਪ੍ਰਦਰਸ਼ਨ ਹੋ ਚੁੱਕਾ ਹੈ ਅਤੇ ਕੁਝ ਦਾ ਰਹਿੰਦਾ ਹੈ। ਉਸਨੇ ਅਨੇਕ ਡਾਕੂਮੈਂਟਰੀ ਅਤੇ ਸ਼ਾਰਟ ਫਿਲਮਾਂ ਲਈ ਆਪਣੀ ਆਵਾਜ਼ ਦਿੱਤੀ। ਹਾਸ਼ਮੀ ਨੇ ਕਾਫੀ ਦੇਰ ਤਕ 'ਇਕਨਾਮਿਕ ਟਾਈਮਜ਼' ਦੇ ਕਲਚਰਲ ਕਾਲਮ ਲਈ ਅਤੇ ਕਈ ਹੋਰ ਰਿਸਾਲਿਆਂ ਲਈ ਲੇਖ ਲਿਖੇ। ਉਹ ਇਕ ਚੰਗਾ ਫੋਟੋਗ੍ਰਾਫਰ ਵੀ ਸੀ। ਉਸਨੇ ਅੱਡ-ਅੱਡ ਵਿਸ਼ਿਆਂ ਉਤੇ ਅਨੇਕ ਨਜ਼ਮਾਂ ਲਿਖੀਆਂ, ਜਿਹੜੀਆਂ ਅਜੇ ਅਣਛਪੀਆਂ ਹਨ।

ਹਾਸ਼ਮੀ ਨੇ ਥੀਏਟਰ ਅਤੇ ਸਭਿਆਚਾਰ ਨਾਲ ਸੰਬੰਧਿਤ ਕਈ ਵਰਕਸ਼ਾਪਾਂ ਅਤੇ ਸੈਮੀਨਾਰਾਂ ਦਾ ਆਯੋਜਨ ਕੀਤਾ। ਨਾਟਕ ਖੇਡਣ ਤੋਂ ਇਲਾਵਾ ਉਸਨੇ ਥੀਏਟਰ ਨੂੰ ਇਕ ਕਲਾ ਦੇ ਤੌਰ ਤੇ ਸਥਾਪਿਤ ਕਰਨ ਲਈ ਸਿਧਾਂਤਕ ਕਾਰਜ ਵੀ ਕੀਤਾ। ਉਸਨੇ ਕਈ ਹੋਰਾਂ ਨੂੰ ਉਤਸ਼ਾਹਿਤ ਕੀਤਾ। ਉਸ ਦਵਾਰਾ ਆਈ. ਪੀ. ਕਾਲਜ, ਜੇ ਐਨ. ਯੂ. ਅਤੇ ਕਈ ਹੋਰ ਥਾਵਾਂ ਤੇ ਕੀਤੀਆਂ ਵਰਕਸ਼ਾਪਾਂ ਦੇ ਸਿੱਟੇ ਵਜੋਂ ਕਈ ਸੁਤੰਤਰ ਥੀਏਟਰ ਗਰੁੱਪ ਉਭਰੇ। ਉਸਦੇ ਵਿਚਾਰਾਂ ਦੀ ਸਪਸ਼ਟਤਾ ਅਤੇ ਪ੍ਰਤੀਬੱਧਤਾ ਨੇ ਬਹੁਤ ਲੋਕਾਂ ਨੂੰ ਰਾਸ਼ਟਰੀ ਪੱਧਰ ਤੇ ਸਭਿਆਚਾਰਕ ਲਹਿਰ ਲਈ ਪ੍ਰੇਰਿਆ। ਉਸਦੇ 'ਅਪਨਾ ਉਤਸਵ' ਦੇ ਵਿਰੋਧ ਵਿਚ ਕੀਤੇ 'ਜਨ ਉਤਸਵ' ਨੂੰ ਇਕ ਮਹੱਤਵਪੂਰਣ ਕੰਮ ਵਜੋਂ ਪਛਾਣਿਆ ਜਾ ਸਕਦਾ ਹੈ।

ਸਫ਼ਦਰ ਹਾਸ਼ਮੀ ਨੇ ਰਾਜਨੀਤਿਕ ਪ੍ਰਤੀਬੱਧਤਾ ਨੂੰ ਕਲਾਤਮਕ-ਪ੍ਰਤਿਭਾ ਨਾਲ ਜੋੜਿਆ। ਉਹ ਬੜਾ ਹਸਮੁਖ ਵਿਅਕਤੀ ਸੀ। ਉਸ ਨਾਲ ਕੰਮ ਕਰਨ ਵਾਲਿਆਂ ਨੂੰ ਉਹ ਛਿਣ ਯਾਦ ਹਨ ਜਦੋਂ ਰਾਜਨੀਤਿਕ ਗਤੀਵਿਧੀਆਂ ਤੋਂ ਬਾਅਦ ਉਹ ਹਲਕੇ-ਫੁਲਕੇ ਅੰਦਾਜ਼ ਵਿਚ ਵਿਚਰਦਾ ਸੀ।

ਨਵੰਬਰ 88 ਵਿਚ ਹੋਈ ਉਦਯੋਗਿਕ ਕਾਮਿਆਂ ਦੀ ਹੜਤਾਲ ਜੋ 'ਸੀਟੂ' ਨੇ ਕੀਤੀ, ਰਾਹੀਂ ਸਫਦਰ ਅਤੇ ਜਨ ਨਾਟਯ ਮੰਚ ਦਿੱਲੀ ਅਤੇ ਗਾਜ਼ੀਆਬਾਦ ਦੇ ਇਲਾਕੇ ਵਿਚ ਬਹੁਤ ਪ੍ਰਸਿੱਧ ਹੋਏ। ਕਾਮਿਆਂ ਦੀਆਂ ਸਮੱਸਿਆਵਾਂ ਤੇ ਆਧਾਰਿਤ ਉਸਦੇ ਨਾਟਕ 'ਚੱਕਾ ਜਾਮ' ਨੇ ਇਸ ਹੜਤਾਲ ਨੂੰ ਬਲ ਦਿੱਤਾ। ਇਸੇ ਨਾਟਕ ਦੇ ਵਿਸਤਾਰ ਵਜੋਂ ਉਸਦਾ ਆਖਰੀ ਨਾਟਕ 'ਹੱਲਾ ਬੋਲ' ਵੀ ਦਿੱਲੀ, ਗਾਜ਼ੀਆਬਾਦ ਦੀਆਂ ਝੁੱਗੀ-ਕਲੋਨੀਆਂ ਅਤੇ ਇੰਡਸਟ-ਰੀਅਲ ਏਰੀਆ ਵਿਚ 17 ਦਸੰਬਰ 1988 ਤੋਂ ਬਾਅਦ ਖੇਡਿਆ ਜਾਂਦਾ ਰਿਹਾ।

'ਹੱਲਾ ਬੋਲ' ਦੀ ਪੇਸ਼ਕਾਰੀ ਦੌਰਾਨ ਹੀ ਨਵੇਂ ਵਰ੍ਹੇ ਦੇ ਪਹਿਲੇ ਦਿਨ ਜਨ ਨਾਟਯ ਮੰਚ ਅਤੇ ਸੀਟੂ ਦੇ ਵਰਕਰਾਂ ਉੱਤੇ ਸੱਤਾਧਾਰੀ ਗੁੰਡਿਆਂ ਵੱਲੋਂ ਹਮਲਾ ਕੀਤਾ ਗਿਆ, ਜਿਸਦੇ ਸਿੱਟੇ ਵਜੋਂ ਹਾਸ਼ਮੀ ਨੂੰ ਡੂੰਘੀਆਂ ਸੱਟਾਂ ਵਜੀਆਂ। ਇਸੇ ਕਾਰਨ ਹਾਸ਼ਮੀ ਦੀ ਮੌਤ ਹੋ ਗਈ। ਆਪਣੇ ਸਾਥੀਆਂ ਨੂੰ ਬਚਾਉਣ ਖਾਤਿਰ ਵੀ ਸਫ਼ਦਰ ਨੇ ਆਪਣੇ ਉਤੇ ਸੱਟਾਂ ਖਾਧੀਆਂ। □

ਪੰਜਾਬੀ ਥੀਏਟਰ ਵੱਲੋਂ ਸਫ਼ਦਰ ਹਾਸ਼ਮੀ ਨੂੰ ਸ਼ਰਧਾਂਜਲੀ

0 ਹਾਸ਼ਮੀ ਦੀ ਬੀਵੀ ਵਿਧਵਾ ਨਹੀਂ ਹੋਈ, ਰੰਗਭੂਮੀ ਵਿਧਵਾ ਹੋਈ ਹੈ।

ਕੁਲਵੰਤ ਭਾਟੀਆ, ਥੀਏਟਰ ਡੀਵੋਟੀਜ਼, ਚੰਡੀਗੜ੍ਹ।

0 ਰੰਗਕਰਮੀ ਹਾਸ਼ਮੀ ਦੀ ਸ਼ਹਾਦਤ ਅੱਜ ਦੇ ਸਮੇਂ ਵਿਚ ਵਾਪਰ ਰਹੀਆਂ ਕਲਾ-ਮਾਰੂ ਕੋਝੀਆਂ ਹਰਕਤਾਂ ਲਈ ਜ਼ਿਮੇਵਾਰ ਅਤੇ ਸਮਾਜਕ ਉਸਾਰੀ ਲਈ ਵਿਆਕਲ ਰੂਹਾਂ ਲਈ ਬਰਾਬਰ ਦਾ ਪ੍ਰਸ਼ਨ ਚਿੰਨ੍ਹ ਹੈ—ਸੋਚੋ, ਵਿਚਾਰੋ।

ਜੇ. ਐਸ. ਬਦੀ, ਅੰਮ੍ਰਿਤਸਰ।

0 ਉਸ ਦੇ ਅਕੀਦੇ ਨੂੰ ਪੱਕੇ ਪੈਰੀਂ ਕਰਨਾ ਹਰ ਇਕ ਰੰਗਕਰਮੀ ਲਈ ਇਬਾਦਤ ਬਣਨੀ ਚਾਹੀਦੀ ਹੈ।

ਭੁਪਿੰਦਰ ਜੋਸ਼ੀ, ਏਕਾ, ਪਟਿਆਲਾ।

0 ਹਾਸ਼ਮੀ ਤਦ ਤੱਕ ਜ਼ਿੰਦਾ ਰਹੇਗਾ ਜਦ ਤਕ ਅਸੀਂ ਉਸ ਦੇ ਸੰਘਰਸ਼ ਨੂੰ ਜਾਰੀ ਰੱਖਾਂਗੇ।

ਤੇਜਵੰਤ ਮਾਂਗਟ, ਸਭਰੰਗ ਕਲਾ ਮੰਚ, ਰਾਮਪੁਰ (ਲੁਧਿਆਣਾ)

0 ਹਾਸ਼ਮੀ ਤੇ ਹਮਲਾ, ਇਕ ਕੋਝੀ ਹਰਕਤ।

ਸੋਹਨ ਧਾਲੀਵਾਲ, ਨਾਟਕ ਕਲਾ ਸੰਗਮ, ਮੰਡੀ ਗੋਬਿੰਦਗੜ੍ਹ।

0 ਸਫ਼ਦਰ ਹਾਸ਼ਮੀ ਇਕ ਰੋਸ਼ਨ ਦਿਮਾਗ ਰੰਗਕਰਮੀ ਸੀ। ਉਸਦਾ ਸ਼ਹੀਦ ਹੋਣਾ ਮਾਨਵਤਾ ਦੀ ਹਸਤੀ ਲਈ ਇਕ ਵੰਗਾਰ ਹੈ।

ਚਰਨ ਸਿੰਘ ਸਿੰਧਰਾ, ਏਸ਼ੀਅਨ ਫੋਕ ਬੈਲੇ ਐਨਸੈਂਬਲ, ਚੰਡੀਗੜ੍ਹ।

0 ਹਾਸ਼ਮੀ ਦਾ ਹਸ਼ਰ ਦੇਖ ਕੇ ਨਿਊ ਥੀਏਟਰ ਮੂਵਮੈਂਟ ਦੇ ਨਾਟਕਕਾਰਾਂ ਦਾ ਹੁਣ ਸਰ-ਕਾਰੀ ਥੀਏਟਰ ਕਰਨ ਬਾਰੇ ਕੀ ਖਿਆਲ ਹੈ ?

ਪਾਲੀ ਭੁਪਿੰਦਰ ਸਿੰਘ, ਰੰਗਮੰਚ ਪੰਜ ਦਰਿਆ, ਜੈਤੋਂ।

0 ਮੈਨੂੰ ਇੰਜ ਲਗਦਾ ਹੈ ਕਿ ਹਾਸ਼ਮੀ ਨਹੀਂ, ਮੇਰੇ ਵਿਅਕਤੀਤਵ ਦਾ ਕੋਈ ਅੰਗ ਮਰ ਗਿਆ ਹੈ।

ਸੁਦੇਸ਼ ਵਰਮਾ, ਪੰਜਾਬ ਕਲਚਰਲ ਫੋਰਮ, ਪਟਿਆਲਾ।

0 ਐਡੀ ਕੁਰਬਾਨੀ ਕਰਕੇ, ਤਸੀਹੇ ਝੱਲ ਕੇ, ਸ਼ਾਇਦ ਹੀ ਕੋਈ ਕਲਾਕਾਰ ਗਰੀਬਾਂ ਦੀ ਐਨੀ ਖ਼ਿਦਮਤ ਕਰ ਸਕੇ। ਸਫ਼ਦਰ ਨੇ ਕਦੇ ਹਾਰ ਨਹੀਂ ਸੀ ਮੰਨੀ। ਉਹ ਹਮੇਸ਼ਾ ਮਜ਼ਹਬੀ ਜ਼ਹਿਰ ਖ਼ਿਲਾਫ਼ ਜੂਝਦਾ ਰਿਹਾ।

ਡਾ. ਚਰਨ ਦਾਸ ਸਿੱਧੂ, ਕਾਲਜੀਏਟ ਡਰਾਮਾ ਸੋਸਾਇਟੀ, ਦਿੱਲੀ।

0 ਨਾ ਪੂਰਨਯੋਗ ਘਾਟਾ ।

ਬਖਸ਼ੀਸ਼ ਬੱਗਾ, ਨਾਟ ਸੰਸਾਰ, ਪਟਿਆਲਾ ।

0 ਜੇ ਇਹ ਕਲਾ ਨੂੰ ਦਬਾਉਣ ਦੀ ਕੋਸ਼ਿਸ਼ ਹੈ ਤਾਂ ਇਹ ਇਕ ਬੇਕਾਰ ਯਤਨ ਹੈ ।

ਅਰੁਣ, ਰੰਗ ਦਰਪਣ, ਪਟਿਆਲਾ ।

0 ਉਨ੍ਹਾਂ ਦੇ ਨਾਟਕ ਜਗਤ ਤੋਂ ਉਠ ਜਾਣ ਨਾਲ ਇਕ ਵੱਡਾ ਖਲਾਅ ਹੋ ਗਿਆ ਹੈ, ਜਿਸ ਨੂੰ ਭਰਨਾ ਹਰ ਰੰਗਕਰਮੀ ਲਈ ਵੰਗਾਰ ਹੈ ।

ਗੁਰਦਿਆਲ ਸਿੰਘ ਖੋਸਲਾ, ਨਾਟਕਕਾਰ, ਦਿੱਲੀ ।

0 ਜੋ ਲੜਾਈ ਹਾਸ਼ਮੀ ਲੜ ਰਿਹਾ ਸੀ, ਉਹ ਹੁਣ ਅਸੀਂ ਲੜਾਂਗੇ ।

ਗਿਆਨ ਗੱਖੜ, ਪ੍ਰੋਗਰੈਸਿਵ ਡਰਾਮੈਟਿਕ ਕਲੱਬ, ਪਟਿਆਲਾ ।

0 ਹਾਕਮ ਸਰਕਾਰਾਂ ਨੇ ਹਮੇਸ਼ਾ ਹੀ ਆਪਣੇ ਖ਼ੂਨੀ ਨੌਹਾਂ ਨਾਲ ਸੱਚ ਦਾ ਕਤਲ ਕੀਤਾ ਹੈ, ਪਰ ਸੱਚ ਕਤਲ ਨਹੀਂ ਹੁੰਦਾ ।

ਪਰਮਜੀਤ ਗਿੱਲ, ਪੰਜਾਬ ਕਲਾ ਮੰਚ, ਬੁੱਘੀਪੁਰਾ (ਮੋਗਾ)

0 ਸ਼ਹੀਦ ਸਫ਼ਦਰ ਹਾਸ਼ਮੀ ਨੂੰ ਸਲਾਮ ਕਰਦਾਂ ਅਤੇ ਵਾਇਦਾ ਕਰਦਾ ਹਾਂ ਕਿ ਉਸ ਦੇ ਚਲਾਏ ਰਾਹ ਤੇ ਤੁਰਨ ਦੀ ਭਰਪੂਰ ਕੋਸ਼ਿਸ਼ ਕਰਾਂਗਾ ।

ਪ੍ਰਵੇਸ਼ ਸੇਠੀ, ਚੰਡੀਗੜ੍ਹ ।

0 ਉਹ ਕੁਕਨੁਸ ਹੈ ਤੇ ਮੁੜ ਕੇ ਪੈਦਾ ਹੋਵੇਗਾ, ਹਰ ਹਾਲਤ ਵਿਚ ਉਸ ਨੇ ਜੀਊਂਦੇ ਰਹਿਣਾ ਹੈ ।

ਬੀ ਪੀ ਸਿੰਘ, ਚੰਡੀਗੜ੍ਹ ਕਲਾ ਮੰਦਿਰ, ਜੋਗੀਵਾਲਾ (ਡੇਹਰਾਦੂਨ) ।

0 ਰਾਜਨੀਤੀ ਦਾ ਕਾਲਾ ਦੈਂਤ, ਜਿਸ ਨੇ ਸਾਰੇ ਦੇਸ਼ ਦੇ ਬਾਗ-ਬਗੀਚੇ ਉਜਾੜ ਕੇ ਰੱਖ ਦਿੱਤੇ ਨੇ, ਸਾਡੀ ਫੁਲਵਾੜੀ ਵਿਚ ਵੀ ਆ ਵੜਿਆ ਹੈ ।

ਗੁਰਦਿਆਲ ਪਾਰਸ, ਪੰਜਾਬ ਥੀਏਟਰ ਫੋਰਮ, ਪਟਿਆਲਾ ।

0 ਉਨ੍ਹਾਂ ਤੇ ਹਮਲਾ ਸੁਤੰਤਰਤਾ ਅਤੇ ਕਲਾ ਉਤੇ ਹਮਲਾ ਹੈ ।

ਵੀਨਾ ਧੀਰ, ਕਲਾਕਾਰ, ਜਲੰਧਰ ।

0 ਹਾਸ਼ਮੀ ਦਾ ਕਤਲ, ਕਲਾ ਦੀ ਜ਼ੁਬਾਨ ਬੰਦ ਕਰਨ ਲਈ ਰਚੀ ਗਈ ਕੋਝੀ ਸਾਜ਼ਿਸ਼ ਹੈ ।

ਸੁਰਜੀਤ ਧਾਮੀ, ਪੱਟੀ (ਅੰਮ੍ਰਿਤਸਰ)

0 'ਥੀਏਟਰ 79' ਹਾਸ਼ਮੀ ਦੇ ਕਤਲ ਦੀ ਭਰਪੂਰ ਨਿਖੇਧੀ ਕਰਦਾ ਹੈ ਅਤੇ ਇਸ ਗੁੰਡਾ-ਗਰਦੀ ਨੂੰ ਲਾਅਨਤ ਪਾਉਂਦਾ ਹੈ ।

ਵਰਿਆਮ ਮਸਤ, ਥੀਏਟਰ 79, ਚੰਡੀਗੜ੍ਹ ।

0 ਹਾਸ਼ਮੀ ਦੀ ਵਿਚਾਰਧਾਰਾ ਕਦੇ ਵੀ ਮਰ ਨਹੀਂ ਸਕਦੀ, ਉਹ ਹਮੇਸ਼ਾ ਸਾਡੇ ਨਾਲ ਹੈ ।

ਕ੍ਰਾਂਤੀਪਾਲ, ਮੰਚਵਟੀ, ਪਟਿਆਲਾ ।

0 ਹਾਸ਼ਮੀ ਜੀ ਦਾ ਕਤਲ ਇਕ ਬਹੁਤ ਹੀ ਕਰੂਰ ਘਟਨਾ ਹੈ ਜਿਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਘੱਟ ਹੈ ।

ਕੁਲਦੀਪ ਸ਼ਰਮਾ, ਅਜਨਬੀ ਰੰਗਕਰਮੀ, ਚੰਡੀਗੜ੍ਹ ।

0 It is distressing to hear that flowers of art, poetry and drama are plucked ruthlessly by barbarians of contemporary India, our India. It is so tragic, rather too tragic for tears.

Roshan Lal Ahuja, playwright, Jalandar.

0 ਨਾ ਬਰਦਾਸ਼ਤ ਕਰਨ ਯੋਗ ਦੁਖਾਂਤ ।

ਗੁਰਪਾਲ ਸੰਧੂ, ਮੰਚਵਟੀ, ਪਟਿਆਲਾ ।

0 ਸਫ਼ਦਰ ਹਾਸਮੀ ਦੀ ਮੌਤ ਜਿਨ੍ਹਾਂ ਹਾਲਤਾਂ ਵਿਚ ਹੋਈ ਉਹ ਇਹ ਸਿੱਧ ਕਰਦੇ ਹਨ ਕਿ ਸਾਡੇ ਦੇਸ਼ ਦੀ ਸਿਆਸਤ ਵਿਚ ਗੁੰਡਾਗਰਦੀ ਦਾ ਅਨਸਰ ਜ਼ਹਿਰ ਦੀ ਤਰ੍ਹਾਂ ਸਰਾਇਤ ਕਰਨ ਲੱਗ ਪਿਆ ਹੈ । ਇਸ ਤਰ੍ਹਾਂ ਤਾਂ ਕੋਈ ਕਲਾਕਾਰ ਜ਼ੁਬਾਨ ਨਹੀਂ ਪੁਟ ਸਕੇਗਾ ਕੀ ਅਸੀਂ ਹਨੇਰੇ ਯੁੱਗ ਵੱਲ ਕਦਮ-ਕਦਮ ਵੱਧ ਰਹੇ ਹਾਂ ?

ਕਰਤਾਰ ਸਿੰਘ ਦੁੱਗਲ, ਦਿੱਲੀ ।

0 ਸਫ਼ਦਰ ਹਾਸ਼ਮੀ ਜਦੋਂ ਨੁੱਕੜ ਵਿਚ ਨਾਟਕ ਕਰ ਰਿਹਾ ਸੀ ਤਾਂ ਉਹ ਨੁੱਕੜ ਦਾ ਦੀਵਾ ਸੀ, ਗੁੰਡਿਆਂ ਨੇ ਉਸ ਨੂੰ ਕਤਲ ਕੀਤਾ ਸੀ ਉਸ ਨੂੰ ਮਾਰਨ ਲਈ ਪਰ ਉਹ ਵਿਸ਼ਵ ਦਾ ਸੂਰਜ ਬਣ ਗਿਆ ਹੈ ।

ਫੁਲਵੰਤ ਸਿੰਘ ਮਨੋਚਾ, ਪੰਜਾਬੀ ਰੰਗਮੰਚ, ਨੰਗਲ ।

0 ਹਾਸ਼ਮੀ ਦਾ ਕਤਲ ਇਹ ਸਾਬਤ ਕਰਦਾ ਹੈ ਕਿ ਸਾਡੇ ਦੇਸ਼ ਦੇ ਵਿਗੜੇ ਹਾਲਾਤ ਵਿਚ ਸਮਾਜ ਵਿਰੋਧੀ ਅਨਸਰ ਨੂੰ ਕਿੰਨੀ ਸ਼ਹਿ ਤੇ ਹੌਸਲਾ ਪ੍ਰਾਪਤ ਹੈ ।

ਤਾਰਾ ਸਿੰਘ ਸੰਧੂ, ਲੋਕ ਰੰਗਮੰਚ, ਚੰਡੀਗੜ੍ਹ ।

0 ਉਹ ਲੋਕਾਂ ਦਾ ਨਾਟਕਕਾਰ ਸੀ ਤੇ ਉਸ ਦੀ ਸੋਚ ਅਮਰ ਰਹੇਗੀ ।

ਰਣਬੀਰ, ਮੰਚਵਟੀ, ਪਟਿਆਲਾ ।

0 ਪੀਪਲਜ਼ ਥੀਏਟਰ ਮੂਵਮੈਂਟ ਤਾਂ ਸ਼ਹਿਤੂਤ ਦੀ ਇਕ ਛਟੀ ਵਾਂਗ ਹੈ, ਜਿੰਨਾ ਝਾੜੋਗੇ, ਉਨਾ ਹੀ ਵਧੇਗੀ ।

ਐਚ.ਆਰ.ਡੀ.ਸਿੰਘ, ਅੰਮ੍ਰਿਤਸਰ ਕਲਾ ਮੰਦਿਰ, ਅੰਮ੍ਰਿਤਸਰ ।

0 ਸਫ਼ਦਰ ਦੀ ਸ਼ਹਾਦਤ ਸਾਨੂੰ ਕੁਝ ਕਰ ਗੁਜ਼ਰਨ ਲਈ ਆਖਦੀ ਹੈ ।

ਪਿਆਰਾ ਸਿੰਘ ਸਹਿਰਾਈ, ਦਿੱਲੀ ।

0 ਰੰਗ ਕਰਮੀਓ ਇਕ ਹੋ ਜਾਵੋ, ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ । ਸਾਡੀ ਕਲਾ ਤੇ ਹਮਲਾ ਹੋਣਾ ਸ਼ੁਰੂ ਹੋ ਗਿਆ ਹੈ ।

ਇੰਦਰਜੀਤ ਦਿਓਗਣ, ਲੋਕ ਕਲਾ ਮੰਚ, ਮਾਨਸਾ ।

0 ਹਾਸ਼ਮੀ ਦਾ ਕਤਲ ਲੋਕ-ਦੁਸ਼ਮਣਾਂ ਦੀ ਝੁੰਜਲਾਹਟ ਦਾ ਘਿਨਾਉਣਾ ਚਿਤਰ ਹੈ ਪਰ ਹਾਸ਼ਮੀ ਜੀਵਿਤ ਹੈ, ਉਸ ਦੀ ਆਵਾਜ਼ ਅਮਰ ਹੈ।

ਦੇਵਿੰਦਰ ਦਮਨ, ਨੋਰਾ ਰਿਚਰਡਜ਼ ਰੰਗਮੰਚ, ਮੋਹਾਲੀ।

0 "I shall agree with you as long as you don't oppose me", seems what I am being told by the Establishment. Shame that when the Iron Curtain is rising to yield the centre-stage to Glasnost and Perestroika, we are dropping at least a bamboo curtain on on the social stage.

Not closed-circuit culture of the Establishment but the street culture of Hashmi shall survive.

Prakash Syal, Deptt. of Drama, Pbi. Uni., Patiala.

0 ਸਫ਼ਦਰ ਹਾਸ਼ਮੀ ਦੀ ਗੁੰਡਾ ਅਨਸਰ ਵੱਲੋਂ ਹੱਤਿਆ ਲੋਕ-ਸਭਿਆਚਾਰ ਉਤੇ ਹਮਲਾ ਹੈ। ਹਤਿਆਰਿਆਂ ਨੂੰ ਫੌਰੀ ਸਜ਼ਾ ਨਾ ਦੇਣਾ ਉਹਨਾਂ ਦੀ ਪਿੱਠ ਤੇ ਥਾਪੀ ਹੈ।

ਰਾਜਿੰਦਰ ਭੋਗਲ, ਲੋਕਾਈ ਕਲਾ ਕੇਂਦਰ, ਗੁਰਦਾਸਪੁਰ।

0 ਹਾਸ਼ਮੀ ਦੇ ਕਤਲ ਦੀ ਖ਼ਬਰ ਨੇ ਦੁੱਖ ਨਾਲ ਹਲੂਣਿਆ ਹੈ ਤੇ ਕਰੋਧ ਨਾਲ ਬਾਲਿਆ ਹੈ। ਸੁਰਜੀਤ ਪਾਤਰ ਤੋਂ ਖਿਮਾ ਮੰਗਦੀ ਹੋਈ ਉਸ ਦੇ ਸ਼ੇਅਰ ਦਾ ਸਹਾਰਾ ਲੈ ਕੇ ਕਹਿ ਰਹੀ ਹਾਂ:

ਹਾਸ਼ਮੀ, ਜਿਸ ਨਾਲੋਂ ਤੈਨੂੰ ਚੀਰ ਕੇ ਵੰਝਲੀ ਬਣਾ ਲਿਆ
ਵੰਝਲੀ ਦੇ ਰੂਪ ਵਿਚ ਤੂੰ ਉਸ ਜੰਗਲ ਦੀ ਚੀਕ ਹੈਂ।

ਰਮਾ ਰਤਨ, ਸਾਰੰਗ, ਚੰਡੀਗੜ੍ਹ।

0 ਹਾਸ਼ਮੀ ਜੀ ਦਾ ਵਿਛੋੜਾ ਸਮੁਚੇ ਨਾਟਕ ਸੰਸਾਰ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ।

ਜੇ.ਐਸ.ਗੋਗੀ, ਪੰਜ ਪਾਣੀ ਰੰਗਮੰਚ, ਚੰਡੀਗੜ੍ਹ।

0 ਸ਼ਹੀਦ ਸਫ਼ਦਰ ਹਾਸ਼ਮੀ ਦੇ ਆਦਰਸ਼ ਨਾਲ ਪਰਣਾਏ ਪੰਜਾਬ ਦੇ ਰੰਗ-ਕਰਮੀਓ, ਸਾਵਧਾਨ ! ਰਾਜ ਸੱਤਾ ਦੇ ਜ਼ਹਿਰੀਲੇ ਫਨੀਅਰ ਨੇ ਇਕ ਸੂਰਬੀਰ ਰੰਗਕਰਮੀ ਨੂੰ ਡੱਸ ਲਿਆ ਹੈ, ਜੇ ਤੁਸੀਂ ਇਸ ਫਨੀਅਰ ਦੇ ਵਿਰੁਧ ਜਦੋ-ਜਹਿਦ ਤੇਜ਼ ਨਾ ਕੀਤੀ ਤਾਂ ਇਕ ਦਿਨ ਇਹ ਤੁਹਾਨੂੰ ਵੀ ਡੱਸ ਲਵੇਗਾ।

ਤੇਰਾ ਸਿੰਘ ਚੰਨ, ਜਨ. ਸਕੱਤਰ ਇਪਟਾ, ਪੰਜਾਬ, ਚੰਡੀਗੜ੍ਹ।

0 ਸਾਥੀ ਰੰਗਕਰਮੀ ਸਫ਼ਦਰ ਹਾਸ਼ਮੀ ਦੇ ਗੁੰਡਿਆਂ ਹੱਥੋਂ ਕਤਲ ਨੇ ਭਾਰਤ ਦੇ ਕੁੱਲ ਬੁਧੀਜੀਵੀਆਂ ਖਾਸ ਕਰਕੇ ਪ੍ਰਸਤੁਤੀਕਰਤਾ ਕਲਾਕਾਰਾਂ ਦੀ ਜ਼ਮੀਰ ਨੂੰ ਝੰਜੋੜ ਦਿੱਤਾ ਹੈ। ਮੈਂ ਇਸ ਨੂੰ ਸਾਧਾਰਨ ਕਤਲ ਨਹੀਂ ਸਮਝਦਾ। ਇਹ ਮਹਾਨ ਬਲੀਦਾਨ ਜਾਂ ਸ਼ਹੀਦੀ ਹੈ।

ਡਾ. ਹਰਚਰਨ ਸਿੰਘ, ਪੰਜਾਬ ਸੰਗੀਤ ਨਾਟਕ ਅਕਾਡਮੀ, ਚੰਡੀਗੜ੍ਹ।

0 Of course, Safdar Hashmi's "murder" deserves to be condemned in the strongest possible terms, but is condemnation alone enough? However therapeutic might be the cathartic role of grief and anger, let us not commit the blunder of mistaking symptoms for the disease. Nor must we allow our passions to blur our vision of the basic reality that the kind of brutalism of which Hashmi has been a victim is not the monopoly of any one political party. The real trouble lies in the fact that we have politicized every institution from top to bottom-legislature, executive, judiciary, commerce, academics, even religion, art and culture. Indeed, there is not a single aspect of life that remains untouched by this growing cancer Everything is seen from political angle and assessed on the touchstone of politics as if that were the one and only value relevant today. As I look at the phenomenon in question, it is not politics vandalized but vandalism politicized. Do we have honesty enough to face this fact and guts enough to take the necessary logical steps?

Chaman Ahuja, Drama Critic, The Tribune.

0 ਇਤਿਹਾਸ ਇਸ ਗੱਲ ਦਾ ਸ਼ਾਖਸੀ ਹੈ ਕਿ ਮਹਾਨ ਕਲਾਕਾਰਾਂ ਦੀਆਂ ਕੁਰਬਾਨੀਆਂ ਬੇਅਰਥ ਨਹੀਂ ਜਾਂਦੀਆਂ, ਸਗੋਂ ਇਹ ਪੂੰਜੀਵਾਦੀ ਸਮਾਜਵਾਦੀ ਸ਼ਕਤੀਆਂ ਦੇ ਲਈ ਮਾਰੂ ਸਿੱਧ ਹੁੰਦੀਆਂ ਹਨ। ਕਤਲ ਦੇ ਨਾਲ ਸੱਚ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ।

ਚਮਨ ਅਰੋੜਾ, ਫਿਰੋਜ਼ਪੁਰ

0 ਸਫ਼ਦਰ ਹਾਸ਼ਮੀ ਦਾ ਕਤਲ ਗਵਾਹ ਹੈ ਕਿ ਵੇਲੇ ਦੀ ਸਿਆਸੀ ਜੁੰਡਲੀ ਨੂੰ ਜਦੋਂ ਵੀ ਕਿਸੇ ਨੇ ਉਨ੍ਹਾਂ ਦੇ ਘਿਨਾਉਣੇ ਚਿਹਰਿਆਂ ਦਾ ਅਕਸ ਦਿਖਾਉਣਾ ਚਾਹਿਆ ਹੈ ਤਾਂ ਜੁੰਡਲੀ ਦੇ ਪਾਲਤੂ ਅਤਿ ਨੀਚ ਤੇ ਅਣਮਨੁੱਖੀ ਕਾਰਵਾਈਆਂ ਕਰਦੇ ਹਨ। ਖ਼ਾਲਿਦ ਕਫ਼ਾਇਤ ਆਖਦਾ ਹੈ:

ਆਈਨਾ ਬਨ ਕਰ ਮੈਂ ਉਸੇ ਜਬ ਤਕ ਮਿਲਾ ਨਾ ਥਾ
ਵੋਹ ਸ਼ਖਸ ਮੇਰੇ ਖ਼ੂਨ ਕਾ ਪਿਆਸਾ ਹੂਆ ਨਾ ਥਾ।

ਬਲਦੇਵ ਸਿੰਘ, ਮੋਗਾ।

0 ਸਾਨੂੰ ਸਾਰੇ ਰੰਗਮੰਚ ਨਾਲ ਜੁੜੇ ਰੰਗਕਰਮੀਆਂ, ਇਨਕਲਾਬੀ ਸ਼ਕਤੀਆਂ ਅਤੇ ਜਮਹੂਰੀ ਤਾਕਤਾਂ ਨੂੰ ਇਹੋ ਜੇਹੇ ਕਤਲਾਂ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਦਰਸ਼ਨ ਮਿਤਵਾ, ਮਾਨਸਾ।

0 ਹਾਸ਼ਮੀ ਸੱਚ ਦੀ ਆਵਾਜ਼ ਸੀ, ਸੱਚ ਦਾ ਰੂਪ ਸੀ, ਨਾਟਕ ਦੀ ਜਾਨ ਸੀ, ਮੰਚ ਦੀ ਜੋਤ ਸੀ, ਨਾਟਕ ਕਰਨਾ ਉਸਦਾ ਸਿਮਰਨ ਸੀ। ਨਾਟਕ ਰਾਹੀਂ ਮੂੰਹ ਤੇ ਸੱਚ ਕਹਿਣਾ ਉਸ ਦੀ ਭਗਤੀ ਸੀ। ਉਹ ਨਹੀਂ ਮਰ ਸਕਦਾ। ਇਹ ਮਾਰਨ ਵਾਲੇ ਮੂਰਖ ਇੰਨਾ ਵੀ ਨਹੀਂ ਜਾਣਦੇ ਕਿ ਦਲੇਰ ਰੰਗਕਰਮੀ ਮਰਿਆ ਨਹੀਂ ਕਰਦੇ। ਉਸ ਦੀ ਆਵਾਜ਼ ਭਾਰਤ ਦੇ ਹੀ ਨਹੀਂ, ਸਮੁੱਚੇ ਵਿਸ਼ਵ ਦੇ ਕਣ ਕਣ ਵਿਚੋਂ ਸਦਾ ਗੂੰਜਦੀ ਰਿਹਾ ਕਰੇਗੀ। ਮੂਰਖੋ, ਅੱਗ ਵਿਚ ਕੋਹਿਨੂਰ ਪਾਈਏ, ਅੱਗ ਸੜ ਕੇ ਸੁਆਹ ਹੋਇਆ ਕਰਦੀ ਹੈ। ਹੀਰਾ ਹੋਰ ਜਲੌ ਵਿਚ ਆ ਜਾਇਆ ਕਰਦਾ ਹੈ। ਮੇਰਾ ਹਰ ਹੰਝੂ, ਹਰ ਭਾਵ, ਹਰ ਸਾਹ ਹਾਸ਼ਮੀ ਦਾ ਜੱਸ ਕਰਨ ਦਾ ਬਲ ਮੰਗਦਾ ਹੈ।

ਗੁਰਦਿਆਲ ਸਿੰਘ ਫੁੱਲ, ਇੰਟਰਨੈਸ਼ਨਲ ਆਧੁਨਿਕ ਰੰਗਮੰਚ, ਅੰਮ੍ਰਿਤਸਰ

0 ਹਾਸ਼ਮੀ ਅਜੋਕੀ ਭ੍ਰਿਸ਼ਟ ਰਾਜਨੀਤੀ ਦੇ ਪ੍ਰਤਿਵਾਦ ਦਾ ਪ੍ਰਤੀਕ ਸੀ। ਉਸਦੇ ਵਹਿਸ਼ਿਆਨਾ ਕਤਲ ਨੇ ਬੁਧੀਜੀਵੀ ਵਰਗ ਅਤੇ ਸਿਆਸਤਦਾਨ ਵਿਚਲੀ ਦਰਾੜ ਬਾਰੇ ਸਾਰਿਆਂ ਨੂੰ ਸਚੇਤ ਕਰ ਦਿੱਤਾ ਹੈ। ਹਾਸ਼ਮੀ ਦਾ ਅਪਰਾਧ ਇਹੋ ਸੀ ਕਿ ਉਹ ਲੋਕਾਂ ਤੱਕ ਪਹੁੰਚਣਾ ਦਾ ਯਤਨ ਕਰ ਰਿਹਾ ਸੀ। ਇਸ ਮੁਲਕ ਦਾ ਸਿਆਸਤੀ ਗੁੰਡਾ ਅਜਿਹਾ ਅਪਰਾਧ ਕਦੇ ਮੁਆਫ ਨਹੀਂ ਕਰਦਾ।

ਹਾਸ਼ਮੀ ਆਪਣੇ ਯੁਗ ਦੀ ਮਿਸ਼ਾਲ ਬਣਕੇ ਜੀਵਿਆ। ਚੌਂਤੀਆਂ ਵਰਿਆਂ ਦੀ ਛੋਟੀ ਜਿਹੀ ਉਮਰ ਵਿਚ ਇਸ ਹੋਣਹਾਰ ਅਭਿਨੇਤਾ, ਨਿਰਦੇਸ਼ਕ, ਨਾਟਕਕਾਰ ਅਤੇ ਆਲੋਚਕ-ਪੱਤਰਕਾਰ ਨੇ ਸਾਰੇ ਕੰਮ ਪੂਰੀ ਤਨਦੇਹੀ ਨਾਲ ਕਰ ਦਿਖਾਏ। ਹਾਸ਼ਮੀ ਜਿਹੇ ਪ੍ਰਤੀਬਧ ਕਲਾਕਾਰ ਦੀ ਹੱਤਿਆ ਨੇ ਸਿੱਧ ਕਰ ਦਿੱਤਾ ਹੈ ਕਿ ਜੇ ਰੋਸ਼ਨੀ ਦੀ ਕੋਈ ਕਿਰਨ ਇਸ ਮੁਲਕ ਦੇ ਬਾਸ਼ਿੰਦਿਆਂ ਦੀ ਉਦਾਸੀਨਤਾ ਦੇ ਹਨੇਰੇ ਨੂੰ ਦੂਰ ਕਰਨ ਵਿਚ ਆਪਣਾ ਹਿੱਸਾ ਪਾ ਸਕਦੀ ਹੈ ਤਾਂ ਉਹ ਕਲਾਕਾਰ ਦੀ ਪ੍ਰਤੀਬੱਧਤਾ ਹੀ ਹੈ। ਸਫ਼ਦਰ ਹਾਸ਼ਮੀ ਅਜਿਹੀ ਹੀ ਰੋਸ਼ਨੀ ਦੀ ਕਿਰਨ ਸੀ।

ਡਾ. ਕਮਲੇਸ਼ ਉਪਲ, ਨਾਟਕ ਵਿਭਾਗ, ਪੰਜਾਬੀ ਯੂਨੀ. ਪਟਿਆਲਾ।

0 ਹਾਸ਼ਮੀ ਦੀ ਮੌਤ ਤੋਂ ਬਾਦ ਜੇ ਅਸੀਂ ਹੁਣ ਵੀ ਇਕੱਠੇ ਨਾ ਹੋਏ ਤਾਂ ਤੇਰੀ, ਮੇਰੀ ਜਾਂ ਕਿਸੇ ਵੀ ਜਮਹੂਰੀਅਤ ਪਸੰਦ ਦੀ ਵਾਰੀ ਆ ਸਕਦੀ ਹੈ।

ਹਰਭਜਨ ਜੱਬਲ, ਅੰਮ੍ਰਿਤਸਰ।

0 ਹਾਸ਼ਮੀ ਦਾ ਕਤਲ ਰੰਗਕਰਮੀਆਂ ਸਮੇਤ ਸਾਰੇ ਰੌਸ਼ਨ ਦਿਮਾਗ ਵਿਅਕਤੀਆਂ ਲਈ ਗੰਭੀਰ ਚੁਣੌਤੀ ਹੈ। ਨਵੰਬਰ 84 ਕਤਲੇਆਮ ਦੇ ਖਲਨਾਇਕ ਤੋਂ ਨਿਆਂ ਦੀ ਆਸ ਕਰਨੀ ਮੂਰਖਮੱਤੀ ਹੈ। ਰਾਜ ਸੱਤਾ ਵਹਿਸ਼ੀ ਹੈ। ਇਹ ਚੁਣੌਤੀ ਹੈ। ਅਸੀਂ ਇਹ ਚੁਣੌਤੀ ਕਬੂਲ ਕਰਦੇ ਹਾਂ।

ਤਰਲੋਚਨ ਸਿੰਘ, ਮਾਛੀਵਾੜਾ।

0 ਕਲਾਕਾਰ ਦੇ ਨਾਤੇ ਲੋਕਤੰਤਰ ਵਿਚ ਹਾਸ਼ਮੀ ਸਾਹਿਬ ਦੀ ਮੌਤ ਤੇ ਅਫਸੋਸ ਹੈ।

ਗੁਰਕੀਰਤਨ, ਚੰਡੀਗੜ੍ਹ।

ਸ਼ੋਕ ਸਮਾਗਮਾਂ ਅਤੇ ਰੋਸ—ਪ੍ਰਦਰਸ਼ਨਾਂ ਦੀਆਂ ਰਿਪੋਰਟਾਂ

ਨੰਗਲ : ਪੰਜਾਬੀ ਰੰਗ ਮੰਚ ਨੰਗਲ ਟਾਊਨਸ਼ਿਪ ਦੇ ਕਲਾਕਾਰਾਂ ਦੀ ਮੀਟਿੰਗ ਸਰਦਾਰ ਇੰਦਰਪਾਲ ਸਿੰਘ ਚੱਢਾ, ਮਿਊਂਸਪਲ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਮਿਤੀ 3-1-89 ਨੂੰ ਸਟਾਫ ਕਲੱਬ ਦੇ ਖੁੱਲ੍ਹੇ ਮੈਦਾਨ ਵਿਚ ਹੋਈ। ਫੁਲਵੰਤ ਮਨੋਚਾ 'ਡਾਇਰੈਕਟਰ' ਨੇ ਸਾਹਿਬਾਬਾਦ ਵਿਚ ਗੁੰਡਿਆਂ ਵੱਲੋਂ ਕੀਤੇ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਦਾ ਪ੍ਰਸਤਾਵ ਰੱਖਿਆ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਹਮਲੇ ਦੀ ਜਾਂਚ ਕਰਵਾਕੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਭਾਰਤ ਦੇ ਕਲਾਕਾਰ ਸਦਭਾਵਨਾ ਲਈ ਬਿਨਾਂ ਕਿਸੇ ਡਰ ਦੇ ਆਪਣਾ ਕੰਮ ਕਰ ਸਕਣ। ਸਮੁੱਚੇ ਕਲਾਕਾਰਾਂ ਨੇ ਮਿਤੀ 9-1-89 ਨੂੰ ਰੋਸ ਦਿਵਸ ਵੱਜੋਂ ਕਾਲੇ ਬਿੱਲੇ ਲਾਉਣ ਦਾ ਫੈਸਲਾ ਕੀਤਾ। (ਫੁਲਵੰਤ ਮਨੋਚਾ)

ਪਟਿਆਲਾ : ਸ਼ਹਿਰ ਦੇ ਨਾਟਕਰਮੀਆਂ, ਕਲਾਕਾਰਾਂ ਅਤੇ ਥੀਏਟਰ-ਪ੍ਰੇਮੀਆਂ ਨੇ 9 ਜਨਵਰੀ ਦੀ ਸ਼ਾਮ ਨੂੰ ਸ਼ਹਿਰ ਦੀ ਸੈਂਟਰਲ ਲਾਇਬਰੇਰੀ ਤੋਂ ਕਿਲ੍ਹਾ ਮੁਬਾਰਕ ਤਕ ਮੌਨ ਪ੍ਰਦਰਸ਼ਨ ਰਾਹੀਂ ਮੰਚ-ਕਲਾਕਾਰ ਸਫ਼ਦਰ ਹਾਸ਼ਮੀ ਦੇ ਕਤਲ ਵਿਰੁਧ ਸ਼ੋਕ ਅਤੇ ਰੋਸ ਪ੍ਰਗਟ ਕੀਤਾ। ਪਟਿਆਲਾ ਸ਼ਹਿਰ ਦੇ ਡਿਪਟੀ ਕਮਿਸ਼ਨਰ ਨੂੰ ਹਾਸ਼ਮੀ ਦੇ ਕਤਲ ਦੀ ਜਾਂਚ ਕਰਾਉਣ ਸੰਬੰਧੀ ਕੇਂਦਰੀ ਸਰਕਾਰ ਨੂੰ ਭੇਜਿਆ ਜਾਣ ਵਾਲਾ ਯਾਦ-ਪੱਤਰ ਦੇ ਕੇ ਇਹ ਕਲਾਕਾਰ ਮਾਲ ਰੋਡ, ਸ਼ੇਰਾਂ ਵਾਲਾ ਗੇਟ, ਧਰਮਪੁਰਾ ਬਜ਼ਾਰ, ਅਨਾਰਦਾਨਾ ਚੌਕ, ਅਦਾਲਤ ਬਾਜ਼ਾਰ, ਸਦਰ ਬਾਜ਼ਾਰ ਅਤੇ ਚੂੜੀ ਬਜ਼ਾਰ ਰਾਹੀਂ ਹੁੰਦੇ ਮੌਨ ਜਲੂਸ ਦੀ ਸ਼ਕਲ ਵਿਚ ਕਿਲ੍ਹਾ ਮੁਬਾਰਕ ਪਹੁੰਚੇ ਜਿਥੇ ਇਕੱਤਰ ਹੋ ਕੇ ਉਹਨਾਂ ਹਾਸ਼ਮੀ ਦੀ ਮੌਤ ਉਤੇ ਸਮੂਹਕ ਰੂਪ ਵਿਚ ਦੋ ਮਿੰਟ ਦਾ ਮੌਨ ਧਾਰ ਕੇ ਸੋਗ ਮਨਾਇਆ। ਕਲਾਕਾਰਾਂ ਨੇ ਜੋ ਪਲੈਕਾਰਡ ਚੁੱਕੇ ਹੋਏ ਸਨ ਉਹਨਾਂ ਉਤੇ ਨਿਮਨ ਇਬਾਰਤਾਂ ਲਿਖੀਆਂ ਸਨ :

ਹਾਕਮਾਂ ਦਿੱਤਾ ਹਾਸ਼ਮੀ ਮਾਰ ਹਾਸ਼ਮੀ ਦੇ ਪਰ ਰੂਪ ਹਜ਼ਾਰ ਅਤੇ

ਜੇ ਹਾਕਮ ਹੀ ਮਰਵਾਏ ਤਾਂ ਲੋਕਰਾਜ ਨੂੰ ਕੌਣ ਬਚਾਏ

ਇਸ ਸਭਾ ਵਿਚ ਸ਼ਹਿਰ ਦੇ ਕੁਝ ਨਾਟਕਰਮੀਆਂ ਨੇ ਐਲਾਨ ਕੀਤਾ ਕਿ ਉਹ ਪਟਿਆਲਾ ਸ਼ਹਿਰ ਵਿਚ ਨੁੱਕੜ ਨਾਟਕਾਂ ਦਾ ਹਫਤਾ ਮਨਾਉਣਗੇ ਅਤੇ ਉਸ ਹਫ਼ਤੇ ਹਾਸ਼ਮੀ ਦੇ ਨਾਟਕ ਥਾਂ ਥਾਂ ਤੇ ਖੇਡੇ ਜਾਣਗੇ। ਇਸ ਸਭਾ ਵਿਚ ਭਾਗ ਲੈਣ ਵਾਲਿਆਂ ਵਿਚ ਯੋਗੇਸ਼ ਗੰਭੀਰ, ਡਾ. ਕਮਲੇਸ਼ ਉਪਲ, ਸੁਧੀਰ, ਕੁਲਵੰਤ ਸਿੰਘ, ਭੁਪਿੰਦਰ ਜੋਸ਼ੀ, ਗੁਰਮੀਤ ਬਾਵਾ, ਗੋਪਾਲ ਸ਼ਰਮਾ, ਥੀਏਟਰ ਵਿਭਾਗ ਦੇ ਵਿਦਿਆਰਥੀ, ਦਲਜੀਤ ਸ਼ਾਹੀ, ਚੰਡੀਗੜ੍ਹ ਤੋਂ ਆਈ ਕੁਲਵੰਤ ਭਾਟੀਆ ਅਤੇ ਹੋਰ ਨਾਟਕਰਮੀ ਸ਼ਾਮਲ ਹੋਏ। (ਕਮਲੇਸ਼ ਉੱਪਲ)

ਮਾਨਸਾ : ਸ਼ਹਿਰ ਦੇ ਸਾਰੇ ਰੰਗਕਰਮੀ ਇਕ ਝੰਡੇ ਥੱਲੇ ਇਕੱਠੇ ਹੋਏ। ਬਾਜ਼ਾਰ ਵਿਚ ਜਲੂਸ ਕੱਢਿਆ ਗਿਆ, ਪ੍ਰੋ. ਅਜਮੇਰ ਸਿੰਘ ਔਲਖ ਦੁਆਰਾ ਲਿਖਿਆ ਹਾਸ਼ਮੀ ਤੇ ਨੁੱਕੜ ਨਾਟਕ ਬਜ਼ਾਰ ਦੇ ਛੇ-ਸੱਤ ਚੌਕਾਂ ਵਿਚ ਖੇਡਿਆ ਗਿਆ। ਸਰਕਾਰ ਦੇ ਵਿਰੋਧ ਵਿਚ ਨਾਹਰੇਬਾਜ਼ੀ ਕੀਤੀ ਗਈ। ਇਸ ਜਲੂਸ ਵਿਚ ਸ਼ਹਿਰ ਦੇ ਸਾਰੇ ਰੰਗਕਰਮੀ ਬੱਚੇ ਤੋਂ ਲੈ ਕੇ ਬੁੱਢਿਆਂ ਤਕ ਸ਼ਾਮਲ ਹੋਏ। ਇਸ ਵਿਚ ਲੋਕ ਕਲਾ ਮੰਚ, ਪੰਜਾਬ ਕਲਾ ਮੰਚ, ਫੱਕਰ ਕਲਾ ਕੇਂਦਰ, ਲੋਕਪ੍ਰੀਤ

ਕਲਾ ਮੰਚ, ਕੁੰਦਨ ਆਰਟ ਥੀਏਟਰ, ਲੋਕ ਧਾਰਾ ਕਲਾ ਕੇਂਦਰ ਤੇ ਹੋਰ ਛੋਟੀਆਂ ਛੋਟੀਆਂ ਨਾਟ-ਮੰਡਲੀਆਂ ਨੇ ਭਾਗ ਲਿਆ। (ਇੰਦਰਜੀਤ ਦਿਓਗਣ)

ਲੁਧਿਆਣਾ : ਯੰਗ ਰਾਈਟਰਜ਼ ਐਸੋਸੀਏਸ਼ਨ ਦਾ ਮਤਾ : "ਅਸੀਂ ਲੁਧਿਆਣਾ ਕਲਾ ਮੰਚ ਅਤੇ ਯੰਗ ਰਾਈਟਰਜ਼ ਐਸੋਸੀਏਸ਼ਨ ਵੱਲੋਂ ਸਫ਼ਦਰ ਹਾਸ਼ਮੀ ਦੇ ਕਤਲ ਦੀ ਸਖਤ ਨਿਖੇਧੀ ਕਰਦੇ ਹਾਂ। ਅਸੀਂ ਇਸ ਨੂੰ ਅਗਾਂਹਵਧੂ ਸਭਿਆਚਾਰ ਤੇ ਇਕ ਹਮਲਾ ਤਸੱਵਰ ਕਰਦੇ ਹਾਂ। ਸਾਡਾ ਇਹ ਵਿਸ਼ਵਾਸ ਹੈ ਕਿ ਹੱਕ ਤੇ ਸੱਚ ਦੀ ਆਵਾਜ਼ ਇਸ ਤਰ੍ਹਾਂ ਦਬਾਈ ਨਹੀਂ ਜਾ ਸਕਦੀ। ਸਫ਼ਦਰ ਹਾਸ਼ਮੀ ਇਕ ਅਜਿਹਾ ਕੁਕਨਸ ਹੈ ਜਿਹੜਾ ਕਦੇ ਨਹੀਂ ਮਰ ਸਕਦਾ ਉਹ ਅਮਰ ਹੈ ਤੇ ਉਸ ਦੀ ਯਾਦ ਰੰਗ-ਕਰਮੀਆਂ ਦੇ ਦਿਲਾਂ ਵਿਚ ਸਦਾ ਹੀ ਬਣੀ ਰਹੇਗੀ।" (ਸ.ਨ. ਸੇਵਕ)

ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਇਸ ਘਟਨਾ ਸੰਬੰਧੀ ਰੰਗ-ਕਰਮੀਆਂ ਨੇ ਆਪੋ ਆਪਣੇ ਢੰਗ ਨਾਲ ਰੋਸ ਦਾ ਪ੍ਰਗਟਾਵਾ ਕੀਤਾ ਅਤੇ ਸ਼ੋਕ ਸਮਾਗਮਾਂ ਰਾਹੀਂ ਰੰਗਕਰਮੀ ਹਾਸ਼ਮੀ ਨੂੰ ਭਰਪੂਰ ਸ਼ਰਧਾਂਜਲੀਆਂ ਦਿੱਤੀਆਂ। ਸਕੱਤਰ, ਪੰਜਾਬ ਸੰਗੀਤ ਨਾਟਕ ਅਕਾਡਮੀ ਵੱਲੋਂ ਭੇਜੇ ਇਕ ਮਤੇ ਅਨੁਸਾਰ ਚੰਡੀਗੜ੍ਹ ਦੇ ਰੰਗਕਰਮੀਆਂ ਨੇ ਇਸ ਕਤਲ ਦੀ ਨਿਖੇਧੀ ਕੀਤੀ।

ਕੁਝ ਹੋਰ ਰਾਵਾਂ

0 **He fully developed the genre of street theatre, he gave it its language.**

M. K Raina

0 **He was easily the best street theatre writer that country has produced. He mobilised people, wrote scripts, directed, wrote and sang songs, acted, painted.**

G.P. Deshpandey (Playwright)

0 **Hashmi's triumph was that he reached the people. Perhaps that is the one sin the political hoodlum will not forgive in an intellectual.**

S. Nihal Singh

0 **This is an attack not just on one individual but the freedom of expression of the artists.**

Bhisham Sahni

0 **He was working at breack-neck speed in the last few months, as if he had no time. And really, there was no time.**

Habib Tanvir

□

ਪੰਜਾਬੀ ਨਾਟਕ ਦਾ ਇਤਿਹਾਸ

ਪੰਜਾਬੀ ਨਾਟਕ ਦਾ ਉਦਭਵ–2

ਸਬਿੰਦਰਜੀਤ ਸਾਗਰ (ਡਾ.)

(ਲੜੀ ਜੋੜਨ ਲਈ ਦੇਖੋ ਅੰਕ 7 ਅਤੇ 8)

'ਸੁੱਕਾ ਸਮੁੰਦਰ' ਅਰੂੜ ਸਿੰਘ ਤਾਲਿਬ ਦਾ ਲਿਖਿਆ ਨਾਟਕ ਹੈ। ਇਹ ਨਾਟਕ ਚੌਥੀ ਸਿੱਖ ਐਜੂਕੇਸ਼ਨਲ ਕਾਨਫਰੰਸ, ਰਾਵਲਪਿੰਡੀ ਨੂੰ ਸਮਰਪਨ ਕੀਤਾ ਗਿਆ ਹੈ। ਇਸ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ ਦੀ ਉਨਤੀ ਹੈ। ਨਾਟਕ ਭਾਵੇਂ ਆਮ ਪੱਧਰ ਦਾ ਹੈ, ਪਰ ਇਸ ਵਿਚ ਭਾਈ ਵੀਰ ਸਿੰਘ ਦਾ ਪ੍ਰਭਾਵ ਸਪਸ਼ਟ ਵੇਖਿਆ ਜਾ ਸਕਦਾ ਹੈ। ਡਾ. ਮਨਜੀਤ ਪਾਲ ਹੁਰਾਂ ਦਾ ਵਿਚਾਰ ਸਹੀ ਹੈ ਕਿ 'ਨਾਟਕ ਦੇ ਆਰੰਭ ਵਿਚ ਕੌੜਾ ਸਿੰਘ ਤੇ ਰੰਜੀਤ ਸਿੰਘ, ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਾਜੇ ਪੰਥ ਦੀ ਪ੍ਰਸ਼ੰਸਾ ਕਰਦੇ ਹਨ। ਪੰਜਾਬੀ ਬੋਲੀ ਅਤੇ ਕੌਮ ਸੁਧਾਰ, ਸ਼ਰਾਬ, ਘਟੀਆ ਕਿੱਤੇ ਅਤੇ ਵੇਸਵਾ-ਗਮਨੀ ਆਦਿ ਵਿਸ਼ੇ-ਵਿਕਾਰਾਂ ਦੀ ਨਿਖੇਧੀ ਦੀਆਂ ਤੰਦਾਂ ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲਖਦਾਤਾ ਸਿੰਘ' ਵਿਚੋਂ ਆਪਣਾਈਆਂ ਜਾਪਦੀਆਂ ਹਨ। 'ਰਾਜਾ ਲਖਦਾਤਾ ਸਿੰਘ' ਵਾਂਗ ਮਹਾਰਾਜ ਜਗਜੋਧ ਸਿੰਘ ਵੀ ਦੇਸ਼ ਅਤੇ ਪੰਥ ਦੇ ਸੁਧਾਰ ਲਈ ਨਕਸ਼ੇ ਤਿਆਰ ਕਰਵਾਉਂਦਾ ਹੈ।'[1] ਇਸ ਨਾਟਕ ਉੱਤੇ ਬਾਵਾ ਬੁੱਧ ਸਿੰਘ ਦਾ ਵੀ ਪ੍ਰਭਾਵ ਵੇਖਣ ਵਿਚ ਆਉਂਦਾ ਹੈ, ਪਰ ਜ਼ਰਾ ਵੱਖਰੇ ਰੂਪ ਵਿਚ। ਬਾਵਾ ਬੁੱਧ ਸਿੰਘ ਨੇ ਉਸ ਸਮੇਂ ਦੇ ਪ੍ਰਚਲਿਤ ਨਾਟਕਾਂ ਤੋਂ ਬਹੁਤ ਕੁਝ ਲੈ ਕੇ ਆਪਣੀ ਰਚਨਾ ਨੂੰ ਲੋਕਪ੍ਰਿਯ ਬਨਾਉਣ ਦਾ ਜਤਨ ਕੀਤਾ ਸੀ। ਇਸ ਲਈ ਗਦ-ਪਦ ਦਾ ਸੁਮੇਲ ਕੀਤਾ। ਕਵਿਤਾ ਦੇ ਨਾਲ ਲੈਅ ਵਿਚ ਗਾਣੇ ਅਤੇ ਨਾਚ ਦੀ ਵਰਤੋਂ ਕੀਤੀ। ਨਾਟਕ ਵਿਚ ਲੋਕ-ਸਾਹਿਤ ਦੀਆਂ ਪ੍ਰਚਲਤ ਧੁਨਾਂ ਦੀ ਵਰਤੋਂ ਵੀ ਵੇਖਣ ਵਿਚ ਮਿਲਦੀ ਹੈ। 'ਸੁੱਕਾ ਸਮੁੰਦਰ' ਨਾਟਕ ਵਿਚ ਵਾ ਇਹ ਸਾਰੀਆਂ ਗੱਲਾਂ ਮਿਲਦੀਆਂ ਹਨ। ਪਰ ਉਸ ਵਿਚ ਬਾਵਾ ਬੁਧ ਸਿੰਘ ਵਰਗੀ ਸਮਰੱਥਾ ਵੀ ਨਹੀਂ ਹੈ। ਡਾ. ਗਰੇਵਾਲ ਦਾ ਵਿਚਾਰ ਹੈ ਕਿ 'ਸ਼ਾਇਦ ਅਗਿਆਨਤਾ ਵਿਚ ਨਾਟਕਕਾਰਾਂ ਨੇ ਮਨੋਰੰਜਨ ਨੂੰ ਸੁਧਾਰ ਦੇ ਉਦੇਸ਼ ਨਾਲ ਰਲਾ ਦਿੱਤਾ ਹੈ। ਸਿੱਟੇ ਵਜੋਂ ਪਾਠਕਾਂ ਨੂੰ ਅਜੀਬ ਜਿਹਾ ਪ੍ਰਭਾਵ ਦੇਂਦਾ ਹੈ। ਨਾਟਕ ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲਖਦਾਤਾ ਸਿੰਘ' ਦੀ ਕਮਜ਼ੋਰ ਗੂੰਜ ਬਣ ਕੇ ਰਹਿ ਗਿਆ ਹੈ।'[2] ਦਰਅਸਲ ਦੋਵਾਂ ਨਾਟਕਾਂ ਦੀ ਪਹੁੰਚ ਦਾ ਮੇਲ ਉਸ ਵੇਲੇ ਦੇ ਮੱਧ-ਵਰਗੀ ਲੋਕਾਂ ਦੀ ਦੁਚਿੱਤੀ ਵਾਲੀ ਮਾਨਸਿਕ ਅਵਸਥਾ ਦਾ ਪ੍ਰਗਟਾਵਾ ਹੈ। ਨੌਕਰੀ ਪੇਸ਼ਾ ਮਧ-ਵਰਗੀ ਲੋਕਾਂ ਦਾ ਸੁਧਾਰ ਲਹਿਰ ਬਾਰੇ ਰਵੱਈਆ ਦੁਚਿੱਤੀ ਵਾਲਾ ਸੀ। ਉਹਨਾਂ ਦਾ ਬਹੁਤਾ ਧਿਆਨ ਆਪਣੇ ਵਰਗ ਦੇ ਹਿੱਤਾਂ ਵਿਚ ਹੈ। "ਸੁੱਕਾ ਸਮੁੰਦਰ' ਨਾਟਕ ਦਾ ਪਾਤਰ ਟਰਕੋ ਖਾਂ ਕਹਿੰਦਾ ਹੈ, 'ਮੈਂ ਪੰਜਾਬ ਕਾ ਬਾਸ਼ਿੰਦਾ ਹੂੰ, ਸਰਕਾਰੀ ਕਾਰਿੰਦਾ ਹੂੰ, ਔਰ ਪੰਜਾਬ

ਹੀ ਮੇਂ ਤਾਲੀਮ ਪਾਈ ਹੈ, ਮਗਰ ਪੰਜਾਬੀ ਬੋਲਨੇ ਸੇ ਤਬੀਅਤ ਸਖਤ ਘਬਰਾਹੀਂ ਹੈ ਕਿਉ ਕਿ ਉਰਦੂ ਤਰੱਕੀ ਕੀ ਜ਼ਬਾਨ ਹੈ... ।'[3] ਇਸ ਤੋਂ ਨਾਟਕ ਸਾਹਿਤ-ਰੂਪ ਬਾਰੇ ਵੀ ਦੁਚਿਤੀ ਵਾਲੀ ਪਹੁੰਚ ਦਾ ਸੰਕੇਤ ਮਿਲਦਾ ਹੈ।

'ਸੁੱਕਾ ਸਮੁੰਦਰ' ਤੋਂ ਬਾਅਦ 'ਮਨਮੋਹਨ ਸਿੰਘ' ਨਾਟਕ 1913 ਵਿਚ ਪ੍ਰਕਾਸ਼ਿਤ ਹੋਇਆ। ਇਸਦੇ ਰਚਨਾਕਾਰ ਗੁਰਬਖਸ਼ ਸਿੰਘ ਬੈਰਿਸਟਰ ਸਨ। ਇਹ ਨਾਟਕ ਸ.ਸੁੰਦਰ ਸਿੰਘ ਮਜੀਠੀਆ ਅਤੇ ਸ.ਜੋਗਿੰਦਰ ਸਿੰਘ, ਹੋਮ ਮਨਿਸਟਰ, ਪਟਿਆਲਾ ਦੀ ਪ੍ਰੇਰਣਾ ਕਰਕੇ ਪ੍ਰਕਾਸ਼ਿਤ ਹੋਇਆ ਸੀ। ਨਾਟਕ ਦੀ ਭੂਮਿਕਾ ਸੁੰਦਰ ਸਿੰਘ ਮਜੀਠੀਆ ਨੇ ਲਿਖੀ ਸੀ। ਨਾਟਕ ਦੇ ਸਰਵਰਕ ਤੋਂ ਨਾਟਕ ਦੇ ਉਦੇਸ਼ ਦਾ ਪਤਾ ਚਲਦਾ ਹੈ। ਨਾਟਕਕਾਰ ਭੂਮਿਕਾ ਵਿਚ ਕਹਿੰਦਾ ਹੈ ਕਿ ਉਸਨੇ 'ਖਾਲਸਾ ਜੀ ਦੀ ਬੜੀ ਭਿਆਨਕ ਮੂਰਤੀ' ਵੇਖੀ ਤਾਂ ਨਾਟਕ ਲਿਖਣ ਦਾ ਖਿਆਲ ਆਇਆ ਤਾਂ ਜੋ 'ਖਾਲਸਾ ਜੀ ਦੇ ਬੁਰੇ ਆਚਾਰ ਤੇ ਧਰਮਸਾਲਾ ਦੇ ਬੁਰੇ ਪਰਬੰਧ, ਸਤਿਸੰਗ ਦੇ ਗੁਣ, ਕੁਸੰਗ ਦੇ ਦੋਸ਼, ਸ੍ਰੀ ਗੁਰੂ ਮਹਾਰਾਜ ਜੀ ਦੇ ਵਾਕਾਂ ਤੇ ਭਰੋਸਾ ਕਰਨ ਦੇ ਲਾਭ ਇਤਯਾਦੀ ਦਾ ਸੱਚਾ ਨਕਸ਼ਾ ਪੜ੍ਹਨ ਵਾਲਿਆਂ ਦੇ ਸਾਹਮਣੇ ਖਿਚ ਕੇ ਦਖਾਵਾਂ।'[4] ਸੁੰਦਰ ਸਿੰਘ ਮਜੀਠੀਆ ਨੇ ਨਾਟਕ ਦੀ ਭੂਮਿਕਾ ਵਿਚ ਇਸ ਨੂੰ ਪੰਥ ਦੇ ਸੁਧਾਰ ਲਈ ਲਿਖਿਆ ਮੰਨਿਆ ਹੈ। ਇਸ ਤਰ੍ਹਾਂ ਇਸ ਨਾਟਕ ਨੂੰ ਭਾਈ ਵੀਰ ਸਿੰਘ ਦੀ ਨਾਟਕ ਪਰੰਪਰਾ ਵਿਚ ਰੱਖ ਲਿਆ ਜਾਂਦਾ ਹੈ ਅਤੇ ਇਸ ਦੀਆਂ ਕੁਝ ਵਿਸ਼ੇਸ਼ਤਾਵਾਂ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ, ਜੋ ਇਸ ਨਾਟਕ ਨੂੰ ਸਹੀ ਰੂਪ ਵਿਚ ਸਮਝਣ ਵਿਚ ਸਹਾਈ ਹੋ ਸਕਦੀਆਂ ਹਨ। ਕਈ ਤੱਥ ਇਸ ਨਾਟਕ ਨੂੰ 'ਰਾਜਾ ਲਖਦਾਤਾ ਸਿੰਘ' ਤੋਂ ਵੱਖਰਾ ਕਰਦੇ ਹਨ। ਰਾਜਾ ਲਖਦਾਤਾ ਸਿੰਘ ਰਾਜਾ ਹੈ ਅਤੇ ਸਿੱਖਾਂ ਦੀ ਭੈੜੀ ਹਾਲਤ ਨੂੰ ਸੁਧਾਰਨਾ ਚਾਹੁੰਦਾ ਹੈ ਜਦ ਕਿ ਮਨਮੋਹਨ ਸਿੰਘ ਸ਼ੁਰੂ ਵਿਚ ਮਾੜਾ ਵਿਅਕਤੀ ਹੈ ਪਰ ਬਾਅਦ ਵਿਚ ਗੁਰਸਿੱਖੀ ਦੇ ਅਮਲ ਰਾਹੀਂ ਨਾ ਕੇਵਲ ਆਪਣੇ ਜੀਵਨ ਨੂੰ ਸਗੋਂ ਸਿੱਖਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਧਾਰਨਾ ਚਾਹੁੰਦਾ ਹੈ। ਜਿੱਥੇ ਰਾਜਾ ਲਖਦਾਤਾ ਸਿੰਘ ਵਿਅਕਤੀਗਤ ਕੋਸ਼ਿਸ਼ ਵਿਚ ਸਫਲ ਨਹੀਂ ਹੁੰਦਾ ਅਤੇ ਅਹਿਸਾਸ ਕਰਦਾ ਹੈ ਕਿ ਵਿਦਿਆ ਹੀ ਇਸ ਸਮੱਸਿਆ ਦਾ ਹੱਲ ਹੈ, ਉਥੇ ਮਨਮੋਹਨ ਸਿੰਘ ਗੁਰਸਿੱਖੀ ਨੂੰ ਹੀ ਸਮੱਸਿਆ ਦਾ ਹੱਲ ਸਮਝਦਾ ਹੈ। ਉਹ ਅੰਤਿਮ ਝਾਕੀ ਵਿਚ ਪੰਥ ਦੀਆਂ ਸਮੱਸਿਆਵਾਂ ਨੂੰ ਅੰਗਰੇਜ਼ੀ ਸਰਕਾਰ ਤੱਕ ਪਹੁੰਚਾਉਣ ਦੀ ਸਲਾਹ ਦਿੰਦਾ ਹੈ। ਉਸ ਨੂੰ ਆਸ ਹੈ ਕਿ ਇਸ ਮਸਲੇ ਵਿਚ ਸਹਾਇਤਾ ਮਿਲੇਗੀ [5] ਇਹ ਅੰਤਰ ਤਤਕਾਲੀਨ ਸਥਿਤੀ ਵੱਲ ਪਹੁੰਚਦਾ ਹੈ। ਤਤਕਾਲੀਨ ਸਮੇਂ ਦਾ ਇਕ ਵੱਡਾ ਨੌਕਰੀ ਪੇਸ਼ਾ ਵਰਗ ਧਾਰਮਿਕ ਸੁਧਾਰ ਤਾਂ ਚਾਹੁੰਦਾ ਹੈ ਅਤੇ ਇਸ ਲਈ ਸਰਕਾਰ ਤੋਂ ਸਹਾਇਤਾ ਦੀ ਆਸ ਰੱਖਦਾ ਹੈ, ਪਰ ਦੂਜੇ ਪਾਸੇ ਕੋਈ ਅਜੇਹਾ ਅਮਲ ਨਹੀਂ ਚਾਹੁੰਦਾ ਜਿਸ ਨਾਲ ਧਰਮ ਸੁਧਾਰ ਦਾ ਰਾਜਨੀਤਕ ਸੰਬੰਧ ਹੋਵੇ। ਮਨਮੋਹਨ ਸਿੰਘ ਦੇ ਅੰਤ ਵਿਚ ਮਾਨ ਸਿੰਘ ਦਾ ਕਥਨ ਹੈ: 'ਖਾਲਸਾ ਜੀ ਇਸ ਸਰਕਾਰ ਅੰਗਰੇਜ਼ੀ ਦੇ ਰਾਜ ਵਿਚ ਜਦ ਸ਼ੇਰ ਤੇ ਬੱਕਰੀ ਅਕਠੇ ਪਾਣੀ ਪੀਂਦੇ ਹਨ—ਇਸ ਰਾਜ ਵਿਚ ਜਿਥੇ ਤੁਸੀਂ ਬੈਠਕੇ ਆਪਣੀ ਭਲਿਆਈ ਵਾਸਤੇ ਮੇਲ ਜੋੜ ਕਰ ਸਕਦੇ ਹੋ—ਇਸ ਰਾਜ ਵਿਚ ਤੁਸੀਂ ਧਰਮ ਉਪਰ ਵਖਿਆਨ ਦੇ ਸਕਦੇ ਹੋ—ਇਸ ਰਾਜ ਵਿਚ ਤੁਸੀਂ ਸਰਕਾਰ ਦੀਆਂ ਗਲਤੀਆਂ ਦੱਸ ਸਕਦੇ ਹੋ—

ਜਦ ਐਸੇ ਰਾਜ ਵਿਚ ਤੁਸੀਂ ਸਰਕਾਰ ਕੋਲੋਂ ਆਪਣੇ ਹੱਕ ਮੰਗੋ ਤਾਂ ਕਿਸਦਾ ਕਸੂਰ ਹੈ...।'[6] ਇਸ ਨਾਲ ਨਾ ਕੇਵਲ ਨਾਟਕ ਦੇ ਵਿਸ਼ੇ ਦੇ ਖੇਤਰ ਵਿਚ ਵਿਆਪਕਤਾ ਆਈ ਹੈ, ਸਗੋਂ ਨਾਟਕੀ ਸਮਰੱਥਾ ਦੇ ਨਵੇਂ ਪੱਖਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ। 'ਮਨਮੋਹਨ ਸਿੰਘ' ਨਾਟਕ ਦੀਆਂ ਕੁਝ ਝਾਕੀਆਂ ਦਾ ਪਿਛੋਕੜ ਵਿਸ਼ੇ ਜਾਂ ਪਾਤਰ ਦੀ ਮਾਨਸਿਕ ਹਾਲਤ ਨੂੰ ਵਧੇਰੇ ਉਜਾਗਰ ਕਰਨ ਵਾਲੀਆਂ ਹਨ। ਸ਼ਰਾਬ ਪੀਣ ਸਮੇਂ ਬਰਸਾਤ ਦੇ ਮੌਸਮ ਦਾ ਪਿਛੋਕੜ ਵਾਰਤਾਲਾਪ ਦੁਆਰਾ ਪ੍ਰਗਟਾਇਆ ਗਿਆ ਹੈ ਅਤੇ ਮਨਮੋਹਨ ਸਿੰਘ ਦੇ ਮਨ ਉਤੇ ਪੁੱਤਰ ਦੀ ਮੌਤ ਦੇ ਦੁੱਖ ਦੇ ਪ੍ਰਭਾਵ ਨੂੰ ਤੀਖਣ ਕਰਨ ਲਈ ਦਰਿਆ ਦਾ ਪਿਛੋਕੜ ਹੈ ਜਿਸ ਵਿਚ ਉਹ ਮਰਨਾ ਵੀ ਚਾਹੁੰਦਾ ਹੈ।[7] ਇਸੇ ਤਰ੍ਹਾਂ ਅੰਗਰੇਜ਼ੀ ਨਾਟਕ ਦੇ ਕਈ ਤਕਨੀਕੀ ਰੂਪ ਵੀ ਵੇਖਣ ਨੂੰ ਮਿਲਦੇ ਹਨ, ਜਿਵੇਂ ਇਕ ਪਾਸੇ (Aside) ਅਤੇ ਆਤਮ-ਬਚਨੀ (Soliloquy)

ਨਾਟਕ 'ਰੂਪ ਕੌਰ' 1916 ਵਿਚ ਅੰਮ੍ਰਿਤਸਰੋਂ ਪ੍ਰਕਾਸ਼ਿਤ ਹੋਇਆ ਸੀ। ਇਸ ਦੇ ਕਰਤਾ ਦੇ ਨਾਂ ਦਾ ਹਾਲੀ ਪਤਾ ਨਹੀਂ ਹੈ। ਨਾਟਕ ਦੇ ਆਰੰਭ ਵਿਚ ਲਿਖਿਆ ਹੈ 'ਕ੍ਰਿਤ ਨਾਵਲ ਰੂਪ ਕੌਰ ਕਰਤਾ'। ਨਾਟਕਕਾਰ ਨੇ ਇਸ ਨੂੰ ਪੰਜਾਬੀ ਬੋਲੀ ਦਾ ਪਹਿਲਾ ਅਤੇ ਅਦੁਤੀ ਨਾਟਕ ਹੋਣ ਦਾ ਦਾਅਵਾ ਕੀਤਾ ਹੈ। ਉਸ ਅਨੁਸਾਰ ਇਹ ਨਾਟਕ ਸਟੇਜ ਵਾਸਤੇ ਲਿਖਿਆ ਗਿਆ ਹੈ। ਇਹ ਪਹਿਲਾ ਪੰਜਾਬੀ ਨਾਟਕ ਹੈ ਜਿਸਦਾ ਕੇਂਦਰੀ ਪਾਤਰ ਇਕ ਔਰਤ ਹੈ। ਨਾਟਕ ਦੇ ਕੇਂਦਰੀ ਕਥਾਨਕ ਦੇ ਨਾਲ ਚਲਦੇ ਦੋ ਗੌਣ ਕਥਾਨਕਾਂ ਵਿਚੋਂ ਵੀ ਇਕ ਦਾ ਸੰਬੰਧ ਔਰਤ ਨਾਲ ਹੈ। ਨਾਵਲ ਨੂੰ ਨਾਟਕ ਰੂਪ ਦੇਣਾ ਨਾਟਕ ਦੀ ਵਧਦੀ ਹੋਈ ਲੋਕਪ੍ਰਿਯਤਾ ਵੱਲ ਸੰਕੇਤ ਹੈ। 'ਨਿਸ਼ਚੇ ਹੀ ਕਰਤਾ ਸੁਧਾਰ ਦੇ ਮੁੱਖ ਪ੍ਰਯੋਜਨ ਦੇ ਨਾਲ ਵੀਹਵੀਂ ਸਦੀ ਵਿਚ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰ ਰਹੇ ਸਾਹਿਤ ਰੂਪਾਂ ਨਾਲ ਸਾਂਝ ਸਥਾਪਤ ਕਰਦਾ ਹੈ।'[8]

ਬ੍ਰਿਜ ਲਾਲ ਸ਼ਾਸਤਰੀ ਰਚਿਤ 'ਪੂਰਨ ਨਾਟਕ' 1920 ਵਿਚ ਪ੍ਰਕਾਸ਼ਿਤ ਹੋਇਆ ਸੀ। ਉਹਨਾਂ ਨੇ ਭਾਈ ਵੀਰ ਸਿੰਘ ਦੇ ਉਤਸ਼ਾਹ ਨਾਲ ਫ਼ਾਰਸੀ ਅੱਖਰਾਂ ਤੋਂ ਗੁਰਮੁਖੀ ਅੱਖਰਾਂ ਵਿਚ ਕਰਕੇ ਪ੍ਰਕਾਸ਼ਿਤ ਕਰਵਾਇਆ ਸੀ। ਬ੍ਰਿਜ਼ ਲਾਲ ਸ਼ਾਸਤਰੀ ਐਮ.ਏ. ਸੰਸਕ੍ਰਿਤ ਕਰਕੇ ਕੁਝ ਚਿਰ ਅਧਿਆਪਕ ਰਹੇ ਅਤੇ ਫੇਰ ਟੈਕਸਟ ਬੁੱਕ ਕਮੇਟੀ ਵਿਚ ਐਡੀਟਰ ਦੀ ਨੌਕਰੀ ਕਰ ਲਈ। ਉਹਨਾਂ ਲੋਕ ਸਾਹਿਤ ਵਿਚੋਂ ਪੂਰਨ ਦੀ ਗਾਥਾ ਨੂੰ ਲੈ ਕੇ ਇਹ ਨਾਟਕ ਲਿਖਿਆ। ਇਹ ਜਾਣਕੇ ਭਾਈ ਵੀਰ ਸਿੰਘ ਨੂੰ ਬਹੁਤ ਖੁਸ਼ੀ ਹੋਈ ਸੀ ਕਿ ਗੈਰ ਸਿੱਖ ਵੀ ਪੰਜਾਬੀ ਵਿਚ ਲਿਖਦੇ ਹਨ ਜਦ ਕਿ ਬਹੁਤ ਸਾਰੇ ਪੰਜਾਬੀ ਆਪਣੀ ਮਾਂ ਬੋਲੀ ਪ੍ਰਤੀ ਉਦਾਸੀਨ ਹਨ।[9] ਪੂਰਨ ਦੀ ਕਹਾਣੀ ਤਿੰਨਾਂ ਅੰਕਾਂ ਵਿਚ ਦਿੱਤੀ ਗਈ ਹੈ। ਪਹਿਲੇ ਅੰਕ ਵਿਚ ਪੂਰਨ ਨੂੰ ਖੂਹ ਵਿਚ ਸੁੱਟੇ ਜਾਣ ਦੀ ਘਟਨਾ ਹੈ। ਦੂਜੇ ਵਿਚ ਗੋਰਖ ਨਾਥ ਉਸਦਾ ਉੱਧਾਰ ਕਰਕੇ ਉਸਨੂੰ ਆਪਣਾ ਚੇਲਾ ਬਣਾਉਂਦਾ ਹੈ। ਅਤੇ ਤੀਜੇ ਅੰਕ ਵਿਚ ਪੂਰਨ ਸਲਵਾਨ ਅਤੇ ਲੂਣਾ ਨੂੰ ਅਸੀਸ ਦਿੰਦਾ ਹੈ। ਡਾ. ਜੇ. ਐਸ. ਗਰੇਵਾਲ ਦਾ ਵਿਚਾਰ ਹੈ, ਬ੍ਰਿਜ਼ ਲਾਲ ਸ਼ਾਸਤਰੀ ਲਈ ਘਟਨਾਵਾਂ ਆਪਣੇ ਸਮੇਂ ਤੋਂ ਦੂਰ ਦੀਆਂ ਹੋਣਾ ਨਹੀਂ, ਸਗੋਂ ਉਸਦੀ ਨੈਤਿਕਤਾ ਦੀ ਤਤਕਾਲੀਨ ਸਮਾਜ ਨਾਲ ਪ੍ਰਾਸੰਗਕਿਤਾ ਦਾ

ਮਹੱਤਵ ਹੈ। ਇਹ ਨਾਟਕ ਇਤਿਹਾਸਕ ਨਹੀਂ ਸਗੋਂ ਮੂਲ ਰੂਪ ਵਿਚ ਨੈਤਿਕ ਨਾਟਕ ਹੈ। ਭੂਤਕਾਲ ਵਿਚ ਗੁੰਦੇ ਕਥਾਨਕ ਨੂੰ ਪੇਸ਼ ਕਰਦਿਆਂ ਸ਼ਾਇਦ ਹੀ ਨਾਟਕਕਾਰ ਆਪਣੇ ਸਮੇਂ ਦੀ ਕੋਈ ਸਮੱਸਿਆ ਬਾਰੇ ਸੁਚੇਤ ਹੋਵੇ।[10] ਪਰ ਕਿਸੇ ਸਮੱਸਿਆ ਨਾਲ ਨਾ ਜੁੜਨਾਂ ਅਤੇ ਨੈਤਿਕ ਪੱਖ ਉਪਰ ਬਲ ਦੇਣਾ ਆਪਣੇ ਆਪ ਵਿਚ ਮਹੱਤਵਪੂਰਨ ਤੱਥ ਹੈ। ਉਸ ਵੇਲੇ ਦੀਆਂ ਸਿੱਖ ਸੁਧਾਰ ਤੇ ਆਰੀਆ ਸਮਾਜ ਲਹਿਰਾਂ ਕਰਕੇ ਬਹੁਤ ਸਾਰੇ ਲੋਕ ਅਲਗਾਵ ਦੀ ਸਥਿਤੀ ਵਿਚ ਸਨ। ਖਾਸ ਤੌਰ ਉਪਰ ਨੌਕਰੀ ਪੇਸ਼ਾ ਮੱਧ ਵਰਗੀ ਲੋਕ। ਬ੍ਰਿਜ ਲਾਲ ਸ਼ਾਸਤਰੀ ਬਾਵਾ ਬੁੱਧ ਸਿੰਘ ਵਾਂਗ ਪੰਜਾਬੀ ਦੇ ਪੈਰੋਕਾਰ ਤਾਂ ਸਨ ਪਰ ਉਹਨਾਂ ਦੀ ਕਿਸੇ ਧਾਰਮਿਕ ਲਹਿਰ ਦਾ ਅੰਗ ਬਣਨ ਵੱਲ ਰੁਚੀ ਨਹੀਂ ਜਾਪਦੀ। ਲੋਕ-ਸਾਹਿਤ ਵਿਚੋਂ ਅਜਿਹਾ ਵਿਸ਼ਾ ਲੈਣਾ ਜਿਹੜਾ ਸਾਰੇ ਪੰਜਾਬੀਆਂ ਨੂੰ ਪਿਆਰਾ ਹੋਵੇ ਅਤੇ ਮਨੁੱਖ ਦੇ ਕੇਵਲ ਨੈਤਿਕ ਪੱਖ ਉਪਰ ਜ਼ੋਰ ਦੇਣਾ ਇਸ ਤੱਥ ਵੱਲ ਵੀ ਸੰਕੇਤ ਕਰਦਾ ਹੈ। ਇਸੇ ਲਈ ਡਾ. ਜੇ. ਐਸ. ਗਰੇਵਾਲ ਦੇ ਇਹਨਾਂ ਵਿਚਾਰਾਂ ਨਾਲ ਵੀ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਉਸ ਦਾ ਪ੍ਰਾਚੀਨ ਲੋਕਧਾਰਾ ਅਤੇ ਸਾਹਿਤ ਪ੍ਰਤੀ ਰੁਝਾਨ ਉਸਦੀ ਪਰੰਪਰਾਗਤ ਹਿੰਦੂ ਧਰਮ ਨਾਲ ਸੰਬੰਧਿਤ ਹੋਣ ਕਰਕੇ ਵਧੇਰੇ ਪਕੇਰਾ ਹੋਇਆ ਹੈ।[11]

'ਪੂਰਨ ਨਾਟਕ' ਤਿੰਨਾਂ ਅੰਕਾਂ ਵਿਚ ਵੰਡਿਆ ਗਿਆ ਹੈ। ਇਹ ਅੰਕ 12, 6 ਅਤੇ 7 ਝਾਕੀਆਂ ਵਿਚ ਵੰਡੇ ਹੋਏ ਹਨ। ਨਾਟਕਕਾਰ ਪੱਛਮੀ ਨਾਟਕ ਪਰੰਪਰਾ ਤੋਂ ਜਾਣੂੰ ਹੈ। ਉਸ ਦਾ ਨਾਟਕ, ਰੂਪ ਦੇ ਪੱਖੋਂ, ਬਾਵਾ ਬੁਧ ਸਿੰਘ ਦੇ ਨੇੜੇ ਹੈ ਨਾ ਕਿ ਭਾਈ ਵੀਰ ਸਿੰਘ ਦੇ। ਪਰ ਕਿਉਂਕਿ ਬ੍ਰਿਜ ਲਾਲ ਸ਼ਾਸਤਰੀ ਸੰਸਕ੍ਰਿਤ ਸਾਹਿਤ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਇਸ ਲਈ ਉਹਨਾਂ ਨੇ ਸੰਸਕ੍ਰਿਤ ਨਾਟਕ ਦੇ ਕਈ ਤੱਤਾਂ ਨੂੰ ਇਸ ਲੋਕਗਾਥਾ ਨੂੰ ਨਾਟਕੀ ਰੂਪ ਦੇਣ ਲਈ ਅਪਣਾਇਆ ਹੈ। ਪਰ ਉਹ ਸੰਸਕ੍ਰਿਤ ਦੀ ਸ਼ਬਦਾਵਲੀ ਦਾ ਪ੍ਰਯੋਗ ਨਹੀਂ ਕਰਦੇ। ਸੰਸਕ੍ਰਿਤ ਨਾਟਕਾਂ ਦੀ ਪ੍ਰਸਤਾਵਨਾ 'ਪੂਰਨ ਨਾਟਕ' ਵਿਚ ਵੇਖੀ ਜਾ ਸਕਦੀ ਹੈ। ਆਰੰਭ ਵਿਚ ਸੂਤਰਧਾਰ ਅਤੇ ਨਟੀ ਨਾਟਕ ਦੀ ਪਛਾਣ ਕਰਾਉਂਦੇ ਹਨ। ਪਰ ਇਹ ਪੰਜਾਬੀ ਨਾਟਕ ਦੀ ਵੱਖਰੀ ਪਛਾਣ ਉਭਾਰਨ ਦੇ ਜਤਨ ਹਨ। ਨਾਟਕ ਵਿਚ ਇਸ ਗੱਲ ਦਾ ਉਲੇਖ ਹੈ ਕਿ ਪੰਜਾਬੀ ਨਾਟਕ ਵਿਚ ਲੋਕਾਂ ਦੀ ਦਿਲਚਸਪੀ ਵੱਧ ਰਹੀ ਹੈ। ਸੂਤਰਧਾਰ ਕਹਿੰਦਾ ਹੈ, 'ਏਨੇ ਗੁਣੀ ਲੋਕ ਪੰਜਾਬੀ ਦੀ ਚਾਹ ਕਰਦੇ ਨੇ'।[12] ਇਸ ਪਾਸੇ ਵੀ ਸੰਕੇਤ ਹੈ ਕਿ ਨਾਟਕ ਨਵੀਂ ਵਿਧਾ ਹੈ ਜਿਸ ਨੂੰ ਹਾਲਤਾਂ ਵਿਚ ਢਲਦਿਆਂ ਕੁਝ ਸਮਾਂ ਤਾਂ ਲਗਣ ਹੀ ਹੈ।[13] ਇਹ ਨਾਟਕ ਰੰਗਮੰਚ ਲਈ ਲਿਖਿਆ ਹੋਣ ਕਰਕੇ ਇਸ ਦੀ ਸਫਲਤਾ ਪ੍ਰ ਸ਼ੰਕਾ ਕੀਤੀ ਗਈ ਹੈ ਅਤੇ ਆਸ ਰੱਖੀ ਗਈ ਹੈ ਕਿ ਜਦ ਤਕ ਦਰਸ਼ਕ ਇਸ ਨੂੰ ਪਸੰ ਨਹੀਂ ਕਰਦੇ ਇਸ ਦੀ ਸਫਲਤਾ ਸੰਭਵ ਨਹੀਂ।[14]

'ਪੂਰਨ ਨਾਟਕ' ਤੋਂ ਬਾਅਦ ਈਸ਼ਵਰ ਚੰਦਰ ਨੰਦਾ ਦਾ ਨਾਟਕ 'ਸੁਭਦਰਾ' ਆਉਂ ਹੈ ਜੋ 1921 ਈ. ਵਿਚ ਪ੍ਰਕਾਸ਼ਿਤ ਹੋਇਆ। ਪਰ ਇਸ ਤੋਂ ਪਹਿਲਾਂ ਨੰਦਾ ਦੇ ਇਕਾਂਗੀ ਲੋਕਾਂ ਸਾਹਮਣੇ ਆ ਚੁਕੇ ਸਨ। 'ਦੁਲਹਨ' 1913 ਵਿਚ ਅਤੇ 'ਬੇਬੇ ਰਾ ਭਜਨੀ' 1914 ਵਿਚ ਲਿਖੇ ਗਏ। ਇਹ ਦੋਵੇਂ ਇਕਾਂਗੀਆਂ ਦਾ ਮੰਚਨ ਵੀ ਹੋਇਆ ਸੀ। 'ਦੁਲਹਨ' ਇਕਾਂਗੀ ਦਾ ਵਿਸ਼ਾ ਜਵਾਨ ਕੁੜੀ ਦੇ ਬੁੱਢੇ ਨਾਲ ਅਣਜੋੜ ਵਿਆਹ ਦੀ

ਸਮੱਸਿਆ ਹੈ। ਦੂਜਾ ਇਕਾਂਗੀ 'ਬੇਬੇ ਰਾਮ ਭਜਨੀ' ਦਾ ਵਿਸ਼ਾ ਦਾਨ ਉਤੇ ਵਿਅੰਗ ਦਾ ਹੈ। ਇਸ ਤਰ੍ਹਾਂ ਈਸ਼ਵਰ ਚੰਦਰ ਨੰਦਾ ਪਹਿਲਾ ਨਾਟਕਕਾਰ ਸੀ ਜਿਸ ਨੇ ਨਾ ਕੇਵਲ ਪੰਜਾਬੀ ਵਿਚ ਇਕਾਂਗੀ ਨਾਟਕ ਰੂਪ ਦਿੱਤਾ ਸਗੋਂ ਮੰਚਣ ਦੁਆਰਾ ਪੰਜਾਬੀ ਨਾਟਕ ਨੂੰ ਵਾਸਤਵਿਕ ਰੂਪ ਵਿਚ ਰੰਗਮੰਚ ਨਾਲ ਵੀ ਜੋੜਿਆ। ਈਸ਼ਵਰ ਚੰਦਰ ਨੰਦਾ ਨੇ ਅੰਗਰੇਜ਼ੀ ਸਾਹਿਤ ਵਿਚ ਐਮ.ਏ. ਕੀਤੀ ਸੀ। ਕੁਝ ਚਿਰ ਦਿਆਲ ਸਿੰਘ ਕਾਲਜ ਵਿਚ ਅਧਿਆਪਨ ਕਾਰਜ ਕਰਕੇ, ਬਾਅਦ ਵਿਚ ਸਰਕਾਰੀ ਕਾਲਜ ਵਿਚ ਚਲੇ ਗਏ ਸਨ। ਨੋਰਾ ਰਿਚਰਡਜ਼ ਵੱਲੋਂ ਭਾਰਤੀ ਭਾਸ਼ਾਵਾਂ ਦੇ ਡਰਾਮਿਆਂ ਦੀ ਉਤਪਤੀ ਲਈ ਬਣਾਈ ਨਾਟ-ਮੰਡਲੀ ਦੀ ਪ੍ਰੇਰਨਾ ਨੇ ਵੀ ਨੰਦਾ ਦੇ ਨਾਟਕ-ਲੇਖਣ ਨੂੰ ਪ੍ਰਭਾਵਿਤ ਕੀਤਾ ਸੀ। ਡਾ. ਜੇ. ਐਸ. ਗਰੇਵਾਲ ਹੁਰਾਂ ਦਾ ਵਿਚਾਰ ਬਿਲਕੁਲ ਠੀਕ ਹੈ ਕਿ 'ਨੰਦਾ ਦੀ ਸਫਲਤਾ ਕੇਵਲ ਇਸ ਸੇਧ ਤਕ ਹੀ ਸੀਮਿਤ ਨਹੀਂ। ਨੰਦਾ ਦਾ ਆਪਣਾ ਝੁਕਾ, ਮੁਢਲੇ ਅਨੁਭਵ, ਵਿਦਿਆ, ਨਵੇਂ ਅਵਸਰ, ਸੁਚੇਤ ਕੋਸ਼ਿਸ਼, ਵਧਦੀ ਹੋਈ ਪੱਛਮੀ ਸਿੱਖਿਆ ਅਤੇ ਵਧਦਾ ਹੋਇਆ ਨੌਕਰੀ ਪੇਸ਼ਾ ਮਧ-ਵਰਗ ਅਤੇ ਉਸ ਦੀ ਸਿਰਜਣਾਤਮਕ ਕਲਪਨਾ ਕਰਕੇ ਹੀ 'ਸੁਭਦ੍ਰਾ' ਸਾਹਿਤ ਅਤੇ ਮੰਚ ਅਨੁਕੂਲ ਨਾਟਕ ਰੂਪ ਵਿਚ ਸਫਲ ਹੋਇਆ।[15]

ਇਸ ਨਾਟਕ ਦੀ ਭੂਮਿਕਾ ਸ. ਜੋਗਿੰਦਰ ਸਿੰਘ ਦੀ ਲਿਖੀ ਹੋਈ ਹੈ। ਉਹਨਾਂ ਦਾ ਵਿਚਾਰ ਹੈ ਕਿ ਈਸ਼ਵਰ ਚੰਦਰ ਨੰਦਾ ਨਵੀਂ ਲਹਿਰ ਦੇ ਮੋਢੀ ਹਨ।[16] ਪਰ ਉਹਨਾਂ ਦਾ ਮੋਢੀ ਹੋਣਾ ਪਹਿਲੀ ਪਰੰਪਰਾ ਤੋਂ ਟੁਟਣਾ ਨਹੀਂ', ਸਗੋਂ ਪਰੰਪਰਾ ਨੂੰ ਨਵਾਂ ਰੂਪ ਦੇਣ ਵਿਚ ਹੈ ਜੋ ਤਤਕਾਲੀਨ ਯਥਾਰਥ ਨੂੰ ਪ੍ਰਗਟਾਉਣ ਦੇ ਵਧੇਰੇ ਯੋਗ ਹੋ ਸਕੇ। ਨਾਟਕ ਦਾ ਵਿਸ਼ਾ ਵਿਧਵਾ ਦੇ ਪੁਨਰ-ਵਿਆਹ ਦੀ ਸਮੱਸਿਆ ਨਾਲ ਸੰਬੰਧਿਤ ਹੈ। ਨੰਦਾ ਨੇ ਇਸ ਸਮੱਸਿਆ ਦੇ ਹੋਰ ਭੈੜੇ ਰੂਪ ਨੂੰ ਵਿਖਾਉਣ ਲਈ ਪਿੰਡ ਦੀ ਦੁਖੀ ਔਰਤ ਨੂੰ ਮੁੱਖ ਪਾਤਰ ਵਾਂਗ ਲਿਆ ਹੈ। ਜੀਵਨ ਵਿਚ ਵਿਚਰਦੇ ਪਾਤਰਾਂ ਤੋਂ ਇਲਾਵਾ ਦੋ ਪ੍ਰਵਿਰਤੀਆਂ ਦੇ ਪ੍ਰਤੀਨਿਧੀ ਪਾਤਰ ਬਿਰਜੂਸ਼ਾਹ ਅਤੇ ਪਰਮਾਨੰਦ ਹਨ। ਬਿਰਜੂਸ਼ਾਹ ਕਠੋਰ ਸੁਭਾ ਦਾ, ਸੂਦਖੋਰ, ਸਵਾ-ਰਥੀ ਅਤੇ ਪਰੰਪਰਾ ਦਾ ਧਾਰਨੀ ਪਾਤਰ ਹੈ। ਦੂਜੇ ਪਾਸੇ ਪਰਮਾਨੰਦ ਪੜ੍ਹਿਆ ਲਿਖਿਆ ਨੌਜਵਾਨ ਹੈ। ਉਹ ਨਵੇਂ ਵਿਚਾਰਾਂ ਦੀ ਪ੍ਰਤੀਨਿਧਤਾ ਕਰਦਾ ਹੈ। ਨਾਟਕ ਗੁੱਝੇ ਰੂਪ ਵਿਚ ਇਹ ਪ੍ਰਭਾਵ ਦਿੰਦਾ ਹੈ ਕਿ ਅਵਿਦਿਆ ਅਤੇ ਅੰਧ ਵਿਸ਼ਵਾਸ ਕਾਰਨ ਹੀ ਕਈ ਸਮੱਸਿਆਵਾਂ ਸਮਾਜ ਵਿਚ ਤੁਰੀਆਂ ਆ ਰਹੀਆਂ ਹਨ। ਇਹਨਾਂ ਸਮਾਜਿਕ ਸਮੱਸਿਆਵਾਂ 'ਜੋ ਦੇਸ਼ ਦੇ ਅਨੇਕਾਂ ਸਾਧਾਰਨ ਲੋਕਾਂ ਘਰੀਂ ਵਾਪਰ' ਰਹੀਆਂ ਹਨ, ਦਾ ਹੱਲ ਨਵੀਂ ਵਿਦਿਆ ਤੋਂ ਪ੍ਰਾਪਤ ਨਵੇਂ ਵਿਚਾਰਾਂ ਦਵਾਰਾ ਹੀ ਸੰਭਵ ਹੈ।

ਈਸ਼ਵਰ ਚੰਦਰ ਨੰਦਾ ਨੇ ਲੋਕ-ਪ੍ਰਿਯ ਹੋ ਰਹੇ ਸਾਹਿਤ ਰੂਪ ਨਾਟਕ ਬਾਰੇ ਲਿਖਿਆ ਹੈ... 'ਆਮ ਲੋਕਾਂ ਦੇ ਸਿਰ ਬੀਤ ਰਹੀਆਂ ਤੇ ਸਿੱਧੇ ਸਾਦੇ ਰੋਜ਼ ਦੇ ਵਾਪਰਨ ਵਾਲੇ ਮਾਮਲਿਆਂ ਦੇ ਨਕਸ਼ੇ ਬੰਨ੍ਹਣ ਤੇ ਹਾਵ-ਭਾਵ ਖੁਹਲਣ ਮਨੁੱਖ ਨੂੰ ਵਧੀਕ ਰਸ ਦਾਇਕ ਹੋ ਰਹੇ ਹਨ। ਤੇ ਨਾਟਕ ਇਸੇ ਕਰਕੇ ਇਸ ਪਾਸੇ ਆਪਣੇ ਰੰਗ ਦਿਖਾ ਰਹੇ ਹਨ।[17] ਗੁੱਝੇ ਰੂਪ ਵਿਚ ਨਾਟਕਕਾਰ ਦਾ ਮੰਤਵ ਇਹ ਹੈ ਕਿ ਨਵੇਂ ਸਾਹਿਤ ਰੂਪ ਦੇ ਵਿਕਾਸ ਦੀ ਸੰਭਾਵਨਾ ਉਸ ਦੀ

ਸਮਾਜਿਕ ਵਾਸਤਵਿਕਤਾ ਨਾਲ ਜੁੜਨ ਵਿਚ ਹੈ। ਇਸ ਲਈ ਜੀਵਨ ਦੇ ਆਮ ਖੇਤਰਾਂ ਵਿਚੋਂ ਵਿਸ਼ੇ ਲੈਣੇ ਚਾਹੀਦੇ ਹਨ। ਨੰਦਾ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ 'ਚੰਗੀ ਭਾਂਤ ਦੇ ਡਰਾਮੇ ਲਿਖੇ ਬਿਨਾਂ ਸਟੇਜ ਵੀ ਅਸਲੀ ਰੰਗ ਤੇ ਨਹੀਂ ਆ ਸਕਦਾ।'[18] ਸਪਸ਼ਟ ਹੈ ਕਿ ਨਾਟਕਕਾਰ ਦੇ ਮਨ ਵਿਚ ਰੰਗਮੰਚ ਬਾਰੇ ਵੱਖਰਾ ਸੰਕਲਪ ਹੈ, ਜੋ ਪ੍ਰਚਲਿਤ ਰੰਗਮੰਚ ਤੋਂ ਵੱਖਰਾ ਹੈ। ਉਹ ਇਸ ਗੱਲ ਉਤੇ ਪ੍ਰਸੰਨ ਹੁੰਦਾ ਹੈ ਕਿ 'ਪੰਜਾਬ ਵਿਚ ਨਾਟਕ ਵੇਖਣ ਤੇ ਕਰਨ ਦਾ ਸ਼ੌਕ ਤਾਂ ਹੋ ਆਇਆ ਹੈ, ਪਰ ਅਜੇ ਇਹ ਆਪਣੇ ਬਾਲਪੁਣੇ ਵਿਚ ਹੈ।'[19]

20ਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਪੰਜਾਬੀ ਨਾਟਕ ਦੇ ਉਦਭਵ ਲਈ ਹੋਏ ਜਤਨਾਂ ਨੂੰ ਤਤਕਾਲੀਨ ਸਮਾਜਿਕ ਰਾਜਨੀਤਕ ਸਥਿਤੀ ਦੇ ਪਰਿਪੇਖ ਵਿਚ ਰੱਖ ਕੇ ਵੇਖਣਾ ਜ਼ਰੂਰੀ ਹੈ ਤਾਂ ਜੋ ਉਹਨਾਂ ਕਾਰਜਸ਼ੀਲ ਤੱਤਾਂ ਨੂੰ ਸਮਝਿਆ ਜਾ ਸਕੇ ਜਿਨ੍ਹਾਂ ਕਰਕੇ ਨਾਟਕ ਸਾਹਿਤ ਵਿਧਾ ਦਾ ਉਦਭਵ ਵੱਖਰੇ ਰੂਪ ਵਿਚ ਹੋਇਆ।

1850 ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ। ਲਾਹੌਰ ਦੀ ਹਾਕਮ ਜਮਾਤ ਦੀ ਥਾਂ ਅੰਗਰੇਜ਼ ਦਫਤਰਸ਼ਾਹੀ ਨੇ ਲੈ ਲਈ। ਬਰਤਾਨਵੀ ਰਾਜ ਦੇ ਪ੍ਰਸ਼ਾਸਨ ਵਿਚ ਵੱਡੀ ਥਾਂ ਨਵੇਂ ਉਭਰੇ ਮੱਧ-ਵਰਗ ਨੂੰ ਮਿਲੀ। ਇਹ ਮੱਧ ਵਰਗ ਪ੍ਰਸ਼ਾਸਨ ਦੇ ਵਿਚਲੇ ਅਤੇ ਹੇਠਲੇ ਪੱਧਰ ਉਤੇ ਸੀ। ਇਹ ਮੱਧ ਵਰਗ ਕਈ ਖੇਤਰਾਂ ਵਿਚ ਹੋਏ ਸਮਾਜਿਕ ਪਰਿਵਰਤਨ ਦੇ ਨਤੀਜੇ ਵਜੋਂ ਕਈ ਪੜਾਵਾਂ ਵਿਚ ਉੱਭਰਿਆ। ਬਰਤਾਨਵੀ ਆਰਥਿਕ ਨੀਤੀ ਦੇ ਨਤੀਜੇ ਵਜੋਂ ਬਹੁਤਾ ਧਿਆਨ ਖੁਰਾਕ ਅਤੇ ਕੱਚੇ ਮਾਲ ਦੇ ਉਤਪਾਦਨ ਉਪਰ ਦਿੱਤਾ ਗਿਆ। ਦੂਜੇ ਪਾਸੇ ਭਾਰਤ ਨੂੰ ਤਿਆਰ ਚੀਜ਼ਾਂ ਦੀ ਖਪਤ ਲਈ ਮੰਡੀ ਸਮਝਿਆ ਗਿਆ ਬਾਹਰੋਂ ਤਿਆਰ ਵਸਤਾਂ ਅਤੇ ਭਾਰਤ ਵਿਚ ਵੱਡੀਆਂ ਫੈਕਟਰੀਆਂ ਲਗਣ ਨਾਲ ਹਸਤ-ਸ਼ਿਲਪ ਉਦਯੋਗ ਨੂੰ ਵੱਡੀ ਸੱਟ ਵਜੀ। ਬਸਤੀਵਾਦੀ ਸ਼ਾਸਨ ਨੇ ਭਾਰਤ ਦੀ ਆਰਥਿਕਤਾ ਨੂੰ ਦੋ ਪੱਧਰਾਂ ਉਤੇ ਤਬਾਹ ਕੀਤਾ। ਪਹਿਲਾਂ ਭਾਰਤ ਚੋਂ ਦੌਲਤ ਦੇ ਨਿਕਾਸ (drain of wealth) ਦੇ ਰੂਪ ਵਿਚ ਅਤੇ ਦੂਜੇ ਇਥੋਂ ਦੇ ਘਰੇਲੂ ਉਦਯੋਗ ਨੂੰ ਨਸ਼ਟ ਕਰਕੇ। ਇਸ ਦਾ ਮੁੱਖ ਉਦੇਸ਼ ਭਾਰਤ ਨੂੰ ਕੱਚਾ ਮਾਲ ਦੇਣ ਅਤੇ ਬਣੇ ਮਾਲ ਦੀ ਖਪਤ ਵਾਲੀ ਮੰਡੀ ਬਣਾਈ ਰਖਣਾ ਸੀ। ਨਤੀਜੇ ਵਜੋਂ ਵੱਡੀ ਜਨ ਸੰਖਿਆ ਰੋਜ਼ਗਾਰ ਤੋਂ ਖੁੰਝ ਗਈ।

ਬਰਤਾਨਵੀ ਸਿਖਿਆ ਵਿਚ ਭਾਵੇਂ ਆਧੁਨਿਕ ਵਿਗਿਆਨ ਅਤੇ ਅੰਗਰੇਜ਼ੀ ਸਿਖਿਆ ਉਪਰ ਜ਼ੋਰ ਦਿੱਤਾ ਗਿਆ ਸੀ, ਪਰ ਨਾਲ ਹੀ ਪਰੰਪਰਾਗਤ ਸਿਖਿਆ ਨੂੰ ਵੀ ਜਾਰੀ ਰਹਿਣ ਦਿੱਤਾ ਗਿਆ। ਇਸ ਤਰ੍ਹਾਂ ਨਾ ਕੇਵਲ ਆਧੁਨਿਕ ਸਿਖਿਆ ਅਤੇ ਪਰੰਪਰਾਗਤ ਸਿਖਿਆ ਹਾਸਲ ਕਰਨ ਵਾਲਿਆਂ ਵਿਚ ਸਮਾਜਿਕ ਅੰਤਰ ਉਭਰਿਆ ਸਗੋਂ ਪਰੰਪਰਾਗਤ ਸਿਖਿਆ ਦੇ ਧਰਮ ਉਪਰ ਅਧਾਰਿਤ ਹੋਣ ਕਰਕੇ ਫ਼ਿਰਕੂ ਵਖਰੇਵੇਂ ਦੀ ਭਾਵਨਾ ਦਾ ਵੀ ਵਿਕਾਸ ਹੋਇਆ। ਭਾਵੇਂ ਬਰਤਾਨਵੀ ਰਾਜ ਧਰਮ-ਨਿਰਪੇਖਤਾ ਦਾ ਦਾਅਵਾ ਕਰਦਾ ਸੀ, ਪਰ ਫੇਰ ਵੀ ਈਸਾਈ ਮਿਸ਼ਨ ਦੀਆਂ ਸਰਗਰਮੀਆਂ ਨੂੰ ਗ਼ੈਰ-ਸਰਕਾਰੀ ਉਤਸ਼ਾਹ ਪ੍ਰਾਪਤ ਹੁੰਦਾ ਰਿਹਾ। ਬਸਤੀਵਾਦੀ ਸਰਕਾਰ ਵੱਲੋਂ ਪੈਦਾ ਕੀਤੀ ਸਥਿਤੀ ਦੇ ਪ੍ਰਤੀਕਰਮ ਵਜੋਂ ਸਭ ਤੋਂ ਪਹਿਲਾਂ ਧਾਰਮਿਕ ਸੁਧਾਰ ਦੀ ਚੇਤਨਤਾ ਦਾ ਉਦਭਵ ਹੋਇਆ।

19ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਕਈ ਸੰਗਠਨ ਉਭਰੇ ਜੋ ਵਧਦੇ ਈਸਾਈ ਪ੍ਰਭਾਵ ਨੂੰ ਰੋਕਣਾ ਚਾਹੁੰਦੇ ਸਨ ਅਤੇ ਆਪਣੇ ਫਿਰਕੇ ਵਿਚ ਸਿਖਿਆ ਦਾ ਪ੍ਰਸਾਰ ਕਰਕੇ ਸਮਾਜਿਕ ਖ਼ੁਰਾਈਆਂ ਨੂੰ ਖਤਮ ਕਰਨਾ ਚਾਹੁੰਦੇ ਸਨ। ਇਨ੍ਹਾਂ ਪਿਛੇ ਕੋਈ ਰਾਜਨੀਤਕ ਚੇਤਨਤਾ ਨਹੀਂ ਸੀ। ਇਹਨਾਂ ਸੰਗਠਨਾਂ ਦੇ ਨੇਤਾ ਮੁਖ ਤੌਰ ਉਪਰ ਪੇਸ਼ਾਵਰ ਅਤੇ ਵਿਉਪਾਰਕ ਮੱਧ ਵਰਗ ਨਾਲ ਸੰਬੰਧਿਤ ਸਨ। ਇਸ ਨਾਲ 1881 ਵਿਚ ਭਾਸ਼ਾ ਦਾ ਮਸਲਾ ਵੀ ਜੁੜ ਗਿਆ। ਉਰਦੂ ਦੀ ਥਾਂ ਹਿੰਦੀ ਨੂੰ ਦਫਤਰੀ ਭਾਸ਼ਾ ਬਨਾਉਣ ਲਈ ਕੁਝ ਹਿੰਦੂ ਨੇਤਾਵਾਂ ਨੇ ਹੰਟਰ ਕਮਿਸ਼ਨ ਕੋਲ ਬੇਨਤੀ ਕੀਤੀ। ਅੰਜੁਮਨੇ ਇਸਲਾਮੀਆ ਨੇ ਇਸ ਦਾ ਡਟਵਾਂ ਵਿਰੋਧ ਕੀਤਾ। ਪੰਜਾਬੀ ਭਾਸ਼ਾ ਦੀ ਪ੍ਰੈਸ ਨੇ ਵੀ ਇਸ ਦਾ ਵਿਰੋਧ ਕੀਤਾ। ਉਹਨਾਂ ਅਨੁਸਾਰ ਪੰਜਾਬੀ ਪੰਜਾਬ ਵਿਚ ਰਹਿੰਦੇ ਤਿੰਨੇ ਫਿਰਕਿਆਂ ਦੀ ਜ਼ਬਾਨ ਸੀ। 1909 ਵਿਚ ਜਦੋਂ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਪੀ. ਸੀ. ਚੈਟਰਜੀ ਨੇ ਪੰਜਾਬੀ ਨੂੰ ਦਫਤਰੀ ਭਾਸ਼ਾ ਵਜੋਂ ਮਾਨਤਾ ਦੇਣ ਦੀ ਸਲਾਹ ਦਿੱਤੀ ਤਾਂ ਮੁਹੰਮਦ ਇਕਬਾਲ ਵਰਗੇ ਮੁਸਲਮਾਨ ਨੇਤਾਵਾਂ ਨੇ ਇਸ ਦਾ ਵਿਰੋਧ ਕੀਤਾ। ਨਤੀਜੇ ਵਜੋਂ ਉਰਦੂ ਭਾਸ਼ਾ ਦਫ਼ਤਰੀ ਭਾਸ਼ਾ ਬਣੀ ਰਹੀ। ਪਰ ਵੀਹਵੀਂ ਸਦੀ ਦੇ ਆਰੰਭ ਵਿਚ ਇਹ ਸੰਗਠਨ ਰਾਜਨੀਤੀ ਦੇ ਖੇਤਰ ਵਿਚ ਵੀ ਦਾਖਲ ਹੋਣ ਲਗ ਪਏ ਸਨ। ਮੱਧ ਵਰਗ ਦੇ ਨੇਤਾ ਉਸ ਸਮੇਂ ਦੇ ਸੰਕਟ ਤੋਂ ਨਿਕਲਣਾ ਤਾਂ ਚਾਹੁੰਦੇ ਸਨ ਪਰ ਕੋਈ ਸਪਸ਼ਟ ਰਾਜਨੀਤਕ ਚੇਤਨਤਾ ਨਾ ਹੋਣ ਕਰਕੇ ਉਹ ਬਸਤੀਵਾਦੀ ਸਰਕਾਰ ਦੇ ਖਿਲਾਫ ਲੋਕਾਂ ਨੂੰ ਲਾਮਬੰਦ ਕਰਨ ਦੀ ਥਾਂ ਫ਼ਿਰਕਾਪ੍ਰਸਤ ਆਧਾਰ ਉਪਰ ਹੀ ਉਲਝ ਪੈਂਦੇ ਸਨ। ਇਹਨਾਂ ਦੀ ਕਮਜ਼ੋਰੀ ਸਮਝਦਿਆਂ ਬਰਤਾਨਵੀ ਸਰਕਾਰ ਨੇ ਰਾਜ ਨੂੰ ਕਾਇਮ ਰੱਖਣ ਲਈ ਇਹਨਾਂ ਵਿਚ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ। ਲੈਂਡ ਐਲੀਨੇਸ਼ਨ ਐਕਟ 1901 ਦੇ ਪ੍ਰਤੀਕਰਮ ਵਜੋਂ ਵਕੀਲ, ਸ਼ਾਹੂਕਾਰ ਅਤੇ ਹਿੰਦੂ ਵਿਉਪਾਰਕ ਮੱਧ-ਵਰਗ ਨੇ ਫਿਰਕੂ ਲੀਹਾਂ ਉਤੇ ਇਸ ਦਾ ਵਿਰੋਧ ਕੀਤਾ। ਸਰਕਾਰ ਦੀ ਫਿਰਕੂ ਅਧਾਰ ਉੱਤੇ ਵੰਡਣ ਦੀ ਨੀਤੀ ਦੇ ਸਿੱਟੇ ਵਜੋਂ ਕਈ ਫਿਰਕੂ ਰਾਜਨੀਤਕ ਪਾਰਟੀਆਂ ਉਭਰੀਆਂ। 1906 ਵਿਚ ਮੁਸਲਿਮ ਲੀਗ ਅਤੇ 1907 ਵਿਚ ਹਿੰਦੂ ਸਭਾ ਹੋਂਦ ਵਿਚ ਆਈ। ਫਿਰਕੇ ਦੇ ਆਧਾਰ ਉਤੇ ਚੋਣ-ਖੇਤਰਾਂ ਦੀ ਵੰਡ ਨੇ ਫਿਰਕੂ ਰਾਜਨੀਤੀ ਨੂੰ ਹੋਰ ਤਿੱਖਾ ਕੀਤਾ। ਕਿਉਂਕਿ ਵੋਟ ਦੇਣ ਦਾ ਆਧਾਰ ਜਾਇਦਾਦ ਅਤੇ ਵਿਦਿਅਕ ਯੋਗਤਾ ਉਪਰ ਆਧਾਰਤ ਸੀ ਇਸ ਲਈ ਮੱਧ ਅਤੇ ਉਪਰਲੇ ਵਰਗ ਦੇ ਲੋਕਾਂ ਤਕ ਹੀ ਮੱਧ ਵਰਗ ਦੇ ਨੇਤਾਵਾਂ ਦੀ ਪਹੁੰਚ ਸੀ। ਦੂਜੇ ਪਾਸੇ ਫਿਰਕੂ ਆਧਾਰ ਉੱਤੇ ਚੋਣਾਂ ਹੋਣ ਕਰਕੇ ਇਹਨਾਂ ਦਾ ਘੇਰਾ ਹੋਰ ਵੀ ਸੌੜਾ ਸੀ। ਨਤੀਜੇ ਵਜੋਂ ਕੌਮੀ ਪੱਧਰ ਉਪਰ ਰਾਜਨੀਤਕ ਲਹਿਰ ਦਾ ਉਭਾਰ ਪਿਛੜ ਗਿਆ।

ਇਸ ਤਰ੍ਹਾਂ ਅਸੀਂ ਵੇਖਦੇ ਹਾ ਕਿ ਬਸਤੀਵਾਦ ਆਰਥਿਕ ਨੀਤੀਆਂ ਦੇ ਨਤੀਜੇ ਵਜੋਂ ਆਏ ਸਮਾਜਿਕ ਪਰਿਵਰਤਨ ਵਿਚੋਂ ਮੱਧ-ਵਰਗ ਉੱਭਰਿਆ। ਮੱਧ-ਵਰਗ ਦਾ ਵਿਕਾਸ ਅੱਡ ਅੱਡ ਸਮੇਂ ਪੈਦਾ ਹੋਏ ਮੌਕਿਆਂ ਕਰਕੇ ਹੋਇਆ। ਇਸ ਵਿਚ ਉਹ ਸਮਾਜ ਦੇ ਵੱਖੋ-ਵੱਖਰੇ ਹਿੱਸਿਆ ਵਿਚੋਂ ਆਏ ਹੋਣ ਕਰਕੇ, ਮੱਧ-ਵਰਗ ਦਾ ਖਾਸਾ ਬੜਾ ਗੁੰਝਲ-ਦਾਰ ਸੀ। ਇਸੇ ਲਈ ਨਵੀਂ ਵਿਦਿਆ ਪ੍ਰਾਪਤ ਇਸ ਮੱਧ-ਵਰਗ ਦਾ ਸਮਾਜਿਕ

ਰਾਜਨੀਤਕ ਪ੍ਰਤਿਕਰਮ ਸਰਲ ਨਹੀਂ ਸੀ । ਜਿਥੇ ਇਹ ਬਰਤਾਨਵੀ ਰਾਜ ਦੀ ਸੁਰੱਖਿਆ ਦਾ ਵੱਡਾ ਹਥਿਆਰ ਸੀ ਉਥੇ ਤਤਕਾਲੀਨ ਸਥਿਤੀਆਂ ਦੇ ਪ੍ਰਤੀਕਰਮ ਵਜੋਂ ਆਪਣੇ ਦੀ ਪਛਾਣ ਅਤੇ ਉਸਦੇ ਗੌਰਵ ਨੂੰ ਉਭਾਰਨ ਵਲ ਰੁਚਿਤ ਹੋਇਆ । ਧਰਮ ਸੁਧਾਰ ਦੀਆਂ ਲਹਿਰਾਂ ਇਸ ਮਧ-ਵਰਗ ਦੀ ਦੇਣ ਹੈ । ਬਾਅਦ ਦੀ ਕੌਮੀ ਰਾਜਨੀਤਕ ਲਹਿਰ ਅਤੇ ਫਿਰਕੂ ਰਾਜਨੀਤੀ ਦੋਵਾਂ ਵਿਚ ਇਹੀ ਮੱਧ-ਵਰਗ ਸਰਗਰਮ ਸੀ । ਇਹ ਮੱਧ-ਵਰਗ ਪ੍ਰਚਲਿਤ ਸਮਾਜਿਕ ਬੁਰਾਈਆਂ ਤੋਂ ਅਸੰਤੁਸ਼ਟ ਸੀ । ਉਹ ਮਹਿਸੂਸ ਕਰਦਾ ਸੀ ਕਿ ਪਰੰਪਰਾਗਤ ਸਮਾਜਿਕ ਕੀਮਤਾਂ ਤੋਂ ਟੁੱਟਿਆ ਜਾਵੇ ਅਤੇ ਨਵੀਆਂ ਕੀਮਤਾਂ ਨੂੰ ਸਿਰਜਿਆ ਜਾਵੇ । ਸਾਹਿਤ ਦੇ ਖੇਤਰ ਵਿਚ ਵੀ ਇਸ ਜਟਿਲ ਮਾਨਸਿਕਤਾ ਨੂੰ ਪ੍ਰਗਟਾਉਣ ਦੀ ਚੇਸ਼ਟਾ ਸ਼ੁਰੂ ਹੋਈ । ਇਸ ਲਈ ਨਵੇਂ ਸਾਹਿਤ-ਰੂਪ ਸਿਰਜਨ ਦੇ ਜਤਨ ਕੀਤੇ ਗਏ ।

ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੇ ਨਾਟਕਕਾਰਾਂ ਦੇ ਵਿਸ਼ੇ ਆਮ ਤੌਰ ਉਪਰ ਮਧ-ਵਰਗ ਨਾਲ ਸੰਬੰਧਿਤ ਹਨ । ਪੜ੍ਹੇ ਲਿਖੇ ਨੌਜਵਾਨ ਪੜ੍ਹੀ ਲਿਖੀ ਕੁੜੀ ਨੂੰ ਜੀਵਨ ਸਾਥਣ ਬਨਾਉਣ ਨੇ ਇਛੁੱਕ ਹਨ । ਚੰਦਰ ਹਰਿ ਅਜਿਹਾ ਪਾਤਰ ਹੈ, ਜੋ ਅਨਪੜ੍ਹ ਪਤਨੀ ਦੇ ਹੁੰਦਿਆਂ ਵੀ ਪੜ੍ਹੀ ਲਿਖੀ ਰੂਪ ਕੁਮਾਰੀ ਨਾਲ ਪ੍ਰੇਮ ਅਤੇ ਵਿਆਹ ਕਰਦਾ ਹੈ । ਉਸ ਸਮੇਂ ਅਣਜੋੜ ਵਿਆਹ ਦਾ ਮਸਲਾ ਵੀ ਉਭਾਰਿਆ ਜਾਂਦਾ ਹੈ । ਬਿਰਧ ਆਦਮੀ ਨਾਲ ਨੌਜਵਾਨ ਕੁੜੀ ਦਾ ਵਿਆਹ ਕਈ ਸਮਾਜਿਕ ਬੁਰਾਈਆਂ ਨੂੰ ਜਨਮ ਦੇਂਦਾ ਹੈ । ਪਰ ਇਸ ਨਵੇਂ ਉਭਰੇ ਮੱਧ-ਵਰਗ ਦੇ ਔਰਤ-ਮਰਦ ਲਈ ਮਾਨਦੰਡ ਵੱਖਰੇ ਹਨ । ਇਕ ਪੜ੍ਹਿਆ ਲਿਖਿਆ ਵਿਅਕਤੀ ਪੜ੍ਹੀ ਲਿਖੀ ਕੁੜੀ ਲਈ ਅਨਪੜ੍ਹ ਨੂੰ ਤਿਆਗ ਸਕਦਾ ਹੈ ਪਰ ਇਕ ਔਰਤ ਬਾਰੇ ਉਭਰਿਆ ਮਨ ਵਿਚ ਸ਼ੱਕ ਵੀ ਉਸਨੂੰ ਨਹੀਂ ਬਖਸ਼ਦਾ । ਔਰਤ ਦਾ ਧਰਮ ਤੁਸ ਦੇ ਪ੍ਰਤੀਬ੍ਰਤ ਹੋਣ ਵਿਚ ਹੀ ਹੈ । ਚੰਦਰ ਹਰਿ ਦੀ ਨਾਇਕਾ ਰੂਪ ਕੁਮਾਰੀ ਜਦੋਂ ਰੂਪ ਕੌਰ ਬਣਕੇ ਨਾਟਕ ਦੀ ਮੁਖ ਪਾਤਰ ਦੇ ਰੂਪ ਵਿਚ ਉਭਰਦੀ ਹੈ ਤਾਂ ਇਹ ਅਸਾਵੇਂ ਮਧ-ਵਰਗੀ ਮਾਨਦੰਡਾਂ ਦਾ ਪਤਾ ਚਲਦਾ ਹੈ । ਇਹਨਾਂ ਸਾਰੇ ਨਾਟਕਾਂ ਵਿਚ ਨੈਤਿਕਤਾ ਉਤੇ ਜ਼ੋਰ ਦਿੱਤਾ ਗਿਆ ਹੈ । ਚੰਦਰ ਹਰਿ, ਰੂਪ ਕੌਰ, ਰਾਜਾ ਲਖਦਾਤਾ ਸਿੰਘ, ਪੂਰਨ, ਸੁੰਦਰ ਲਾਲ-ਇਹ ਸਾਰੇ ਪਾਤਰ ਨੈਤਿਕਤਾ ਦੀ ਚੰਗੀ ਮਿਸਾਲ ਪੇਸ਼ ਕਰਦੇ ਹਨ । ਇਹ ਤੱਥ ਸਮਾਜ ਦੇ ਮੱਧ-ਵਰਗ ਵਿਚ ਆਏ ਨੈਤਿਕ ਪਤਨ ਵੱਲ ਵੀ ਸੰਕੇਤ ਕਰਦੇ ਹਨ । ਸਰਕਾਰੀ ਪ੍ਰਸ਼ਾਸਨ ਵਿਚ ਇਹਨਾਂ ਦੀ ਵਧਦੀ ਤਾਕਤ ਇਹਨਾਂ ਦੇ ਮਾੜੇ ਚਰਿਤਰ ਦਾ ਕਾਰਨ ਹੈ । ਲਗਪਗ ਸਾਰੇ ਨਾਟਕਾਂ ਵਿਚ ਮੱਧ-ਵਰਗ ਅਤੇ ਉਪਰਲੇ-ਵਰਗ ਦੇ ਲੋਕਾਂ ਦੇ ਦੁਰਾਚਾਰ ਨੂੰ ਪ੍ਰਗਟਾਇਆ ਗਿਆ ਹੈ । ਬਾਵਾ ਬੁਧ ਸਿੰਘ ਦੇ ਨਾਟਕ ਚੰਦਰ ਹਰਿ ਦਾ ਪੂਰਾ ਨਾਂ 'ਚੰਦਰ ਹਰਿ ਅਥਵਾ ਕਰਤੂਤਾਂ ਦੀ ਲੜੀ ਹੈ ।' 'ਰਾਜਾ ਲਖਦਾਤਾ ਸਿੰਘ' ਵਿਚ ਵੀ ਅਮੀਰਾਂ ਦੇ ਵਿਲਾਸਤਾ ਪੂਰਨ ਜੀਵਨ ਨੂੰ ਉਘਾੜਿਆ ਗਿਆ ਹੈ । ਮਨਮੋਹਨ ਸਿੰਘ ਤੇ ਉਸ ਦਾ ਆਰੰਭਿਕ ਆਲਾ-ਦੁਆਲਾ ਇਸੇ ਸਮਾਜਿਕ ਬੁਰਾਈਆਂ ਦੀ ਦਲਦਲ ਹੈ ਜਿਸ ਵਿਚੋਂ ਮਨਮੋਹਨ ਸਿੰਘ ਗੁਰ ਸਿੱਖੀ ਦੁਆਰਾ ਬਾਹਰ ਨਿਕਲਦਾ ਹੈ । ਨੈਤਿਕਤਾ ਉਤੇ ਬਲ ਅਤੇ ਸਮਾਜਿਕ ਬੁਰਾਈਆਂ ਦਾ ਇਕ ਹੋਰ ਵੀ ਪੱਖ ਹੈ । ਜਿਥੇ ਮੱਧ-ਵਰਗ ਦੇ ਲੇਖਕਾਂ ਦਾ ਮੰਤਵ ਮੱਧ-ਵਰਗ ਵਿਚ ਪ੍ਰਚਲਤ ਸਮਾਜਿਕ ਬੁਰਾਈਆਂ ਦੇ ਰੂਪ ਵਿਚ ਤਤਕਾਲੀਨ ਸਥਿਤੀ ਨੂੰ ਵੇਖਣਾ ਹੈ ਉਥੇ

ਉਸ ਤੋਂ ਬਚਨ ਲਈ ਵਿਅਕਤੀਗਤ ਨੈਤਿਕ ਆਧਾਰ ਨੂੰ ਹੀ ਕਾਫੀ ਸਮਝਦਾ ਹੈ । ਮੱਧ-ਵਰਗ ਨੂੰ ਬਸਤੀਵਾਦੀ ਹਕੂਮਤ ਵੱਲੋਂ ਪੈਦਾ ਕੀਤੀ ਸਥਿਤੀ ਸਪਸ਼ਟ ਨਹੀਂ ਹੈ । ਇਸੇ ਲਈ ਉਸਦੇ ਪ੍ਰਤੀਕਰਮ ਕਈ ਤਰ੍ਹਾਂ ਦੇ ਹਨ । ਰਾਜਾ ਲਖਦਾਤਾ ਸਿੰਘ ਜਦੋਂ ਵਿਅਕਤੀਗਤ ਕੋਸ਼ਿਸ਼ਾਂ ਕਰਕੇ ਥੱਕ ਜਾਂਦਾ ਹੈ ਤਾਂ ਉਹ ਸਮਝਦਾ ਹੈ ਕਿ ਇਸ ਸਮੱਸਿਆ ਦਾ ਹੱਲ ਵਿਦਿਆ ਦੁਆਰਾ ਹੀ ਸੰਭਵ ਹੈ । ਮਨਮੋਹਨ ਸਿੰਘ ਸਿੱਖੀ ਮਰਯਾਦਾ ਦੁਆਰਾ ਆਪਣਾ ਸੁਧਾਰ ਕਰਦਾ ਹੈ । ਉਹ ਨੈਤਿਕ ਤੇ ਧਾਰਮਿਕ ਸੁਧਾਰ ਲਈ ਅੰਗਰੇਜ਼ੀ ਸਰਕਾਰ ਦੀ ਸਹਾਇਤਾ ਲੈਣ ਦੀ ਗੱਲ ਵੀ ਕਰਦਾ ਹੈ । ਸੁਭੱਦਰਾ ਦੇ ਵਿਧਵਾ ਹੋਣ ਅਤੇ ਸਮਾਜਿਕ ਬੁਰਾਈਆਂ ਦੇ ਸ਼ਿਕਾਰ ਹੋਣ ਤੋਂ ਸੁੰਦਰ ਵਰਗਾ ਪੜ੍ਹਿਆ ਲਿਖਿਆ ਵਿਅਕਤੀ ਹੀ ਬਚਾ ਸਕਦਾ ਹੈ । ਸਾਰੇ ਮੱਧ-ਵਰਗ ਦੇ ਸਾਂਝੇ ਹਿੱਤਾਂ ਬਾਰੇ ਵੀ ਇਹਨਾਂ ਨਾਟਕਾਂ ਤੋਂ ਸੰਕੇਤ ਮਿਲਦੇ ਹਨ । ਪਰਮਾਨੰਦ ਆਪਣੀ ਵਿਧਵਾ ਭੈਣ ਨਾਲ ਹੁੰਦੇ ਭੈੜੇ ਸਮਾਜਿਕ ਸਲੂਕ ਤੋਂ ਦੁਖੀ ਹੁੰਦਾ ਹੈ ਅਤੇ ਉਸ ਨੂੰ ਆਪਣੇ ਪੜ੍ਹੇ ਲਿਖੇ ਦੋਸਤ ਸੁੰਦਰ ਲਾਲ ਨਾਲ ਵਿਆਹ ਦਿੰਦਾ ਹੈ ਪਰ ਬਿਰਜੂ ਸ਼ਾਹ ਵਲੋਂ ਰੂੜ ਸਿੰਘ ਵਰਗੇ ਲੋਕਾਂ ਦੀ ਲੁਟ ਉਸ ਨੂੰ ਨਜ਼ਰ ਨਹੀਂ ਆਉਂਦੀ ।

ਮੱਧ-ਵਰਗ ਦਾ ਪੁਰਾਣੀਆਂ ਜੀਵਨ ਕੀਮਤਾਂ ਪ੍ਰਤੀ ਕੋਈ ਲਗਾਵ ਨਹੀਂ, ਉਹ ਨਵੀਆਂ ਕੀਮਤਾਂ ਨੂੰ ਸਿਰਜਦੇ ਅਤੇ ਅਪਨਾਉਣਾ ਚਾਹੁੰਦੇ ਹਨ । ਮੱਧ-ਵਰਗ ਦੇ ਬਹੁਤ ਸਾਰੇ ਲੋਕ ਜਿਥੇ ਕੰਜਰੀਆਂ ਦਾ ਮੁਜਰਾ ਪਸੰਦ ਕਰਦੇ ਹਨ, ਉਥੇ ਚੰਦਰ ਹਰਿ ਇਸ ਨੂੰ ਭੈੜਾ ਸਮਝਦਾ ਹੈ । ਉਨੀਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਪਾਰਸੀ ਨਾਟਕ ਕੰਪਨੀਆਂ ਦੀ ਪ੍ਰਸਿੱਧੀ ਪਿਛੇ ਮੱਧ-ਵਰਗ ਦੀਆਂ ਪਰੰਪਰਾਗਤ ਕਦਰਾਂ ਕੀਮਤਾਂ ਨੂੰ ਤਿਆਗਣਾ ਅਤੇ ਨਵੀਆਂ ਨੂੰ ਅਪਨਾਉਣ ਦੀ ਕਸ਼ਮਕਸ਼ ਵੀ ਹੈ । ਮਧ-ਵਰਗ ਸਾਹਿਤ ਵਿਚ ਵੀ ਨਵੇਂ ਸਾਹਿਤ-ਰੂਪ ਲਿਆਉਣ ਦਾ ਚਾਹਵਾਨ ਸੀ । ਰਾਜਾ ਲਖਦਾਤਾ ਸਿੰਘ ਇਸ਼ਕੀਆ ਵਿਸ਼ੇ ਵਿਕਾਰਾਂ ਵਾਲੇ ਕਿੱਸੇ ਤੇ ਗੀਤ ਛੱਡ ਕਵਿਤਾ ਦੇ ਪਵਿੱਤਰ ਕੰਮ ਨੂੰ ਪੰਥ ਤੇ ਕੌਮ ਦੇ ਲਈ ਲਾਉਣ ਦੀ ਸਿੱਖਿਆ ਦਿੰਦਾ ਹੈ । ਪੰਜਾਬੀ ਨਾਟਕ ਦੇ ਉਦਭਵ ਨੂੰ ਇਸੇ ਪਰਿਪੇਖ ਵਿਚ ਵੇਖਣਾ ਚਾਹੀਦਾ ਹੈ ।

ਹਵਾਲੇ ਅਤੇ ਟਿੱਪਣੀਆਂ

1. ਮਨਜੀਤ ਪਾਲ ਕੌਰ (ਡਾ.), 'ਪੰਜਾਬੀ ਨਾਟਕ ਦਾ ਉਦਭਵ', **ਆਲੋਚਨਾ,** 52
2. J. S. Grewal (Dr.), 'The Emergence of Punjabi Drama : A Cultural Response to Colonial Rule,' 136.
3. ਅਰੂੜ ਸਿੰਘ ਤਾਇਬ, **ਸੁੱਕਾ ਸਮੁੰਦਰ**, ਪੰਜਾਬ ਕਮਰਸ਼ਲ ਪ੍ਰੈਸ, ਅੰਮ੍ਰਿਤਸਰ, ਮ.ਨ. 22

4. ਗੁਰਬਖਸ਼ ਸਿੰਘ, 'ਬਿਨਯ', **ਨਾਟਕ ਮਨਮੋਹਨ ਸਿੰਘ**, ਪੰਜਾਬ ਕਮਰਸ਼ਅਲ ਪ੍ਰੈਸ, ਅੰਮ੍ਰਿਤਸਰ, ਮ.ਨ.

5. -ਉਹੀ- 50

6. -ਉਹੀ- 50

7. -ਉਹੀ- 6, 42, 43

8. ਮਨਜੀਤ ਪਾਲ ਕੌਰ, 'ਪੰਜਾਬੀ ਨਾਟਕ ਦਾ ਉਦਭਵ', **ਆਲੋਚਨਾ**, 55

9. ਬ੍ਰਿਜ ਲਾਲ ਸ਼ਾਸਤ੍ਰੀ, 'ਭੂਮਿਕਾ', **ਪੂਰਨ ਨਾਟਕ**, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮ.ਨ., 'ਏ'

10. J. S. Grewal (Dr.), 'The Emergence of Punjabi Drama : A Cultural Response to Colonial Rule', 144.

11. Ibid, 145.

12. ਬ੍ਰਿਜ ਲਾਲ ਸ਼ਾਸਤ੍ਰੀ, **ਪੂਰਨ ਨਾਟਕ**, 2

13. -ਉਹੀ- 3

14. -ਉਹੀ- 3

16. J. S. Grewal (Dr.), 'The Emergence of Punjabi Drama : A Cultural Response to Colonial Rule', 154.

16. ਈਸ਼ਵਰ ਚੰਦਰ ਨੰਦਾ, **ਸੁਭੱਦਰਾ**, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮ.ਨ.

17. -ਉਹੀ- 'ਮੁਖਬੰਦ'

18. -ਉਹੀ-, 'ਮੁਖਬੰਦ'

19. -ਉਹੀ- 'ਮੁਖਬੰਦ'


ਮੰਡਲੀਆਂ 'ਤਿਮਾਹੀਨਾਮਾ' ਵਿਚ ਛਾਪਣ ਹਿਤ ਆਪਣੀਆਂ ਪੇਸ਼ਕਾਰੀਆਂ ਬਾਰੇ ਜਾਣਕਾਰੀ ਇਸ ਪ੍ਰੋਫਾਰਮੇ ਅਨੁਸਾਰ ਭੇਜਣ :

ਮਿਤੀ.................... ਸਥਾਨ..................

ਮੰਡਲੀ ਦਾ ਨਾਮ..............................

ਨਾਟਕ ਦਾ ਨਾਮ....................ਲੇਖਕ.............. ਨਿਰਦੇਸ਼ਕ..........

ਦਸਤਖਤ : ਪਤਾ :



ਰੱਤਾ ਸਾਲੂ

ਉਨੱਤੀ ਨਵੰਬਰ ਨੂੰ ਪੰਜਾਬੀ ਅਕਾਦਮੀ ਦਿੱਲੀ ਦੇ ਯੂਥ ਵਿੰਗ ਵਲੋਂ ਹਿਮਾਚਲ ਭਵਨ ਦੇ ਹਾਲ ਵਿਚ "ਰੱਤਾ ਸਾਲੂ" ਦੀ ਪੇਸ਼ਕਾਰੀ ਹੋਈ। ਹਰਚਰਨ ਸਿੰਘ ਹੋਰਾਂ ਦੇ ਲਿਖੇ ਇਸ ਨਾਟਕ ਵਿਚ ਜਗੀਰਦਾਰੀ ਨਿਜ਼ਾਮ ਵਿਚ ਪਿਸ ਰਹੇ ਇਕ ਆਮ ਕਿਸਾਨ ਦੀ ਗਾਥਾ ਹੈ। ਅਜੋਕ ਸਮੇਂ ਵਿਚ ਇਹ ਕੁਝ ਅਤਕਥਨੀ ਲੱਗਦੀ ਹੈ, ਪਰ ਆਮ ਤੌਰ ਤੇ ਸਮਾਜ ਵਿਚ ਆਮ ਮਨੁੱਖ ਨਾਲ ਹੁੰਦੇ ਦੁਰਾਚਾਰ ਦੇ ਪ੍ਰਤੀਕ ਦੇ ਤੌਰ ਤੇ ਇਹ ਥੀਮ ਹਾਲੇ ਵੀ ਸਾਨੂੰ ਕੁਝ ਟੁੰਬਣ ਦੇ ਸਮਰੱਥ ਹੈ। ਹਾਕਮ, ਸਰਮਾਏਦਾਰ ਵਰਗ ਵਲੋਂ ਹੁੰਦੇ ਅਤਿਆ-ਚਾਰ ਨੂੰ ਨਾਟਕ ਬੜੇ ਮਾਰਮਿਕ ਢੰਗ ਨਾਲ ਸਾਕਾਰ ਕਰਦਾ ਹੈ। ਅਖ਼ੀਰ ਵਿਚ ਇਸ ਵਿਰੁੱਧ ਜੂਝਦੇ ਜੋਗਾ ਸਿੰਘ ਦੀ ਮੌਤ ਹੋ ਜਾਂਦੀ ਹੈ। ਇਹ "ਦਿਖਾਉਣ" ਤੋਂ ਬਾਆਦ ਨਾਟਕ ਕੇਵਲ ਪਿੱਠ ਭੂਮੀ ਵਿਚੋਂ ਉਭਰਦੀਆਂ ਆਵਾਜ਼ਾਂ ਰਾਹੀਂ ਹੀ ਇਹ "ਸੁਣਾਉਂਦਾ" ਹੈਂ ਕਿ ਇਸ ਤੋਂ ਬਾਅਦ ਜਾਗਰਤੀ ਦੀ ਲਹਿਰ ਉੱਠੀ ਜਿਸਨੇ ਬਿਸਵੇਦਾਰੀ ਜਿਹੀ ਲਾਹਨਤ ਤੋਂ ਸਮਾਜ ਨੂੰ ਨਜਾਤ ਦਿਵਾਈ। ਇਉਂ "ਬੋਲ ਉਚਾਰ" ਰਾਹੀ ਨਾਟਕ ਆਪਣੇ "ਪੇਸ਼-ਰੂਪ" ਵਿਚੋਂ ਪੈਦਾ ਹੋਈ ਪੀੜ ਤੋਂ ਦਰਸ਼ਕਾਂ ਨੂੰ ਉਭਾਰਨ ਦਾ ਅਨਾਟਕੀ ਜਤਨ ਕਰਦਾ ਹੋਇਆ ਇਕ ਤਰ੍ਹਾਂ ਨਾਲ ਨਾਟਕੀ ਅਨੁਭਵ ਨੂੰ ਖੰਡਿਤ ਕਰਦਾ ਹੈ। ਨਾਟਕ ਚੰਗੀ ਤਰ੍ਹਾਂ "ਖੇਡਿਆ ਗਿਆ" ਅਤੇ "ਪਚਾਇਆ ਗਿਆ" ਮੰਨ ਕੇ ਦਰਸ਼ਕ ਪੱਲਾ ਝਾੜ ਘਰ ਨੂੰ ਮੁੜਦਾ ਹੈ।

ਇਸੇ ਤਰ੍ਹਾਂ ਕਮਜ਼ੋਰ ਸਕਰਿਪਟ ਕਾਰਨ ਬਹੁਤੀ ਵਾਰੀ ਨਾਟਕ ਵਿਚ ਲੰਮੇ ਭਾਸ਼ਣੀ ਨਾਹਰੇ ਵਜਦੇ ਪ੍ਰਤੀਤ ਹੁੰਦੇ ਹਨ। ਲੋੜ ਮੁਤਾਬਕ ਪਾਤਰਾਂ ਦੀ ਆਮਦ ਤੇ ਨਿਕਾਸ (ਨਾ ਕਿ ਕਿਸੇ ਪੀਡੇ ਕਰਮ-ਵਿਧਾਨ ਦੇ ਹੁਕਮ ਅਨੁਸਾਰ) ਵੀ ਇਸ ਨਾਟਕ ਦੀਆਂ ਲਿਖਿਤ-ਰੂਪ ਦੀਆਂ ਕਮਜ਼ੋਰੀਆਂ ਹਨ ਜਿਨ੍ਹਾਂ ਕਰਕੇ ਬਹੁਤੀ ਵਾਰੀ ਦਰਸ਼ਕ ਮੁਸਕੜੀਆਂ ਭਰਦਾ ਹੈ ਤੇ ਝਟ ਕੁ ਮਗਰੋਂ ਹੋਣ ਵਾਲੇ ਕਰਮ ਬਾਰੇ ਪਹਿਲਾਂ ਹੀ ਕਿਆਸ ਕਰਨ ਲਗ ਜਾਂਦਾ ਹੈ— ਤੇ ਫੇਰ ਇਹ ਸਭ ਕੁਝ ਇਕ ਖੇਡ ਬਣ ਜਾਂਦਾ ਹੈ।

ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਅਨਿਲ ਗੁਪਤਾ ਦੀ ਹਦਾਇਤਕਾਰੀ ਵਿਚ ਇਸ ਨਾਟਕ ਦੀ ਪੇਸ਼ਕਾਰੀ ਚੰਗੀ ਰਹੀ। ਸਟੇਜ ਨੂੰ ਨੂੰ ਤਿੰਨ ਟੋਟਿਆਂ ਵਿਚ ਵੰਡ ਨੇ ਅਨਿਲ ਨੇ ਰੋਸ਼ਨੀ ਬੰਦ ਕਰਕੇ ਅਤੇ ਖੋਲ੍ਹ ਕੇ ਨਾਟਕੀ ਕਾਰਜ ਦੀ ਨਿਰੰਤਰਤਾ ਕਾਇਮ ਰੱਖੀ। ਇਉਂ ਨਾਟਕ ਇਕ ਤਿੱਖੀ ਤੋਰ ਤੁਰਦਾ ਰਿਹਾ। ਇਸ ਵਿਚ ਅਦਾਕਾਰਾਂ ਦੀ ਰਵਾਨਗੀ ਭਰਪੂਰ, ਸਪਸ਼ਟ ਅਤੇ ਸ਼ੁੱਧ ਪੰਜਾਬੀ ਡਾਇਲਾਗਾਂ ਦੀ ਅਦਾਇਗੀ ਨੇ ਵੀ

ਬਹੁਤ ਮਦਦ ਕੀਤੀ। ਪਾਤਰਾਂ ਅਨੁਕੂਲ ਅਦਾਕਾਰਾਂ ਦੀ ਚੋਣ ਦਾ ਵੀ ਇਸ ਤੇਜ਼ ਗਤੀ ਨੂੰ ਬਰਕਰਾਰ ਰੱਖਣ ਅਤੇ ਭਾਸ਼ਣੀ ਬੋਲਾਂ ਨੂੰ ਸਮੂਰਤ ਕਰਨ ਵਿਚ ਅਹਿਮ ਹਿਸਾ ਰਿਹਾ। ਸਟੇਜ ਦੇ ਖੱਬੇ ਪਾਸੇ ਬਿਸਵੇਦਾਰ ਦੀ ਬੈਠਕ ਦਾ ਸੀਨ ਜਿਸ ਵਿਚ ਤਖਤਪੋਸ਼ ਤੇ ਬੈਠਾ ਬਿਸਵੇਦਾਰ ਨਾਲ ਸ਼ਰਾਬ ਵਰਤਾਉਂਦੀ ਨਾਚੀ, ਵਿਚਕਾਰ ਪਿੰਡ ਦੇ ਆਮ ਸ਼ਾਮਲਾਟ ਦਾ ਸੁਝਾਊ ਪ੍ਰਭਾਵ, ਤੇ ਸੱਜੇ ਪਾਸੇ ਅਲਾਣੀ ਮੰਜੀ ਵਾਲਾ ਝੰਡੂ ਦਾ ਘਰ—ਬਸ ਏਨੀ ਕੁ ਹੀ ਸਟੇਜ ਸੱਜਾ, ਪਰ ਇਸ ਨਾਟਕ ਦੀਆਂ ਸਾਰੀਆਂ ਲੋੜਾਂ ਨੂੰ ਪੂਰਦੀ ਹੋਈ। ਵੇਸ ਭੂਸ਼ਾ ਵੀ ਵਾਜਬ, ਸਿਵਾਏ ਝੰਡੂ ਦੀ ਲੜਕੀ ਦੇ ਜ਼ਿਆਦਾ ਭੜਕੀਲੇ ਸੂਟ ਦੇ, ਤੇ ਮੇਕ-ਅਪ ਵੀ ਸੰਜਮੀ। ਇਉਂ ਹਦਾਇਤਕਾਰ ਨੇ ਨਾਟਕ ਦੀ ਪੇਸ਼ਕਾਰੀ ਦੇ ਵੱਖ-ਵੱਖ ਤੱਥਾਂ ਤੇ ਅਸੂਲਾਂ ਨੂੰ ਠੀਕ ਨਿਬਾਹਿਆ। ਦਿੱਕਤ ਸਿਰਫ਼ ਸੰਗੀਤ ਦੀ ਰਹੀ। ਨਾਟਕ ਵਿਚ ਸੰਗੀਤ ਭਾਵਾਂ ਨੂੰ ਤੀਬਰਤਾ ਦੇਣ ਵਾਲਾ ਜਾਂ ਨਾਟਕ ਦੀਆਂ ਚੁੱਪਾਂ ਨੂੰ ਅਰਥ ਭਰਪੂਰ ਢੰਗ ਭਰਣ ਨਾਲ ਵਾਲਾ ਤੇ ਜਾਂ ਫੇਰ ਪਾਤਰਾਂ ਦੇ ਸੁਭਾਵਾਂ ਨੂੰ ਉਨ੍ਹਾਂ ਦੇ ਚਰਿੱਤਰ ਨੂੰ, ਖਾਸ ਅੰਦਾਜ਼ ਵਿਚ ਸੂਤਰ-ਬੱਧ ਕਰਨ ਵਾਲਾ ਹੋਣ ਕਰਕੇ ਹੀ ਕਲਾਮਈ ਮੰਨਿਆ ਜਾ ਸਕਦਾ ਹੈ--ਕੇਵਲ ਪਿੱਠ-ਭੂਮੀ ਵਿਚੋਂ ਇਕ ਲਗਾਤਾਰ ਆਉਂਦੀ ਧੁਨ, ਲੈਅ, ਤਾਲ ਰੂਪ ਵਿਚ ਨਹੀਂ। ਇਸ ਨਾਟਕ ਵਿਚ ਸਿੰਥੇਸਾਈਜ਼ਰ ਦਾ ਪ੍ਰਯੋਗ ਕੇਵਲ ਇਕ ਬੈਕ ਗਰਾਉਂਡ ਰੂਪ ਵਿਚ ਸੀ ਜਿਸ ਦਾ ਨਾ ਕਿਸੇ ਭਾਵ, ਨਾ ਕਿਸੇ ਪਾਤਰ, ਨਾ ਕਿਸੇ ਘਟਨਾ ਅਤੇ ਨਾ ਹੀ ਕਿਸੇ "ਚੁੱਪ" ਮੌਕਿਆਂ ਨੂੰ ਉਜਾਗਰ ਕਰਨ ਨਾਲ ਕੋਈ ਸਰੋਕਾਰ ਸੀ।

ਇਸ ਪਹਿਲੂ ਤੇ ਅਨਿਲ ਨਾਲ ਗੱਲ ਕੀਤੀ ਤਾਂ ਉਹ ਫ਼ਿਸ ਪਿਆ। ਕਹਿਣ ਲੱਗਾ ਕਿ ਮੈਂ ਤਾਂ ਲੋਕ ਸੰਗੀਤ ਵਰਤਣਾ ਚਾਹੁੰਦਾ ਸਾਂ ਪਰ...ਤੇ ਫੇਰ ਉਸਨੇ ਪੰਜਾਬੀ ਅਕਾਦਮੀ ਦੀ "ਖਰੀਦਣ-ਪਾਲਸੀ" ਨੂੰ ਲੱਕੋਂ ਲੈ ਲਿਆ—ਪਰ ਇਹ ਸਭ ਬੈਕ-ਸਟੇਜ ਦੀਆਂ ਗੱਲਾਂ ਹਨ ਜਿਨ੍ਹਾਂ ਨਾਲ ਨਾਟਕ ਦੇ ਰੀਵੀਊਕਾਰ ਦਾ ਕੋਈ ਸਰੋਕਾਰ ਨਹੀਂ ਹੁੰਦਾ। ਉਸਨੇ ਤਾਂ ਸਿਰਫ਼ ਪੇਸ਼ਕਾਰੀ ਉੱਤੇ ਟਿੱਪਣੀ ਕਰਨੀ ਹੁੰਦੀ ਹੈ। ਪਰ ਜੇ ਰੀਵੀਊਕਾਰ ਸਟੇਜ ਤੋਂ ਹੋਈ ਪੇਸ਼ਕਾਰੀ ਨਾਲ ਪਸ਼ੋ ਪੇਸ਼ ਹੋਣ ਦੇ ਨਾਲ ਨਾਲ ਸਟੇਜ ਦੇ ਪਿੱਛੇ ਅਤੇ ਆਲੇ ਦੁਆਲੇ ਪਈਆਂ ਝੀਟ-ਮਝੀਟੀਆਂ ਨੂੰ ਵੀ ਕੁਝ ਪਛਾਨਣ ਤਾਂ ਉਹ ਹਦਾਇਤਕਾਰ ਦੀ ਕੋਸ਼ਿਸ਼ ਉਪਰੋਂ ਜ਼ਰੂਰ ਸਦਕੇ ਹੋਣ ਦੀ ਇੱਛਾ ਮਹਿਸੂਸ ਕਰਨਗੇ। ਕੁਝ ਅਜਿਹਾ ਹੀ ਅਨਿਲ ਗੁਪਤਾ ਵੱਲ ਮੇਰਾ ਪ੍ਰਤੀਕਰਮ ਵੀ ਬਣਿਆ।

[ਬ.ਸ.ਰ]

ਸੁਲਗਦੇ ਦਰਿਆ

ਸ਼ੀਲਾ ਭਾਟੀਆ ਦਾ ਲਿਖਿਆ ਅਤੇ ਨਿਰਦੇਸ਼ਤ ਇਹ ਨਾਟਕ 12 ਦਸੰਬਰ 1988 ਨੂੰ ਸਿਰੀ ਰਾਮ ਸੈਂਟਰ ਵਿਚ ਪੇਸ਼ ਕੀਤਾ ਗਿਆ। ਦੋ ਹਿੱਸਿਆਂ ਵਿਚ ਵੰਡੇ ਇਸ ਨਾਟਕ ਦੀਆਂ ਘਟਨਾਵਾਂ ਬੁੱਲ੍ਹੇ ਸ਼ਾਹ ਦੇ ਸਮੇਂ (ਅਠ੍ਹਾਰਵੀਂ ਸਦੀਂ) ਦੇ ਪੰਜਾਬ ਦੇ ਇਕ ਪਿੰਡ ਵਿਚ ਵਾਪਰਦੀਆਂ ਦਰਸਾਈਆਂ ਗਈਆਂ ਹਨ। ਪਿੰਡ ਦਾ ਚੌਂਕ, ਹਮਦ ਦਾ ਘਰ, ਰਹਿਮਤ ਲੋਹਾਰ ਦੀ ਹੱਟੀ ਤੇ ਦਰਿਆ ਦਾ ਕੰਢਾ—ਇਹ ਦ੍ਰਿਸ਼ ਸਟੇਜ ਉਪਰ ਬੜੀ ਬਾਰੀਕੀ ਤੇ ਮਿਹਨਤ ਨਾਲ ਸਿਰਜੇ ਹੋਏ, ਨਾਟਕ ਦੀ ਦਿੱਖ ਨੂੰ ਪ੍ਰਭਾਵਸ਼ੀਲ ਬਣਾਉਂਦੇ

ਹਨ। ਸੈਟ ਦਾ ਡੀਜ਼ਾਈਨ ਫ਼ੈਜ਼ਲ ਅਲਕਾਜ਼ੀ ਵਲੋਂ, ਰੋਸ਼ਨੀਆਂ ਦਾ ਪ੍ਰਬੰਧ ਐਨ. ਕੇ ਸੂਰੀ ਹੱਥ ਅਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀਆਂ ਧੁਨਾਂ ਸਫ਼ਦਰ ਹੁਸੈਨ ਖਾਨ ਦੀਆਂ—ਇਹ ਸਭ ਕੁਝ ਬਹੁਤ ਸੁਚੱਜਾ, ਬਹੁਤ ਪ੍ਰਵੀਨ। ਤਬਲਾ, ਸਾਰੰਗੀ, ਢੋਲਕੀ, ਸਿਤਾਰ, ਸਭ ਕੁਝ ਸੁਰ ਵਿਚ; ਪੰਛੀਆਂ, ਪਸ਼ੂਆਂ ਦੀਆਂ ਪਿੱਠ ਭੂਮੀ ਵਿਚੋਂ ਆਵਾਜ਼ਾਂ ਖ਼ੂਬਸੂਰਤੀ ਨਾਲ ਵਰਤੀਆ ਹੋਈਆਂ, ਅਦਾਕਾਰ ਆਪਣੀਆਂ ਢੁੱਕਵੀਂਆ ਪੁਸ਼ਾਕਾਂ ਵਿਚ।

ਨਾਟਕ ਦੇ ਸਭ ਰੰਗ-ਢੰਗ ਆਪਣੇ ਪੂਰੇ ਜਲੌ ਵਿਚ—ਸੈੱਟ, ਸੰਗੀਤ, ਰੌਸ਼ਨੀ, ਅਦਾਕਾਰ, ਵੇਸ-ਭੂਸ਼ਾ, ਸੁੰਦਰ ਆਵਾਜ਼ਾਂ—ਅਸਲ ਵਿਚ ਏਨੇ ਭਰਪੂਰ ਰੂਪ ਵਿਚ ਕਿ ਅਦਾਕਾਰਾਂ ਲਈ ਅਦਾਕਾਰੀ ਦੀ ਜਗਾਹ ਦਾ ਅਭਾਵ ਮਹਿਸੂਸ ਹੋਣ ਲੱਗਾ। ਦੇਹ-ਭਾਸ਼ਾ ਲਈ ਇਸ ਪੇਸ਼ਕਾਰੀ ਵਿਚ ਕੋਈ ਥਾਂ ਨਹੀਂ ਲਗਦੀ ਸੀ ਤੇ ਨਾ ਹੀ ਅਦਾਕਾਰਾਂ ਦੇ ਇਹੋ ਜਿਹੇ ਹਾਵਾਂ-ਭਾਵਾਂ ਲਈ ਜਿਸ ਰਾਹੀਂ ਉਹ ਆਪਣੇ ਕਿਰਦਾਰ ਦਾ ਮੁਹਾਂਦਰਾ ਘੜ ਸਕਣ। ਸਭ ਕੁਝ ਪਹਿਲਾਂ ਤੋਂ ਹੀ ਨਿਯਮਤ, ਬੱਧਾ ਹੋਇਆ, ਜਿਵੇਂ ਕਿਸੇ ਤਸਵੀਰ ਵਿਚ। ਬਸ ਆਪਣੇ ਦਿੱਤੇ ਚੌਖਟੇ ਵਿਚ ਥੋਹੜੀ ਹਿੱਲਜੁਲ ਦੀ ਸੰਭਾਵਨਾ ਰਾਹੀਂ ਇਨ੍ਹਾਂ ਖੜੀਆਂ ਮੂਰਤਾਂ ਜਾਂ ਝਾਕੀਆਂ ਵਿਚ ਜੀਉਂਦੇ ਹੋਣ ਦਾ ਇਸ਼ਾਰੇ ਮਾਤਰ ਅਨੁਭਵ। ਸਾਰਾ ਨਾਟਕ ਇਸ ਤਰ੍ਹਾਂ ਲਗਦਾ ਹੈ ਜਿਵੇਂ ਚਿਤ੍ਰਾਂ ਦੀ ਇਕ ਲੜੀ ਹੋਵੇ ਜਿਨ੍ਹਾਂ ਦੇ ਅਗੋਂ ਦੀ ਦਰਸ਼ਕ ਨੂੰ ਲੰਘਾਇਆ ਜਾ ਰਿਹਾ ਹੋਵੇ।

ਸ਼ੀਲਾ ਭਾਟੀਆਂ ਦੀ ਸਿਰਜਨ-ਕਲਪਨਾ ਦਾ ਆਧਾਰ ਸ਼ਾਇਦ ਗੀਤ ਹੈ। ਉਹ ਆਪਣੇ ਨਾਟਕ ਵਿਚ ਗੀਤ ਦੇ ਸਮੂਰਤੀਕਰਨ ਪ੍ਰਤੀ ਰੁਚਿਤ ਹੈ—ਗੀਤ ਲਈ ਯੋਗ ਸਥਿਤੀ ਘੜਨਾ, ਉਸ ਵਿਚ ਪਾਤਰ ਨੂੰ ਖੜਾ ਕਰਨਾ, ਪਾਤਰ ਕੋਲੋਂ ਅਜਿਹੀਆਂ ਮੁਦਰਾਵਾਂ ਬਣਾਵਾਉਣਾ ਜੋ ਕਿ ਉਸ ਗੀਤ ਦੇ ਅਰਥਾਂ-ਭਾਵਾਂ ਨੂੰ ਸਾਕਾਰ ਕਰਦੀਆਂ ਹੋਣ, ਇਹ ਸਭ ਕਰਨ ਲਈ ਨਾਟਕ ਦੀਆਂ ਮੰਚ ਸੁਵਿਧਾਵਾਂ ਦੀ ਵਰਤੋਂ ਕਰ ਲੈਣਾ ਅਤੇ ਇਕ ਕਹਾਣੀ-ਜਹੀ ਦਾ ਸਹਾਰਾ ਲੈ ਕੇ—ਜਿਵੇਂ ਮੋਤੀਆਂ ਨੂੰ ਪਰੋਣ ਲਈ ਧਾਗੇ ਦਾ ਸਹਾਰਾ ਲਈਦਾ ਹੈ—ਪੇਸ਼ਕਾਰੀ ਦਾ ਰੰਗ ਢੰਗ ਸਿਰਜ ਲੈਣਾ ਹੀ ਸ਼ੀਲਾ ਭਾਟੀਆ ਦਾ ਕਲਾ-ਕਾਰਜ ਹੈ। ਨਾਟਕ ਪੂਰੀ ਤਰ੍ਹਾਂ ਗੀਤਾਂ ਨੂੰ ਸਮਰਪਿਤ ਹੁੰਦਾ ਹੈ, ਗੀਤ ਨਾਟਕ ਨੂੰ ਨਹੀਂ ਉਸਾਰਦੇ।

ਨਾਟਕ ਦੀਆਂ ਦੋ ਮੁੱਖ ਔਕੜਾਂ—ਇਸ ਦੀ ਸ਼ੁਰੂਆਤ ਅਤੇ ਇਸ ਵਿਚ ਪਾਤਰਾਂ ਦੇ ਮਨੋਭਾਵਾਂ ਦਾ ਪ੍ਰਗਟਾਉ—ਨੂੰ ਵੀ ਸ਼ੀਲਾ ਭਾਟੀਆ ਗੀਤ ਨਾਲ ਹੀ ਨਜਿੱਠਦੀ ਹੈ। ਸ਼ੁਰੂ ਦੀ ਸਥਿਤੀ ਨੂੰ ਜਾਨਣ ਲਈ ਜੋ ਜਾਣਕਾਰੀ ਚਾਹੀਦੀ ਹੈ, ਉਹ ਕਿਸੇ ਗਤੀ ਰਾਹੀਂ ਦਿੱਤੀ ਜਾਂਦੀ ਹੈ ਤੇ ਗੀਤ ਰਾਹੀਂ ਹੀ ਪਾਤਰ ਦੀ ਮਾਨਸਿਕ ਹਾਲਤ ਦਾ ਬਿਉਰਾ ਦਿੱਤਾ ਜਾਂਦਾ ਹੈ। ਘਟਨਾਵਾਂ ਵੀ ਗੀਤਾਂ ਵਿਚ ਹੀ ਘਟਦੀਆਂ ਹਨ; ਤੇ ਇਉਂ ਪੂਰਾ ਨਾਟਕ ਗੀਤਾਂ ਦੀ ਚਿੱਤਰ ਰੂਪ ਵਿਚ, ਦ੍ਰਿਸ਼ ਰੂਪ ਵਿਚ ਪਰੋਈ ਮਾਲਾ ਬਣ ਜਾਂਦਾ ਹੈ।

ਇਸ ਨਾਟਕ ਵਿਚ ਵਰਤੇ ਗਏ ਗੀਤ ਮੁੱਖ ਤੌਰ ਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਹਨ। ਕੁਝ ਕਾਫ਼ੀਆਂ ਸ਼ਾਹ ਹੁਸੈਨ ਦੀਆਂ ਵੀ ਵਰਤੀਆਂ ਹਨ। ਇਹ ਸਭ ਵਧੀਆ ਗਾਈਆਂ ਗਈਆਂ ਹਨ, ਖਾਸ ਕਰਕੇ ਮਦਨ ਬਾਲਾ ਸਿੰਧੂ ਨੇ ਆਪਣੀ ਸੁਰੀਲੀ ਆਵਾਜ਼ ਦਾ

ਸੁਹਣਾ ਪ੍ਰਦਰਸ਼ਨ ਕੀਤਾ ਹੈ, ਭਾਵੇਂ ਕਿ ਉਸ ਵਲੋਂ ਆਪਣੇ ਢਿਲਕਦੇ ਜੁੱਸੇ ਨੂੰ ਪਾਤਰ ਅਨੁਕੂਲ ਕੱਸ ਕੇ ਰੱਖਣ ਦੀਆਂ ਕੋਸ਼ਿਸ਼ਾਂ ਕਈ ਵਾਰੀ ਸਾਡੀਆਂ ਅੱਖਾਂ ਤੇ ਕੰਨਾਂ ਵਿਚਾਲੇ ਇਕ ਪਾੜ ਜਿਹਾ ਘੜਦੀਆਂ ਰਹੀਆਂ। ਪਰ ਇਥੇ ਹੀ ਇਕ ਵੱਡਾ ਸਵਾਲ ਪੈਦਾ ਹੁੰਦਾ ਹੈ-ਬੁੱਲ੍ਹੇ ਸ਼ਾਹ ਜਾਂ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦੇ ਪਾਠ-ਪ੍ਰਸੰਗ ਦਾ। ਇਹ ਨਾਟਕ ਇਨ੍ਹਾਂ ਸੂਫ਼ੀ ਕਵੀਆਂ ਦੀ ਕਾਵਿਕ-ਸੰਵੇਦਨਾ ਬਾਰੇ ਨਹੀਂ। ਉਨ੍ਹਾਂ ਦੀਆਂ ਕਾਫ਼ੀਆਂ ਦਾ ਇਕ ਖਾਸ ਭਾਵਕ ਪ੍ਰਸੰਗ ਹੈ। ਇਨ੍ਹਾਂ ਕਾਫ਼ੀਆਂ ਨੂੰ ਉਸ ਕਾਵਿਕ-ਭਾਵਕ ਪ੍ਰਸੰਗ ਵਿਚੋਂ ਤੋੜ ਕੇ ਇਕ ਦੁਨਿਆਵੀ-ਸਮਾਜਿਕ-ਪਿਆਰ-ਰਿਸ਼ਤਿਆਂ ਦੀ ਕਹਾਣੀ ਦੇ ਪ੍ਰਸੰਗ ਵਿਚ ਵਰਤਣਾ ਕਿਥੋਂ ਤੀਕ ਸਹੀ ਕਲਾਤਮਿਕ ਨਿਰਣਾ ਹੈ, ਇਸ ਬਾਰੇ ਸੋਚਣ ਦੀ ਲੋੜ ਹੈ। ਜਦੋਂ 'ਗ਼ਾਲਿਬ ਕੌਣ ਥਾ' ਵਰਗੇ ਨਾਟਕ ਵਿਚ ਸ਼ੀਲਾ ਭਾਟੀਆ ਗ਼ਾਲਿਬ ਦੀਆਂ ਗ਼ਜ਼ਲਾਂ ਵਰਤਦੀ ਹੈ ਤਾਂ ਉਹ ਸਭ ਢੁਕਵਾਂ ਲੱਗਦਾ ਹੈ ਕਿਉਂਕਿ ਉਹ ਗ਼ਜ਼ਲਾਂ ਦਾ ਨਾਟਕੀ ਪ੍ਰਸੰਗ ਖੋਜਣ ਤੇ ਪੇਸ਼ ਕਰਨ ਵੱਲ ਰੁਚਿਤ ਹੈ। ਪਰ ਜਦੋਂ ਸ਼ੀਲਾ ਭਾਟੀਆ ਸੂਫ਼ੀ ਕਵੀਆਂ ਦੀ ਰਚਨਾ ਨੂੰ ਕੇਵਲ ਇਕ-ਪਾਸੜ-ਇਸ਼ਕ-ਮਜਾਜ਼ੀ-ਲੋੜਾਂ ਲਈ ਵਰਤਦੀ ਹੈ ਤਾਂ ਅਸੀਂ ਦੇਖਦੇ ਹਾਂ ਕਿ ਇਹ ਕਾਫ਼ੀਆਂ ਬਾਗੀ ਹੋ ਜਾਂਦੀਆਂ ਹਨ— ਉਹ 'ਕੋਈ ਲੋੜਾਂ' ਦੀ ਪੂਰਤੀ ਨਹੀਂ ਕਰਦੀਆਂ, ਉਹ ਤਾਂ 'ਬੱਸ ਆਪ ਹੀ' ਹੋ ਨਿਬੜਦੀਆਂ ਹਨ।

ਦੋ ਤਿੰਨ ਜਗ੍ਹਾ ਇਸ "ਨਾਟਕ" ਵਿਚ ਲੋਕ ਗੀਤਾਂ ਦੀ ਵਰਤੋਂ ਵੀ ਹੋਈ—ਵਿਆਹ ਦੇ ਸੀਨ ਵਿਚ ਤੇ ਹਿਜੜਿਆਂ ਦੇ ਸੀਨ ਵਿਚ—ਪਰ ਇਨ੍ਹਾਂ ਦਾ ਨਾਟਕ ਨਾਲ ਕੋਈ ਸਰੋਕਾਰ ਨਹੀਂ ਸੀ। ਹਾਂ ਵਿਆਹ ਤੇ ਹਿਜੜਿਆਂ ਦਾ ਨਾਚ ਆਪਣੇ ਆਪ ਵਿਚ ਸੁੰਦਰ ਝਾਕੀ ਸੀ।

ਇਸ ਨਾਟਕ ਨੂੰ ਜੇ ਇਕ ਸੰਗੀਤ-ਕਾਰਜ-ਕਰਮ ਮੰਨ ਲਿਆ ਜਾਵੇ ਤਾਂ ਜ਼ਿਆਦਾ ਚੰਗਾ ਰਹੇਗਾ। ਬੈਠ ਕੇ ਨਾ ਗਾਇਆ, ਖੜ੍ਹੇ ਹੋ ਕੇ ਗਾ ਲਿਆ, ਥੋੜ੍ਹਾ ਨਾਲ ਨੱਚ ਲਿਆ, ਥੋੜ੍ਹਾ ਹਿੱਲ ਵੀ ਲਿਆ ਤੇ ਇਸ ਸਭ ਨੂੰ ਇਕ ਕਹਾਣੀ ਮਾਤਰ ਲੜੀ ਵਿਚ ਪੇਸ਼ ਕਰ ਦਿੱਤਾ, ਬਸ ਇਹੋ ਹੀ ਸੀ ਇਹ 12 ਦਸੰਬਰ ਦੀ ਗੀਤਾਂ-ਭਰੀ-ਸ਼ਾਮ। ਘਾਟਾ ਇਸ ਵਿਚ ਇਹ ਰਿਹਾ ਕਿ ਗੀਤ ਸਨ ਸੂਫ਼ੀ ਕਵੀਆਂ ਦੀਆਂ ਕਾਫ਼ੀਆਂ, ਅਤੇ ਆਪਣੇ ਪ੍ਰਸੰਗ ਨਾਲੋਂ ਟੁੱਟੀਆਂ ਹੋਣ ਕਰਕੇ ਉਹ ਕਿਸੇ ਵਜਦ ਦੀ ਅਵਸਥਾ ਜਾਂ ਇਕ ਚੈਨ ਜਾਂ ਸਕੂਨ ਦਾ ਮੁਜੱਸਮਾ ਬਣਨ ਦੀ ਥਾਂ (ਜੋ ਕਿ ਸੂਫ਼ੀਆਂ ਦੀ ਕਾਫ਼ੀ ਦਾ ਮੁੱਖ ਗੁਣ ਹੈ ਚਾਹੇ ਕਿ ਇਸ ਵਿਚ ਬਿਰਹਾ ਤੇ ਵਿਛੋੜੇ ਦਾ ਅਨੁਭਵ ਸਿਰਜਿਆ ਹੁੰਦਾ ਹੈ) ਇਕ ਰੰਗੀਨ ਸ਼ਾਮ ਦੇ "ਰੰਗਾ ਰੰਗ ਕਾਰਯ-ਕ੍ਰਮ" ਦੀਆਂ ਟੁਕੜੀਆਂ ਬਣ ਕੇ ਰਹਿ ਗਈਆਂ। (ਬ.ਸ.ਰ.)

□

ਪੇਸ਼ਕਾਰੀਆਂ

ਸ. ਕ. ਵ.

1 ਅਕਤੂਬਰ/ਮਾਨਸਾ/ਪੰਜਾਬ ਕਲਾ ਮੰਚ, ਮਾਨਸਾ/ਗਿਰਗਟ/ਨਿਰਦੇਸ਼ਕ : ਸੁਰਜੀਤ ਗਾਮੀ (ਸੁਰਜੀਤ ਗਾਮੀ)

6 ਅਕਤੂਬਰ/ਚੰਡੀਗੜ੍ਹ/ਟੈਗੋਰ ਥੀਏਟਰ/ਮਰਦਾਂ ਦਾ ਗਿੱਧਾ/ਨਿਰਦੇਸ਼ਕ : ਦਲਬਾਰ ਸਿੰਘ ਅਤੇ ਲਾਲ ਸਿੰਘ/ਲੋਕ ਰੰਗ ਮੰਚ ਦੇ 'ਕਾਰਵਾਂ' ਮੇਲੇ ਦੌਰਾਨ (ਦਲਬਾਰ ਸਿੰਘ)

7 ਅਕਤੂਬਰ/ਕੋਟਕਪੂਰਾ/ਗੌ. ਸੀ. ਸੈ. ਸਕੂਲ/ਗ਼ੁਲਾਮੀ ਅਜੇ ਬਾਕੀ ਹੈ (ਪਾਲੀ ਭੁਪਿੰਦਰ)/ਨਿਰਦੇਸ਼ਕ : ਸੱਤੀ ਛਾਬੜਾ (ਪਰਮਿੰਦਰ ਤੱਗੜ)

12 ਅਕਤੂਬਰ/ਮਾਨਸਾ/ਸਪੀਨਿੰਗ ਮਿੱਲ/ਪੰਜਾਬ ਕਲਾ ਮੰਚ, ਮਾਨਸਾ/ਤੇ ਦੇਵ ਪੁਰਸ਼ ਹਾਰ ਗਏ ਅਤੇ ਗਿਰਗਟ/ਨਿਰਦੇਸ਼ਕ : ਸੁਰਜੀਤ ਗਾਮੀ (ਸੁਰਜੀਤ ਗਾਮੀ)

15 ਅਕਤੂਬਰ/ਬਰਨਾਲਾ (ਖਾਰਾ)/ਪੰਜਾਬ ਕਲਾ ਮੰਚ, ਮਾਨਸਾ/ਤੇ ਦੇਵ ਪੁਰਸ਼ ਹਾਰ ਗਏ ਅਤੇ ਗਿਰਗਟ/ਨਿਰਦੇਸ਼ਕ : ਸੁਰਜੀਤ ਗਾਮੀ (ਸੁਰਜੀਤ ਗਾਮੀ)

20 ਅਕਤੂਬਰ/ਦਿੱਲੀ/ਕਮਿਊਨਿਟੀ ਸੈਂਟਰ/ਆਰਟ ਸੈਂਟਰ, ਦਿੱਲੀ/ਨਹਿਲਾ ਐਂਡ ਦਹਿਲਾ ਇਨ ਬਾਂਬੇ (ਜਸਪਾਲ ਸੇਠੀ)/ਨਿਰਦੇਸ਼ਕ : ਰਾਜੇਸ਼ ਅਮਰੋਹੀ (ਰਾਜੇਸ਼ ਅਮਰੋਹੀ)

22 ਅਕਤੂਬਰ/ਉੱਭੇ/ਲੋਕ ਕਲਾ ਮੰਚ, ਮਾਨਸਾ (ਸਪਾਂਸਰ : ਨਹਿਰੂ ਯੁਵਕ ਕੇਂਦਰ)/ਭੱਜੀਆਂ ਬਾਹੀਂ/ਲੇਖਕ ਤੇ ਨਿਰਦੇਸ਼ਕ : ਅਜਮੇਰ ਔਲਖ (ਇੰਦਰਜੀਤ ਸਿੰਘ)

23 ਅਕਤੂਬਰ/ਮੋਗਾ/ਯਾਦਗਾਰੀ ਲਾਇਬਰੇਰੀ/ਸਾਹਿਤ ਵਿਚਾਰ ਮੰਚ/ਜਦੋਂ ਹੱਥ ਉੱਠਣਗੇ, ਚੂਹੇ (ਦੋ ਨਾਟਕ)/ਲੇਖਕ ਤੇ ਨਿਰਦੇਸ਼ਕ : ਬਲਦੇਵ ਸਿੰਘ (ਨਿਰਮਲ ਜੌੜਾ)

29 ਅਕਤੂਬਰ/ਜੈਤੋਂ/ਗੰਗਸਰ ਸ਼ਹੀਦੀ ਕਾਲਿਜ/ਬਲਰਾਜ ਸਾਹਨੀ ਆਰਟ ਗਰੁੱਪ, ਜੈਤੋਂ/ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ (ਅਜਮੇਰ ਸਿੰਘ ਔਲਖ)/ਟੋਆ (ਗੁਰਸ਼ਰਨ ਸਿੰਘ)/ਨਿਰਦੇਸ਼ਕ : ਰੁਪਿੰਦਰ ਮਾਨ (ਸ਼ਗਨ ਕਟਾਰੀਆ)

1 ਨਵੰਬਰ/ਅੰਮ੍ਰਿਤਸਰ/ਗਾਂਧੀ ਗਰਾਊਂਡ ਓਪਨ ਏਅਰ ਥੀਏਟਰ/ਪੰਜਾਬ ਨੈਸ਼ਨਲ ਬੈਂਕ, ਅੰਮ੍ਰਿਤਸਰ ਰਿਜਨ/ਅਜੀਤ ਰਾਮ (ਆਤਮਜੀਤ)/ਨਿਰਦੇਸ਼ਕ : ਜਗਦੀਸ਼ ਸਚਦੇਵਾ (ਜਗਦੀਸ਼ ਸਚਦੇਵਾ)

1 ਨਵੰਬਰ/ਪਟਿਆਲਾ/ਸੈਂਟਰਲ ਪਬਲਿਕ ਲਾਇਬਰੇਰੀ ਹਾਲ/ਸੂਰਜ ਦਾ ਜ਼ਿਕਾਰ (ਉਤਪਲ ਦੱਤ)/ਅਨੁ. ਕਿਰਪਾਲ ਕਜ਼ਾਕ/ਨਿਰਦੇਸ਼ਕ : ਜਗਜੀਤ ਸਰੀਨ

6 ਨਵੰਬਰ/ਬਧਨੀ ਕਲਾਂ/ਸਰਕਾਰੀ ਹਾਈ ਸਕੂਲ/ਰੰਗਮੰਚ, ਮੋਗਾ/ਜਦੋਂ ਹੱਥ ਉੱਠਣਗੇ, ਚੂਹੇ (ਦੋ ਨਾਟਕ)/ਲੇਖਕ ਤੇ ਨਿਰਦੇਸ਼ਕ : ਬਲਦੇਵ ਸਿੰਘ (ਨਿਰਮਲ ਜੌੜਾ)

6 ਨਵੰਬਰ/ਬਧਨੀ ਕਲਾਂ/ਸਰਕਾਰੀ ਹਾਈ ਸਕੂਲ/ਪੰਜਾਬ ਕਲਾ ਮੰਚ, ਬੁੱਘੀਪੁਰਾ/ਇਹ ਲਹੂ ਕਿਸਦਾ ਹੈ (ਗੁਰਦਿਆਲ ਸਿੰਘ ਫੁੱਲ)/ਇਕੋ ਮਿੱਟੀ ਦੇ ਪੁੱਤ (ਗੁਰਸ਼ਰਨ ਸਿੰਘ)/ਨਿਰਦੇਸ਼ਕ : ਪਰਮਜੀਤ ਗਿੱਲ (ਨਿਰਮਲ ਜੌੜਾ)

13 ਨਵੰਬਰ/ਅੰਮ੍ਰਿਤਸਰ/ਆਯੋਜਨ : ਪੰਜਾਬ ਆਰਟਸ ਕੌਂਸਲ ਅਤੇ ਸਭਿਆਚਾਰ ਵਿਭਾਗ, ਪੰਜਾਬ/ਲੋਕ ਕਲਾ ਮੰਚ, ਚੰਡੀਗੜ੍ਹ/ਸੁੱਕੀ ਕੁੱਖ (ਅਜਮੇਰ ਔਲਖ)/ਨਿਰਦੇਸ਼ਕ : ਕੰਵਲ ਵਿਦਰੋਹੀ/ਅਦਾਕਾਰ ਲੋਕ, ਜਲੰਧਰ/ਕਲੀਰੇ/ਨਿਰਦੇਸ਼ਕ : ਸਰਦਾਰਜੀਤ ਬਾਵਾ/ਅੰਮ੍ਰਿਤਸਰ ਕਲਾ ਕੇਂਦਰ/ਧਮਕ ਨਗਾਰੇ ਦੀ/ਲੇਖਕ-ਨਿਰਦੇਸ਼ਕ : ਗੁਰਸ਼ਰਨ ਸਿੰਘ/ਕਲਾ ਮੰਦਿਰ, ਅੰਮ੍ਰਿਤਸਰ/ਰਿਸ਼ਤਿਆਂ ਦਾ ਕੀ ਰੱਖੀਏ ਨਾਂ (ਆਤਮਜੀਤ)/ਨਿਰਦੇਸ਼ਕ : ਐਚ. ਆਰ. ਡੀ. ਸਿੰਘ

19 ਨਵੰਬਰ/ਅੰਮ੍ਰਿਤਸਰ/ਓਪਨ ਏਅਰ ਥੀਏਟਰ, ਗਾਂਧੀ ਗਰਾਊਂਡ/ਯੰਗ ਪਾਇਨਰਜ਼ ਵੈਲਫੇਅਰ ਕਲੱਬ, ਅੰਮ੍ਰਿਤਸਰ/ਮਸੀਹਾ (ਸਾਗਰ ਸਰਹੱਦੀ)/ਨਿਰਦੇਸ਼ਕ : ਵਰਨਜੀਤ

19 ਨਵੰਬਰ/ਨਵਾਂ ਸ਼ਹਿਰ/ਬੀ.ਐਲ.ਐਮ. ਗਰਲਜ਼ ਕਾਲਿਜ, ਨਵਾਂ ਸ਼ਹਿਰ/ਕਲਾ ਸੰਪਰਕ, ਨਵਾਂ ਸ਼ਹਿਰ/ਦੋ ਲਾਇਨਾਂ, ਰਾਸ਼ੀ ਬਦਲ ਗਈ (ਦੇਵੀ-ਇੰਦਰ)/ਨਿਰਦੇਸ਼ਕ । ਪੁਨੀਤ ਸਹਿਗਲ (ਦੇਵੀ-ਇੰਦਰ)

20 ਨਵੰਬਰ/ਮਾਨਸਾ/ਲਾਭ ਸਿੰਘ ਕਾਲੋਨੀ/ਪੰਜਾਬ ਕਲਾ ਮੰਚ, ਮਾਨਸਾ/ਜਲਿੱਟ ਸੁਰਜੀਤ ਗਾਮੀ ਦੀ ਨਵ-ਜੰਮੀ ਬੱਚੀ ਆਸ਼ਵਿੰਦਰ ਦੇ ਜਨਮ ਦੀ ਖੁਸ਼ੀ ਵਿਚ

21 ਨਵੰਬਰ/ਸੰਗਰੂਰ/ਵਾਰ ਹੀਰੋਜ਼ ਸਟੇਡੀਅਮ/ਮਾਲਵਾ ਸਭਿਆਚਾਰਕ ਕੇਂਦਰ, ਚੱਠੇ ਸੇਖਵਾਂ/ਮਰਦਾਂ ਦਾ ਗਿੱਧਾ/ਨਿਰਦੇਸ਼ਕ : ਦਲਬਾਰ ਸਿੰਘ ਤੇ ਲਾਲ ਸਿੰਘ

22 ਨਵੰਬਰ/ਕੋਟਕਪੂਰਾ/ਸ਼ਹੀਦ ਭਗਤ ਸਿੰਘ (ਮਿਉ:) ਕਾਲਜ/'ਸੀਣਾਂ' ,(ਆਤਮਜੀਤ)/ ਨਿਰਦੇਸ਼ਕ : ਪਾਲੀ ਭੁਪਿੰਦਰ (ਪ. ਤੱਗੜ)

3 ਦਸੰਬਰ/ਕੋਟਕਪੂਰਾ/ਗਾਂਧੀ ਮੈਮੋਰੀਅਲ ਕਾਲਿਜ ਫਾਰ ਵਿਮੈਨ/ਸਮੁੰਦਰੋਂ ਪਾਰ (ਕਪੂਰ ਸਿੰਘ ਘੁੰਮਣ) (ਪਰਮਿੰਦਰ ਤੱਗੜ)

3 ਦਸੰਬਰ/ਨਕੋਦਰ/ਗੁਰੂ ਨਾਨਕ ਕਾਲਿਜ/ਅਦਾਕਾਰ ਲੋਕ, ਜਲੰਧਰ/ਜਿਨ ਸੱਚ ਪੱਲੇ ਹੋਇ (ਗੁਰਦਿਆਲ ਸਿੰਘ ਫੁੱਲ)/ਨਿਰਦੇਸ਼ਕ : ਸਰਦਾਰਜੀਤ ਬਾਵਾ

5 ਦਸੰਬਰ/ਪਟਿਆਲਾ/ਬੁੱਢਾ ਦਲ ਪਬਲਿਕ ਸਕੂਲ/ਬੁੱਢਾ ਦਲ ਪਬਲਿਕ ਸਕੂਲ ਅਤੇ ਲੋਕ ਨਾਟ, ਪਟਿਆਲਾ/ਆਜ਼ਾਦੀ ਦਾ ਸੰਗਰਾਮ (ਐਚ.ਕੇ. ਸੰਧੂ)/ਤੇ ਸ਼ਰਾਰਤੀ ਕੌਣ (ਸਤਿੰਦਰ ਸਿੰਘ ਨੰਦਾ)/ਨਿਰਦੇਸ਼ਕ : ਮੋਹਨ ਕੰਬੋਜ ਅਤੇ ਗੁਰਸੇਵਕ ਸਿੰਘ

7 ਦਸੰਬਰ/ਚੰਡੀਗੜ੍ਹ/ਟੈਗੋਰ ਥੀਏਟਰ/ਪੰਜਾਬੀ ਨਾਟਕ ਅਕਾਡਮੀ, ਚੰਡੀਗੜ੍ਹ (ਸਹਿਯੋਗ : ਸਭਿਆਚਾਰ ਵਿਭਾਗ, ਪੰਜਾਬ)/ਢੱਲ ਸੱਮੀ/ਲੇਖਕ-ਨਿਰਦੇਸ਼ਕ : ਚਰਨ ਸਿੰਘ ਸਿੰਧਰਾ

9 ਦਸੰਬਰ/ਚੰਡੀਗੜ੍ਹ/ਇੰਦਰਾ ਹਾਲੀਡੇ ਹੋਮ/ਪੰਜਾਬ ਸੰਗੀਤ ਨਾਟਕ ਅਕਾਦਮੀ (ਸਹਿਯੋਗ ਸਭਿਆਚਾਰ ਵਿਭਾਗ, ਪੰਜਾਬ)/ਭਾਰਤ ਦਾ ਲਾਲ (ਬਾਲ ਨਾਟਕ)/ਨਿਰਦੇਸ਼ਕ : ਰਾਕੇਸ਼ ਦੱਤਾ/ਪੁਤਲੀ ਨਾਚ/ਨਿਰਦੇਸ਼ਕ : ਮਧੂ ਬਖ਼ਸ਼ੀ

11 ਦਸੰਬਰ/ਲੁਧਿਆਣਾ/ਪੀ.ਏ. ਯੂ ਇੰਜਨੀਅਰਿੰਗ ਕਾਲਿਜ ਦਾ ਅਸੈਂਬਲੀ ਹਾਲ/ਯੰਗ ਰਾਈਟਰਜ਼ ਐਸੋਸੀਏਸ਼ਨ/ਮਦਾਰੀ, ਜਾਲ, ਸੁਕਰਾਤ (ਸ.ਨ. ਸੇਵਕ

12 ਦਸੰਬਰ/ਪਿਉਰੀ/ਰੰਗ ਮਹਿਲ ਡਰਾਮਾ ਡਿਵੀਜ਼ਨ, ਗਿੱਦੜਬਾਹਾ/ਕੁੱਕੜੂੰ ਘੜੂੰ/ਲੇਖਕ ਤੇ ਨਿਰਦੇਸ਼ਕ : ਰਾਜਧੀਰ (ਰਾਜਧੀਰ)

17 ਦਸੰਬਰ/ਦਬੜੀ ਖਾਨਾ/ਓਪਨ ਏਅਰ ਥੀਏਟਰ/ਰੰਗਮੰਚ, ਮੋਗਾ/ਲੇਖਕ-ਨਿਰਦੇਸ਼ਕ ਬਲਦੇਵ ਸਿੰਘ ਦੇ ਤਿੰਨ ਨਾਟਕ

18 ਦਸੰਬਰ/ਲੁਧਿਆਣਾ/ਪਾਂਡੇ ਯਾਦਗਾਰੀ ਆਡੀਟੋਰੀਅਮ ਨਹਿਰੂ ਸਿਧਾਂਤ ਕੇਂਦਰ/ਦੀਪਕ ਕਲਾ ਮੰਚ/ਹਿੰਦ ਦੀ ਚਾਦਰ (ਹਰਚਰਨ ਸਿੰਘ)

18 ਦਸੰਬਰ/ਜੈਤੋ ਮੰਡੀ/ਸਰਸਵਤੀ ਮਾਡਲ ਸਕੂਲ/ਰੰਗਮੰਚ ਪੰਜ ਦਰਿਆ, ਜੈਤੋ/ਸੀਣਾਂ (ਆਤਮਜੀਤ)/ਨਿਰਦੇਸ਼ਕ : ਪਾਲੀ ਭੁਪਿੰਦਰ (ਪ. ਤੱਗੜ)

22 ਦਸੰਬਰ/ਪਟਿਆਲਾ/ਪਲੇ ਵੇਜ਼ ਸਕੂਲ/ਪ੍ਰੋਗੇਰੈਸਿਵ ਡਰਾਮਾਟਿਕ ਕਲੱਬ/ਹੁਣ ਗਰੀਬੀ ਹਟਾਉ (ਸਰਵੇਸ਼ਵਰ ਦਿਆਲ ਸਕਸੈਨਾ)/ਨਿਰਦੇਸ਼ਕ : ਗਿਆਨ ਗੱਖੜ
ਇਸੇ ਨਾਟਕ ਦੀ ਪੇਸ਼ਕਾਰੀ 24 ਦਸੰਬਰ ਨੂੰ ਸੈਂਟਰਲ ਲਾਇਬਰੇਰੀ ਵਿਚ ਹੋਈ। (ਗਿਆਨ ਗੱਖੜ)

24 ਦਸੰਬਰ/ਅਬੋਹਰ/ਰੰਗ ਮਹਿਲ ਡਰਾਮਾ ਡਿਵੀਜ਼ਨ, ਗਿੱਦੜਬਾਹਾ/ਕੁੱਕੜੂੰ ਘੜੂੰ/ਲੇਖਕ ਤੇ ਨਿਰਦੇਸ਼ਕ : ਰਾਜਧੀਰ (ਰਾਜਧੀਰ)

24 ਦਸੰਬਰ/ਬਿਲਾਸਪੁਰ/ਸਰਕਾਰੀ ਸੀਨੀਅਰ ਸੈਕੰਡਰੀ ਸਕੂਲ/ਪੰਜਾਬ ਦੀ ਆਵਾਜ਼ (ਬਲਦੇਵ ਸਿੰਘ)/ਨਿਰਦੇਸ਼ਕ : ਨਿਰਮਲ ਜੌੜਾ (ਨਿਰਮਲ ਜੌੜਾ)

25 ਦਸੰਬਰ/ਚੰਡੀਗੜ੍ਹ/ਨਾਟਯ ਮੰਦਿਰ/ਚੌੜ ਚੰਨਣ (ਨਾਨਕ ਸਿੰਘ)/ਨਿਰਦੇਸ਼ਕ : ਅਮਰੀਕ ਅਮਰ

27 ਦਸੰਬਰ, 31 ਦਸੰਬਰ, 5 ਜਨਵਰੀ/ਸੀਨੀਅਰ ਸੈਕੰਡਰੀ ਸਕੂਲ, ਮੱਲਕੇ/ਸ਼ਹੀਦ ਭਗਤ ਸਿੰਘ ਕਾਲਜ, ਕੋਟਕਪੂਰਾ/ਕੁਰਸੀ ਨਾਚ ਨਚਾਏ (ਦਰਸ਼ਨ ਮਿਤਵਾ), ਟੋਆ (ਗੁਰਸ਼ਰਨ ਸਿੰਘ), ਬਲਦੇ ਜੰਗਲ ਦੇ ਰੁੱਖ (ਦਵਿੰਦਰ ਦਮਨ)/ਨਿਰਦੇਸ਼ਕ-ਸੱਤੀ ਛਾਬੜਾ (ਪ. ਤੱਗੜ)

ਮਿਤੀ ਹੀਣ

ਸ਼ੇਰਪੁਰ/ਗੁਰਦੁਆਰਾ ਸ੍ਰੀ ਅਕਾਲ ਪ੍ਰਕਾਸ਼/ਅੰਮ੍ਰਿਤਸਰ ਕਲਾ ਕੇਂਦਰ (ਸਪਾਂਸਰ : ਟਾਂਕ ਕਸ਼ੱਤਰੀ ਸਭਾ)/ਨਵਾਂ ਜਨਮ ਅਤੇ ਕਿਵ ਕੂੜੈ ਤੁਟੈ ਪਾਲ/ ਲੇਖਕ-ਨਿਰਦੇਸ਼ਕ : ਗੁਰਸ਼ਰਨ ਸਿੰਘ (ਬਾਬਾ ਨਾਮਦੇਵ ਜੀ ਦੇ ਜਨਮ ਦਿਹਾੜੇ ਦੇ ਮੌਕੇ ਤੇ)

ਰਾਮਪੁਰਾ ਫੂਲ/ਸਰਕਾਰੀ

ਹਾਈ ਸਕੂਲ/ਅੰਮ੍ਰਿਤਸਰ ਨਾਟਕ ਕਲਾ ਕੇਂਦਰ (ਸਪਾਂਸਰ : ਇਨਕਲਾਬੀ ਕੇਂਦਰ ਪੰਜਾਬ ਦੀ ਰਾਮਪੁਰਾ ਫੂਲ ਇਕਾਈ)/ਨਵਾਂ ਜਨਮ, ਕਾਮਰੇਡ, ਇਕੋ ਮਿੱਟੀ ਦੇ ਪੁੱਤ/ਲੇਖਕ-ਨਿਰਦੇਸ਼ਕ : ਗੁਰਸ਼ਰਨ ਸਿੰਘ

ਬਰਨਾਲਾ/ਮਹਾਂਸ਼ਕਤੀ ਕਲਾ ਮੰਦਿਰ/ਨਵਰੂਪ ਨਾਟਕ ਕਲਾ ਮੰਦਿਰ/ਰੋਡਾ ਜਲਾਲੀ (ਕਪੂਰ ਸਿੰਘ ਘੁੰਮਣ)/ਨਿਰਦੇਸ਼ਕ : ਪਰਮਜੀਤ ਸਿੰਘ ਸ਼ੀਤਲ

ਅਹਿਮਦਗੜ੍ਹ ਲਾਗਲੇ ਘੁਮਾਣ, ਸਹੌਲੀ ਅਬੂਵਾਲ ਆਦਿ ਪਿੰਡ/ਪ੍ਰਗਤੀ ਕਲਾ ਮੰਚ, ਗੁਰੂਸਰ ਸੁਧਾਰ, ਦਿਲਚਸਪੀ ਏਕਤਾ ਕੇਂਦਰ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ, ਪੰਜਾਬ ਦੀਆਂ ਸਥਾਨਕ ਇਕਾਈਆਂ/ਟੋਆ (ਗੁਰਸ਼ਰਨ ਸਿੰਘ)/ਖੱਪਰ ਖਾਲੀ ਹੈ (ਸ਼ਮਸ਼ੇਰ ਨੂਰਪੁਰੀ)/ ਨਿਰਦੇਸ਼ਕ : ਦਲਵੀਰ 'ਬੁਰਜ ਹਕੀਮਾਂ'

ਲੁਧਿਆਣਾ/ਪੰਜਾਬੀ ਭਵਨ/ਮੋਹਨ ਸਿੰਘ ਯਾਦਗਾਰੀ ਮੇਲੇ ਦੌਰਾਨ/ਗੁੱਡ ਮੈਨ ਦੀ ਲਾਲਟੈਨ/ਲੇਖਕ-ਨਿਰਦੇਸ਼ਕ : ਰੀਟਾ ਸ਼ਰਮਾ

ਫਤਿਗੜ੍ਹ ਸਾਹਿਬ/ਆਮ ਖਾਸ ਬਾਗ/ਸਰਹਿੰਦ ਦੀ ਦਾਸਤਾਨ/ਹਰਚਰਨ ਸਿੰਘ ਦੇ ਨਾਟਕ ਤੇ ਆਧਾਰਿਤ (ਰੋਸ਼ਨੀ ਤੇ ਆਵਾਜ਼ ਨਾਟਕ)/ਸਕ੍ਰਿਪਟ ਤੇ ਨਿਰਦੇਸ਼ਕ : ਵਰਿੰਦਰ ਤਾਰਾ

ਅੰਮ੍ਰਿਤਸਰ/ਨਹਿਰੂ ਯੁਵਕ ਕੇਂਦਰ/ਦੇ ਸਰਬ ਭਾਰਤੀ ਕੌਮੀ ਏਕਤਾ ਕੈਂਪ ਦੌਰਾਨ/ਲੋਕ ਰੰਗ ਮੰਚ, ਅੰਮ੍ਰਿਤਸਰ/ਅਸੀਂ ਨਾਟਕ ਨਹੀਂ ਕਰਦੇ (ਹਿੰਦੀ ਰੂਪ)

ਸੰਗਰੂਰ/ਬਘੀਖਾਨਾ ਗਰਾਊਂਡ/ਇਨਕਲਾਬੀ ਕੇਂਦਰ, ਪੰਜਾਬ/ਇਕੋ ਮਿੱਟੀ ਦੇ ਪੁੱਤ, ਕਾਮਰੇਡ, ਨਵਾਂ ਜਨਮ, ਟੀ. ਵੀ. ਸੀਰੀਅਲ ਭਾਈ ਮੰਨਾ ਸਿੰਘ ਦਾ ਦਾਜ ਵਾਲਾ ਦ੍ਰਿਸ਼/ ਲੇਖਕ ਤੇ ਨਿਰਦੇਸ਼ਕ : ਗੁਰਸ਼ਰਨ ਸਿੰਘ

ਚੰਡੀਗੜ੍ਹ/ਆਸ਼ਾ ਆਰਟਸ (ਸਪਾਂਸਰ : ਯੂ.ਟੀ. ਐਡਮਿਨਿਸਟਰੇਸ਼ਨ ਚੰਡੀਗੜ੍ਹ)/ਇਕ ਹੋਰ ਘਰ (ਪੰਜਾਬੀ ਰੂਪਾਂਤਰ : ਵਰਿੰਦਰ ਤਾਰਾ)/ਲੇਖਕ ਤੇ ਨਿਰਦੇਸ਼ਕ : ਨਿਰੰਜਨ ਦੇਸਾਈ

ਰਾਏਸਰ/ਅੰਮ੍ਰਿਤਸਰ ਨਾਟਕ ਕਲਾ ਕੇਂਦਰ/ਨਵਾਂ ਜਨਮ, ਕਾਮਰੇਡ, ਇਕੋ ਮਿੱਟੀ ਦੇ ਪੁੱਤ/ ਲੇਖਕ ਤੇ ਨਿਰਦੇਸ਼ਕ : ਗੁਰਸ਼ਰਨ ਸਿੰਘ

ਕ੍ਰਾਂਤੀਕਾਰੀ ਸਾਹਿਤ ਸਭਾ ਵੱਲੋਂ ਆਯੋਜਿਤ ਸੰਤ ਰਾਮ ਉਦਾਸੀ ਦੀ ਬਰਸੀ ਦੇ ਸਮਾਗਮ ਦੌਰਾਨ

ਚੰਡੀਗੜ੍ਹ/ਇੰਦਰਾ ਹਾਲੀਡੇ ਹੋਮ/ਲੋਕ ਸੱਥ, ਚੰਡੀਗੜ੍ਹ/ਲੱਕੜ ਦੀ ਲੱਤ (ਤੇਰਾ ਸਿੰਘ ਚੰਨ) ਸਭਿਆਚਾਰ ਵਿਭਾਗ ਪੰਜਾਬ ਦੀ 'ਨਵੀਂ ਨਾਟਕ ਲਹਿਰ' ਦੀ ਚੋਣ ਕਮੇਟੀ ਸਾਹਮਣੇ ਪਰਦਰਸ਼ਨ

ਅੰਮ੍ਰਿਤਸਰ/ਅੰਮ੍ਰਿਤਸਰ ਸਕੂਲ ਆਫ਼ ਡਰਾਮਾ/ਗਿਰਗਟ/ਨਿਰਦੇਸ਼ਕ : ਸੁਖਦੇਵ ਪ੍ਰੀਤ/ਨਵਾਂ ਜਨਮ/ ਭੰਡਾਂ ਦੀ ਆਈਟਮ (ਡਾ. ਹਰਦੀਪ ਗਿੱਲ ਤੇ ਵਰਿੰਦਰਜੀਤ)

ਪੰਜਾਬ ਕਲਾ ਮੰਚ, ਬੁੱਘੀਪੁਰਾ

ਨਵਾਂ ਜਨਮ (ਗੁਰਸ਼ਰਨ ਸਿੰਘ)/ਨਿਰਦੇਸ਼ਕ : ਐਚ. ਐਸ. ਰੰਧਾਵਾ/ਇਕੋ ਮਿੱਟੀ ਦੇ ਪੁੱਤ (ਗੁਰਸ਼ਰਨ ਸਿੰਘ), ਇਹ ਲਹੂ ਕਿਸਦਾ ਹੈ (ਗੁਰਦਿਆਲ ਸਿੰਘ ਫੁੱਲ), ਕਾਲੀਆਂ ਰਾਤਾਂ ਪਰਮਜੀਤ ਗਿੱਲ)/ਇਕ ਮਾਂ ਦੋ ਮੁਲਕ (ਹਰਸ਼ਰਨ ਸਿੰਘ) ਨਿਰਦੇਸ਼ਨ : ਪਰਮਜੀਤ ਗਿੱਲ

6 ਅਕਤੂਬਰ/ਬਧਨੀ ਕਲਾਂ/27 ਨਵੰਬਰ/ਬੁੱਟਰ ਕਲਾਂ/9 ਦਸੰਬਰ/ਕਿਸ਼ਨਪੁਰਾ ਅਤੇ ਫਤਿਹਗੜ੍ਹ ਕੋਰੋਟਾਣਾ/26 ਦਸੰਬਰ/ਰਾਮੂਵਾਲਾ ਨਵਾਂ (ਬਿਜਲੀ ਬੋਰਡ ਮੋਗਾ ਸ਼ਾਖਾ ਵੱਲੋਂ ਸਪਾਂਸਰ)/31 ਦਸੰਬਰ/ਕੜਿਆਲ (ਸਪਾਂਸਰ : ਉਹੀ) ਕੁਲ ਸ਼ੋਅ : 6

(ਹਰਜੀਤ ਸਿੰਘ)

ਬਠਿੰਡਾ ਰਿਪੋਰਟ

20 ਅਗਸਤ/ਜੀ.ਐਨ.ਡੀ.ਟੀ.ਸੀ. ਕਾਲੋਨੀ/ਫ਼ਾਰਵਰਡ ਥੀਏਟਰ/ਸ਼ਹੀਦ ਊਧਮ ਸਿੰਘ (ਮਹਿੰਦਰ ਬਾਂਵਰਾ)/ਨਿਰਦੇਸ਼ਕ : ਮਹਿੰਦਰ ਬਾਂਵਰਾ ਤੇ ਮੁਨਸ਼ੀ ਰਾਮ

23 ਅਗਸਤ/ਐਮ. ਐਚ. ਆਰ. ਸੀਨੀਅਰ ਸੈਕੰਡਰੀ ਸਕੂਲ/ਵੀਨਸ ਆਰਟ ਥੀਏਟਰ, ਬਠਿੰਡਾ/ਰਿਸ਼ਤਿਆਂ ਦਾ ਕੀ ਰੱਖੀਏ ਨਾਂ (ਆਤਮਜੀਤ)/ਨਿਰਦੇਸ਼ਕ : ਟੋਨੀ ਬਾਤਿਸ਼ ਮੀਂਹ ਕਾਰਨ ਬਿਨਾ ਮੰਚ/ਸੈਟ ਸਮਗਰੀ ਤੋਂ ਦਰਸ਼ਕਾਂ ਨੂੰ ਉਚੀ ਥਾਂ ਬਿਠਾ ਕੇ ਹੇਠਾਂ ਫਰਸ਼ ਉਪਰ ਖੇਡਿਆ ਗਿਆ।

29 ਅਗਸਤ/ਹਾਊਸਿੰਗ ਬੋਰਡ ਕਾਲੋਨੀ, ਮਾਡਲ ਟਾਊਨ/ਫ਼ਰੈਂਡਜ਼ ਆਰਟ ਕਲੱਬ, ਬਠਿੰਡਾ/ਇਸ ਚੌਕ ਤੋਂ ਸ਼ਹਿਰ ਦਿਸਦਾ ਹੈ (ਪਾਲੀ ਭੁਪਿੰਦਰ)/ਨਿਰਦੇਸ਼ਕ : ਹਰਵਿੰਦਰ ਮਾਨ

ਮਸੀਹਾ (ਸਾਗਰ ਸਰਹੱਦੀ) ਮੀਂਹ ਕਾਰਨ ਵਿਚੋਂ ਹੀ ਰੋਕਣਾ ਪਿਆ।

18 ਅਕਤੂਬਰ/ਫਰੈਂਡਜ਼ ਆਰਟ ਕਲੱਬ/ਕੁਦਰਤ ਦੇ ਸਭ ਬੰਦੇ (ਟੋਨੀ ਬਾਤਿਸ਼)/ਨਿਰਦੇਸ਼ਕ : ਹਰਵਿੰਦਰ ਮਾਨ

19 ਅਕਤੂਬਰ/ਫਰੈਂਡਜ਼ ਆਰਟ ਕਲੱਬ/ਇਸ ਚੌਂਕ ਤੋਂ ਸ਼ਹਿਰ ਦਿਸਦਾ ਹੈ (ਪਾਲੀ ਭੁਪਿੰਦਰ)/ਨਿਰਦੇਸ਼ਕ : ਹਰਵਿੰਦਰ ਮਾਨ/ਇਨਸਾਨ ਜਾਗ ਉਠਾ/ਨਿਰਦੇਸ਼ਕ : ਲੈ. ਕਰਨਲ ਬਰੂਆ

(ਤਰਸੇਮ ਅਮਰ)

ਮੇਲੇ—ਮੁਕਾਬਲੇ

ਇਪਟਾ ਨਾਟਕ ਮੇਲਾ, ਚੰਡੀਗੜ੍ਹ

10-11-12 ਨਵੰਬਰ : ਟੈਗੋਰ ਥੀਏਟਰ

10 ਨਵੰਬਰ

ਮੰਚਵਟੀ, ਪਟਿਆਲਾ/ਮਨ ਦੀਆਂ ਮਨ ਵਿਚ (ਹਰਚਰਨ ਸਿੰਘ)/ਨਿਰਦੇਸ਼ਕ : ਸਤੀਸ਼ ਕੁਮਾਰ ਵਰਮਾ

ਅਜਨਬੀ ਰੰਗਕਰਮੀ, ਚੰਡੀਗੜ੍ਹ/ਮੈਂ ਕੌਣ ਹਾਂ/ਨਿਰਦੇਸ਼ਕ : ਕੁਲਦੀਪ ਸ਼ਰਮਾ

ਇਪਟਾ, ਚੰਡੀਗੜ੍ਹ/ਸਾਂਝਾ ਵਿਹੜਾ (ਤੇਰਾ ਸਿੰਘ ਚੰਨ)/ਨਿਰਦੇਸ਼ਕ : ਮਹਿੰਦਰ ਸਾਬਰ

11 ਨਵੰਬਰ

ਮਜਲਿਸ, ਚੰਡੀਗੜ੍ਹ/ਮਦਾਰੀ ਆਇਆ (ਅਪੂਰਵਾ ਨੰਦ)/ਨਿਰਦੇਸ਼ਕ : ਬਲਕਾਰ ਸਿੱਧੂ

ਚੰਡੀਗੜ੍ਹ ਕਲਾ ਮੰਦਿਰ/ਅਜੀਤ ਰਾਮ/ਲੇਖਕ ਤੇ ਨਿਰਦੇਸ਼ਕ : ਆਤਮਜੀਤ,

ਪੰਜਾਬ ਆਰਟਸ ਇਨਟਰਨੈਸ਼ਨਲ/ਸਪਤ ਸਿੰਧੂ/ਲੇਖਕ ਤੇ ਨਿਰਦੇਸ਼ਕ : ਨਰਿੰਦਰ ਨਿੰਦੀ

12 ਨਵੰਬਰ

ਇਪਟਾ, ਖੰਨਾ/ਖੇਡਾਂ/ਲੇਖਕ ਤੇ ਨਿਰਦੇਸ਼ਕ : ਜਗਦੀਸ਼

ਚੰਡੀਗੜ੍ਹ ਰੰਗਮੰਚ/ਭੱਠ ਪਿਆ ਸੋਨਾ (ਬਲਕਾਰ ਸਿੱਧੂ)/ਨਿਰਦੇਸ਼ਕ : ਜੇ.ਬੀ.ਐਸ. ਸੋਢੀ

ਥੀਏਟਰ ਡੀਵੋਟੀਜ਼/ਵੀਜ਼ਾ (ਅਜਮੇਰ ਰੋਡੇ)/ਨਿਰਦੇਸ਼ਕ : ਕੁਲਵੰਤ ਭਾਟੀਆ

ਸੁਰਖਾਬ ਪਬਲਿਕ ਸਕੂਲ ਖੰਨਾ ਦਾ ਨਾਟ-ਮੇਲਾ

29 ਨਵੰਬਰ/ਸੁਰਖਾਬ ਪਬਲਿਕ ਸਕੂਲ/ਗੁਬਾਰੇ (ਆਤਮਜੀਤ), ਟੋਆ, ਇਹ ਲਹੂ ਕਿਸਦਾ ਹੈ (ਗੁਰਸ਼ਰਨ ਸਿੰਘ)/ਨਿਰਦੇਸ਼ਕ : ਗੁਰਪਾਲ ਲਿੱਟ

1 ਦਸੰਬਰ/ਅੰਮ੍ਰਿਤਸਰ ਸਕੂਲ ਆਫ਼ ਡਰਾਮਾ/ਇਕੋ ਮਿੱਟੀ ਦੇ ਪੁੱਤ, ਨਵਾਂ ਜਨਮ, ਫੌਜਣ, ਭੰਡਾਂ ਦਾ ਤਮਾਸ਼ਾ/ਲੇਖਕ ਤੇ ਨਿਰਦੇਸ਼ਕ : ਗੁਰਸ਼ਰਨ ਸਿੰਘ/ਸੁਰਖਾਬ ਪਬਲਿਕ ਸਕੂਲ/ ਹਾੜੀਆਂ ਸੌਣੀਆਂ (ਜੋਗਿੰਦਰ ਬਾਹਰਲਾ)/ਨਿਰਦੇਸ਼ਕ : ਕੇਵਲ ਧਾਲੀਵਾਲ

ਗੁਰੂ ਨਾਨਕ ਕਾਲਿਜ ਦੋਰਾਹਾ ਦਾ ਨਾਟ-ਮੁਕਾਬਲਾ

30 ਨਵੰਬਰ/ਗੁਰੂ ਨਾਨਕ ਕਾਲਿਜ ਦੋਰਾਹਾ/ਅਜੀਤ ਰਾਮ (ਆਤਮਜੀਤ)/ਨਿਰਦੇਸ਼ਕ : ਸਤੀਸ਼ ਕੁਮਾਰ ਵਰਮਾ/ਆਰੀਆ ਕਾਲਿਜ, ਲੁਧਿਆਣਾ/ਇਕ ਔਰ ਹਰੀ ਰਾਮ ਮਾਰਾ ਗਯਾ/ ਨਿਰਦੇਸ਼ਕ : ਪ੍ਰੋ. ਵਿਸ਼ਵ ਬੰਧੂ ਸੁਧੀਰ/ਗੁਰੂ ਨਾਨਕ ਕਾਲਿਜ, ਦੋਰਾਹਾ/ਰਿਹੱਰਸਲ (ਕਪੂਰ ਸਿੰਘ ਘੁੰਮਣ)/ਨਿਰਦੇਸ਼ਕ : ਪ੍ਰੋ. ਜੇ.ਐਸ. ਗਰੇਵਾਲ

ਨਤੀਜੇ : ਸਰਵੋਤਮ ਨਾਟਕ : ਏਕ ਔਰ ਹਰੀ ਰਾਮ ਮਾਰਾ ਗਯਾ/ਸਰਵੋਤਮ ਨਿਰਦੇਸ਼ਕ : ਸਤੀਸ਼ ਕੁਮਾਰ ਵਰਮਾ

ਪੱਟੀ ਦਾ ਨਾਟਕ ਮੁਕਾਬਲਾ

12 ਦਸੰਬਰ, 88 : ਕਿਰਨ ਸਿਨੇਮਾ

ਸਰਕਾਰੀ ਗਰਲਜ਼ ਹਾਈ ਸਕੂਲ, ਪੱਟੀ/ਦੂਜਾ ਵਿਆਹ (ਸੰਤ ਸਿੰਘ ਸੇਖੋਂ)/ਨਿਰਦੇਸ਼ਕ : ਸੱਤ ਬਿਲ੍ਹ

ਸ.ਸ.ਸ. ਸਕੂਲ, ਪੱਟੀ/ਸਾਂਝਾ ਰੁੱਖ ਸਾਂਝੀ ਛਾਂ (ਸ਼ਾਮ ਸਿਕੰਦਰ)/ਨਿਰਦੇਸ਼ਕ : ਸੁਰਜੀਤ ਧਾਮੀ

ਆਰੀਆ ਗਰਲਜ਼ ਹਾਈ ਸਕੂਲ/ਕਿਧਰ ਜਾਵਾਂ (ਗੁਰਦਿਆਲ ਸਿੰਘ ਫੁੱਲ)

ਸਰਕਾਰੀ ਸਕੂਲ ਦੁਬੱਲੀ/ਕਿਵ ਕੂੜੇ ਤੁਟੇ ਪਾਲ (ਗੁਰਸ਼ਰਨ ਸਿੰਘ)/ਨਿਰਦੇਸ਼ਕ : ਸੁਰਜੀਤ ਧਾਮੀ

ਨਤੀਜੇ : ਸਰਵੋਤਮ ਨਾਟਕ : ਦੂਜਾ ਵਿਆਹ, ਦੂਜਾ ਸਥਾਨ : ਸਾਂਝਾ ਰੁੱਖ ਸਾਂਝੀ ਛਾਂ

ਸਰਵੋਤਮ ਨਾਟਕ (ਪੇਂਡੂ ਸਕੂਲਾਂ ਵਿਚੋਂ) ਮੈਂ ਕਿਵ ਕੂੜੇ ਤੁਟੇ ਪਾਲ

ਸਰਵੋਤਮ ਅਭਿਨੇਤਰੀ : ਮੀਨੂ ਸੈਣੀ

ਸਰਵੋਤਮ ਅਭਿਨੇਤਾ : ਸੁਰਿੰਦਰ ਅਰੋੜਾ ਅਤੇ ਨਵਪ੍ਰੀਤ ਸਿੰਘ

ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦਾ ਨਾਟਕ ਦਰਬਾਰ

17 ਦਸੰਬਰ : ਲਾਜਪਤ ਰਾਏ ਭਵਨ

ਮੰਚਵਟੀ, ਪਟਿਆਲਾ/ਮਸਲਾ ਪੰਜਾਬ ਦਾ/ਲੇਖਕ ਤੇ ਨਿਰਦੇਸ਼ਕ : ਸਤੀਸ਼ ਕੁਮਾਰ ਵਰਮਾ

ਨਵਯੁਵਕ ਕਲਾ ਮੰਚ, ਚੰਡੀਗੜ੍ਹ/ਜੁੜਵਾਂ/ਲੇਖਕ ਤੇ ਨਿਰਦੇਸ਼ਕ : ਰਾਕੇਸ਼ ਦੱਤਾ

ਚੰਡੀਗੜ੍ਹ ਰੰਗਮੰਚ/ਅਦਾਲਤ (ਪ੍ਰਕਾਸ਼ ਸਾਥੀ)/ਨਿਰਦੇਸ਼ਕ : ਜੇ.ਬੀ.ਐਸ. ਸੋਢੀ

ਸਭਿਆਚਾਰ ਵਿਭਾਗ ਪੰਜਾਬ ਦਾ ਨਾਟ-ਮੁਕਾਬਲਾ

17.2.88/ਜਲੰਧਰ ਡਿਵੀਜ਼ਨ/ਪੰਜਾਬੀ ਭਵਨ, ਲੁਧਿਆਣਾ

ਇਮਰੋਜ਼ ਕਲਾ ਮੰਚ, ਜਲੰਧਰ/ਮੈਂ ਕਿਧਰ ਜਾਵਾਂ

ਲੋਕ ਰੰਗਮੰਚ ਅੰਮ੍ਰਿਤਸਰ/ਅਸੀਂ ਨਾਟਕ ਨਹੀਂ ਖੇਡਦੇ

ਆਰਟ ਸੈਂਟਰ, ਅੰਮ੍ਰਿਤਸਰ/ਸੁਨੇਹਾ

ਅੰਮ੍ਰਿਤਸਰ ਸਕੂਲ ਆਫ਼ ਡਰਾਮਾ/ਧਮਕ ਨਗਾਰੇ ਦੀ

18.2.88/ਫਿਰੋਜ਼ਪੁਰ ਡਿਵੀਜ਼ਨ/ਪੰਜਾਬੀ ਭਵਨ, ਲੁਧਿਆਣਾ

ਸਾਗਰ ਕਲਾ ਮੰਚ, ਅਬੋਹਰ/ਇਹ ਚਾਰ ਹੱਥ

ਰੰਗਮੰਚ, ਫਿਰੋਜ਼ਪੁਰ/ਅਦਾਲਤ

ਰੰਗਮੰਚ, ਮੋਗਾ/ਪੰਜਾਬ ਦੀ ਆਵਾਜ਼

ਪੀ. ਕਲਬ, ਮਾਨਸਾ/ਧ੍ਰਿਗ ਤਿਨਾ ਦਾ ਜੀਵਿਆ

ਪੰਜਾਬ ਕਲਾਮੰਚ, ਬੁੱਘੀਪੁਰਾ/ਕਾਲੀਆਂ ਰਾਤਾਂ

20.12.88/ਚੰਡੀਗੜ੍ਹ ਜ਼ੋਨ/ਟੈਗੋਰ ਥੀਏਟਰ, ਚੰਡੀਗੜ੍ਹ

ਪੰਜ ਪਾਣੀ ਰੰਗਮੰਚ, ਚੰਡੀਗੜ੍ਹ/ਟਾਹਲੀ ਦੇ ਥੱਲੇ

ਵੰਦਨਾਕਾਰ, ਚੰਡੀਗੜ੍ਹ/ਪੰਜ ਖੂਹ ਵਾਲੇ
ਅਜਨਬੀ ਰੰਗਕਰਮੀ, ਚੰਡੀਗੜ੍ਹ/ਮੈਂ ਕੌਣ ਹਾਂ

ਥੀਏਟਰ ਲੈਬ, ਚੰਡੀਗੜ੍ਹ/ਬਲਦੇ ਟਿੱਬੇ

21.12.88/ਉਹੀ

ਲੋਕ ਕਲਾ ਮੰਚ, ਚੰਡੀਗੜ੍ਹ/ਏਹੁ ਹਮਾਰਾ ਜੀਵਣਾ

ਸੁਪਰ ਆਰਟ ਐਂਡ ਕਲਚਰਲ ਕਲੱਬ, ਚੰਡੀਗੜ੍ਹ/ਨਾਸੂਰ

ਨਾਟਲਿਆ, ਚੰਡੀਗੜ੍ਹ/ਤੇ ਪੁਲ ਟੁੱਟ ਗਿਆ

ਨਵਯੁਵਕ ਰੰਗਮੰਚ, ਚੰਡੀਗੜ੍ਹ/ਜੁੜਵਾਂ

24.12.88/ਪਟਿਆਲਾ ਡਿਵੀਜ਼ਨ/ਸੈਂਟਰਲ ਲਾਇਬਰੇਰੀ, ਪਟਿਆਲਾ

ਰੂਪਕ ਕਲਾ ਸੰਗਮ, ਪਟਿਆਲਾ/ਮੁਕਤੀ

ਨਵੇਂ ਚਿਹਰੇ ਨਵੇਂ ਮੰਚ, ਸੁਨਾਮ/ਲਹੂ ਦੀਆਂ ਘੁੱਟਾਂ

ਨਾਟਕ ਵਾਲਾ, ਪਟਿਆਲਾ/ਕੱਟੀ ਹੋਈ ਬਾਂਹ

ਪ੍ਰੋਗਰੈਸਿਵ ਡਰਾਮੈਟਿਕ ਕਲੱਬ ਪਟਿਆਲਾ/ਹੁਣ ਗਰੀਬੀ ਹਟਾਓ

25.12.88/ਉਹੀ

ਕਲਾ ਮੰਦਿਰ, ਸਮਰਾਲਾ/ਪਰਛਾਵੇਂ ਬੋਲ ਪਏ

ਕਰਮ ਪ੍ਰੋਡਕਸ਼ਨਜ਼, ਪਟਿਆਲਾ/ਇਕ ਘੁੱਟ ਦਾਰੂ ਦੀ

ਦੀਪ ਕਲਾ ਮੰਚ, ਪਟਿਆਲਾ/ਦੇਖ ਕਬੀਰਾ ਰੋਯਾ (ਅਮਰਜੀਤ ਸਿੰਘ)

ਸੈਮੀਨਾਰ

ਪਟਿਆਲਾ : 2 ਅਤੇ 3 ਦਸੰਬਰ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਵੱਲੋਂ ਯੂ. ਜੀ. ਸੀ. ਨੈਸ਼ਨਲ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੌਮੀ ਪੱਧਰ ਦੇ ਰੰਗਕਰਮੀਆਂ ਨਾਦਿਰਾ ਜ਼ਹੀਰ ਬੱਬਰ ਅਤੇ ਰਣਜੀਤ ਕਪੂਰ ਮੁਖ ਵਕਤਾ ਵਜੋਂ ਸ਼ਾਮਿਲ ਹੋਏ ਅਤੇ ਡਾ. ਸੁਰੇਸ਼ ਸੇਠ (ਟੀ. ਵੀ. ਨਾਟਕ ਅਤੇ ਸਟੇਜ ਨਾਟਕ), ਡਾ. ਕਮਲੇਸ਼ ਉੱਪਲ (ਟੀ. ਵੀ. ਅਤੇ ਥੀਏਟਰ ਦਾ ਸੁਹਜ ਸ਼ਾਸਤਰ), ਡਾ. ਨਵਨਿੰਦਰ ਬਹਿਲ (ਟੀ. ਵੀ. ਨਾਟਕਕਾਰੀ) ਅਤੇ ਡਾ. ਸਤੀਸ਼ ਕੁਮਾਰ ਵਰਮਾ (ਥੀਏਟਰ ਅਤੇ ਟੈਲੀਵਿਜ਼ਨ : ਅੰਤਰ-ਸੰਬੰਧਾਂ ਦੀ ਤਲਾਸ਼) ਨੇ ਪੇਪਰ ਪੜ੍ਹੇ। ਬਹਿਸ ਵਿਚ ਡਾ. ਪ੍ਰਕਾਸ਼ ਸਿਆਲ, ਪ੍ਰੋ. ਯਗੇਸ਼ ਗੰਭੀਰ, ਕੁਲਵੰਤ ਸਿੰਘ, ਟੋਨੀ ਬਾਤਿਸ਼, ਰਾਜਿੰਦਰ ਲਹਿਰੀ, ਹਰਜਿੰਦਰ ਵਾਲੀਆ ਆਦਿ ਨੇ ਭਾਗ ਲਿਆ।

ਲੁਧਿਆਣਾ : 11 ਦਸੰਬਰ : ਯੰਗ ਰਾਈਟਰਜ਼ ਐਸੋਸੀਏਸ਼ਨ, ਪੀ.ਏ.ਯੂ. ਦੇ ਸਹਿਯੋਗ ਨਾਲ ਡਾ. ਸ. ਨ. ਸੇਵਕ ਵਲੋਂ ਆਯੋਜਿਤ ਸੈਮੀਨਾਰ ਵਿਚ 'ਨੁੱਕਰ ਨਾਟਕ' ਤੇ ਚਰਚਾ ਕੀਤੀ ਗਈ/ਮੁੱਖ ਵਕਤਾ : ਗੁਰਸ਼ਰਨ ਸਿੰਘ/ਇਸ ਦੌਰਾਨ ਡਾ. ਸੇਵਕ ਦੇ ਨੁੱਕਰ ਨਾਟ-ਸੰਗ੍ਰਹਿ 'ਜੀਵਨ ਮੰਚ' ਦਾ ਵਿਮੋਚਨ ਵੀ ਹੋਇਆ।

ਦਿੱਲੀ : 17 ਦਸੰਬਰ : ਡਾ., ਸੁਤਿੰਦਰ ਸਿੰਘ ਨੂਰ ਦੁਆਰਾ ਏਸ਼ੀਅਨ ਵਿਲੇਜ ਕੰਪਲੈਕਸ ਵਿਚ ਆਯੋਜਿਤ 'ਗ਼ੈਰ ਰਸਮੀ ਪੰਜਾਬੀ ਗੋਸ਼ਟੀ' ਵਿਚ ਅਮਰਜੀਤ ਗਰੇਵਾਲ ਦੇ ਨਾਟਕ 'ਚੂਹੇ ਦੌੜ' ਤੇ ਚਰਚਾ ਕੀਤੀ ਗਈ। ਡਾ. ਕਰਨਜੀਤ ਸਿੰਘ ਨੇ ਚਰਚਾ ਆਰੰਭੀ ਅਤੇ ਡਾ. ਜਗਬੀਰ ਸਿੰਘ ਤੇ ਡਾ. ਹਰਚਰਨ ਕੌਰ ਨੇ ਬਹਿਸ ਵਿਚ ਭਾਗ ਲਿਆ। ਅਮਰਜੀਤ ਗਰੇਵਾਲ ਨੇ ਆਪਣੀ ਨਾਟ-ਰਚਨਾ ਪ੍ਰਕਿਰਿਆ ਬਾਰੇ ਦੱਸਿਆ।

ਪਟਿਆਲਾ : 20-21-22 ਦਸੰਬਰ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਕਾਸ ਵਿਭਾਗ ਵਲੋਂ ਆਯੋਜਿਤ ਪੰਜਾਬੀ ਵਿਕਾਸ ਕਾਨਫ਼ਰੰਸ ਵਿਚ ਡਾ. ਆਤਮਜੀਤ (ਨਾਟਕਕਾਰ) ਨੇ 'ਪੰਜਾਬ ਸੰਕਟ ਅਤੇ ਪੰਜਾਬੀ ਨਾਟਕ' ਵਿਸ਼ੇ ਤੇ ਪੇਪਰ ਪੜ੍ਹਿਆ।

ਮਾਨਸਾ : 25 ਦਸੰਬਰ : ਲਿਖਾਰੀ ਸਭਾ ਮਾਨਸਾ ਵਲੋਂ 'ਪੰਜਾਬ ਦੀ ਅਜੋਕੀ ਸਥਿਤੀ ਵਿਚ ਪੰਜਾਬੀ ਨਾਟਕ ਅਤੇ ਰੰਗਮੰਚ 'ਵਿਸ਼ੇ ਤੇ ਗੋਸ਼ਟੀ ਹੋਈ। ਡਾ. ਰਵਿੰਦਰ ਸਿੰਘ ਰਵੀ ਕੁੰਜੀਵਤ ਭਾਸ਼ਨ ਉਪਰੰਤ ਡਾ. ਸਤੀਸ਼ ਕੁਮਾਰ ਵਰਮਾ ਨੇ 'ਅਜੋਕੀ ਪੰਜਾਬ ਸਥਿਤੀ ਅਤੇ ਪੰਜਾਬੀ ਰੰਗਮੰਚ' ਅਤੇ ਸਰਬਜੀਤ ਬੇਦੀ ਨੇ 'ਅਜੋਕਾ ਪੰਜਾਬ ਸੰਕਟ ਅਤੇ ਪੰਜਾਬੀ ਨਾਟਕ ਵਿਸ਼ੇ ਤੇ ਪੇਪਰ ਪੜ੍ਹੇ। ਇਸ ਸਮੇਂ ਜੋਗਿੰਦਰ ਬਾਹਰਲਾ ਅਤੇ ਜਗਦੀਸ਼ ਫ਼ਰਿਆਦੀ ਦਾ ਸਨਮਾਨ ਕੀਤਾ ਗਿਆ। ਦੋਹਾਂ ਦੀ ਨਾਟਕਕਾਰ ਆਤਮਜੀਤ ਨੇ ਪਛਾਣ ਕਰਵਾਈ। ਪੇਪਰਾਂ ਤੇ ਹੋਈ ਬਹਿਸ ਵਿਚ ਅਜਮੇਰ ਸਿੰਘ ਔਲਖ, ਜਸਵੀਰ ਢੰਡ, ਪ੍ਰੀਤਮ ਰੁਪਾਲ, ਨਿਰੰਜਨ ਪ੍ਰੇਮੀ ਅਤੇ ਹੋਰ ਰੰਗਕਰਮੀਆਂ ਨੇ ਭਾਗ ਲਿਆ। ਬਾਅਦ ਦੁਪਹਿਰ ਪੇਂਡੂ ਰੰਗਮੰਚ ਦੀਆਂ ਸਮੱਸਿਆਵਾਂ ਤੇ ਖੁਲ੍ਹੀ ਬਹਿਸ ਹੋਈ।

ਮਲੇਰਕੋਟਲਾ : ਸਰਕਾਰੀ ਕਾਲਿਜ ਦੀ ਪੰਜਾਬੀ ਸਾਹਿਤ ਸਭਾ ਵਲੋਂ ਆਯੋਜਿਤ ਸਮਾਗਮ ਵਿਚ ਗੁਰਸ਼ਰਨ ਸਿੰਘ ਨੇ 'ਨਾਟਕਾਂ ਰਾਹੀਂ ਲੋਕ ਚੇਤਨਾ' ਵਿਸ਼ੇ ਤੇ ਲੈਕਚਰ ਦਿੱਤਾ।

ਇਨਾਮ-ਸਨਮਾਨ

0 ਚੰਡੀਗੜ੍ਹ : 27 ਅਕਤੂਬਰ : ਪ੍ਰਕਾਸ਼ ਕਲਾ ਸੰਗਮ ਵਲੋਂ ਨਾਟਕਕਾਰ ਭਾਗ ਸਿੰਘ ਦਾ ਸਨਮਾਨ।

0 ਚੰਡੀਗੜ੍ਹ : 10-11-12 ਨਵੰਬਰ : ਇਪਟਾ ਨਾਟਕ ਮੇਲੇ ਵਿਚ ਡਾ. ਹਰਚਰਨ ਸਿੰਘ, ਜਗਦੀਸ਼ ਫ਼ਰਿਆਦੀ, ਜੋਗਿੰਦਰ ਬਾਹਰਲਾ ਅਤੇ ਹੁਕਮ ਚੰਦ ਖਲੀਲੀ (ਮਰਨ ਉਪਰੰਤ) ਦਾ ਸਨਮਾਨ ਕੀਤਾ ਗਿਆ।

0 ਸਰਦੂਲਗੜ੍ਹ : 14 ਨਵੰਬਰ : ਪੰਜਾਬ ਕਲਾ ਮੰਚ, ਸਰਦੂਲਗੜ੍ਹ ਅਤੇ ਨਹਿਰੂ ਯੁਵਕ ਕੇਂਦਰ, ਬਠਿੰਡਾ ਵਲੋਂ ਨਾਟਕਕਾਰ ਅਜਮੇਰ ਔਲਖ ਦਾ ਸਨਮਾਨ।

0 ਚੰਡੀਗੜ੍ਹ 18 ਦਸੰਬਰ : ਪੰਜਾਬੀ ਲੇਖਕ ਸਭਾ ਵਲੋਂ ਨਾਟਕਕਾਰ ਬ੍ਰਿਜ ਲਾਲ ਸ਼ਾਸਤਰੀ (ਗ਼ੈਰ ਹਾਜ਼ਰੀ ਵਿਚ) ਦਾ ਸਨਮਾਨ ਕੀਤਾ ਗਿਆ।

0 ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਅਮਰਜੀਤ ਗਰੇਵਾਲ ਦੇ ਨਾਟਕ 'ਚੂਹੇ ਦੌੜ' ਨੂੰ ਆਈ.ਸੀ. ਨੰਦਾ ਇਨਾਮ।

0 ਪਟਿਆਲਾ : ਰੰਗ ਦਰਪਣ, ਪਟਿਆਲਾ ਵਲੋਂ ਰੰਗਕਰਮੀ ਗੋਪਾਲ ਸ਼ਰਮਾ ਦਾ ਸਨਮਾਨ।

0 ਮੋਗਾ : ਸਾਹਿਤ ਵਿਚਾਰ ਮੰਚ, ਮੋਗਾ ਵਲੋਂ ਨਾਟਕਕਾਰ ਗੁਰਸ਼ਰਨ ਸਿੰਘ ਦਾ ਸਨਮਾਨ।

0 ਦਿੱਲੀ : ਸ਼ੁਭਨੀ ਕਲਾ ਸੰਗਮ ਵਲੋਂ ਮੰਚ-ਅਦਾਕਾਰ ਕੀਮਤੀ ਆਨੰਦ ਦਾ ਸਨਮਾਨ।

0 ਇੰਫਾਲ ਦੇ ਰੰਗਕਰਮੀ ਰਤਨ ਥਈਅਮ ਅਤੇ ਗੁਜਰਾਤੀ ਨਾਟਕਕਾਰ ਅਤੇ ਫਿਲਮ ਅਭਿਨੇਤਾ ਉਪੇਂਦਰ ਤ੍ਰਿਵੇਦੀ ਨੂੰ ਪਦਮ ਸ੍ਰੀ।

0 ਸਫ਼ਦਰ ਹਾਸ਼ਮੀ ਨੂੰ ਕਲਕੱਤਾ ਯੂਨੀਵਰਸਿਟੀ ਵਲੋਂ ਡਾਕਟਰੇਟ ਦੀ ਆਨਰੇਰੀ ਡਿਗਰੀ (ਮਰਨ ਉਪਰੰਤ) ਪ੍ਰਦਾਨ ਕੀਤੀ ਗਈ।

ਸੂਚਨਾਵਾਂ/ਖ਼ਬਰਾਂ

0 ਨਟਾਸ, ਪਟਿਆਲਾ ਨੇ 1988 ਦਾ ਵਰ੍ਹਾ 'ਥੀਏਟਰ ਵਰ੍ਹ' ਦੇ ਤੌਰ ਤੇ ਮਨਾਇਆ।

0 ਮਾਨਸਾ ਦੇ ਰੰਗਕਰਮੀ ਸੁਰਜੀਤ ਗਾਮੀ ਦੀ ਵੱਡੀ ਭਰਜਾਈ ਸ੍ਰੀਮਤੀ ਗੁਲਾਬ ਕੌਰ ਦਾ ਦੇਹਾਂਤ। ਅਦਾਰਾ ਮੰਚਣ ਦੁੱਖ ਵਿਚ ਸ਼ਰੀਕ ਹੈ।

0 ਸਫ਼ਦਰ ਹਾਸ਼ਮੀ ਦੇ ਕਤਲ ਦੇ ਰੋਸ ਵਜੋਂ 9 ਜਨਵਰੀ ਨੂੰ ਮੁਲਕ ਭਰ ਦੇ ਰੰਗਕਰਮੀਆਂ ਅਤੇ ਕਲਾਕਾਰਾਂ ਨੇ ਹੜਤਾਲ ਕੀਤੀ।

ਨਵਾਂ ਪਤਾ

ਬੀ. ਪੀ. ਸਿੰਘ, ਫੀਲਡ ਅਫਸਰ, ਪੰਜਾਬ ਐਂਡ ਸਿੰਧ ਬੈਂਕ, ਜੋਗੀਵਾਲਾ,
ਜ਼ਿਲ੍ਹਾ ਦੇਹਰਾਦੂਨ-248005 (ਯੂ.ਪੀ.)

ਨਾਰਥ ਜ਼ੋਨ ਕਲਚਰਲ ਸੈਂਟਰ ਦੀ ਥੀਏਟਰ ਵਰਕਸ਼ਾਪ

ਉਪਰੋਕਤ ਥੀਏਟਰ ਵਰਕਸ਼ਾਪ 16 ਨਵੰਬਰ ਤੋਂ 16 ਦਸੰਬਰ ਤਕ ਲਗਾਈ ਗਈ। ਇਕ ਮਹੀਨਾ ਭਰ ਚਲਣ ਵਾਲੀ ਥੀਏਟਰ ਵਰਕਸ਼ਾਪ ਦੌਰਾਨ ਕੌਮੀ ਪ੍ਰਸਿੱਧੀ ਦੇ ਰੰਗਕਰਮੀ ਅੰਜਲਾ ਮਹਾਰਿਸ਼ੀ, ਨਾਦਿਰਾ ਜ਼ਹੀਰ ਬੱਬਰ, ਦਵਿੰਦਰ ਅੰਕੁਰ, ਰਣਜੀਤ ਕਪੂਰ, ਬੀ.ਐਮ. ਸ਼ਾਹ, ਸੁਧੀਰ ਕੁਲਕਰਨੀ, ਜੀ. ਐਨ. ਦਾਸਗੁਪਤਾ, ਗੁਰਸ਼ਰਨ ਸਿੰਘ, ਹਰਪਾਲ ਟਿਵਾਣਾ, ਚਮਨ ਬੱਗਾ, ਨੀਨਾ ਟਿਵਾਣਾ, ਸ੍ਰੀ ਦਮਨੀਆ ਆਦਿ ਨੇ ਰੰਗਮੰਚ ਦੇ ਵੱਖ-ਵੱਖ ਪੱਖਾਂ ਬਾਰੇ ਸਿਖਲਾਈ ਦਿੱਤੀ। ਪਟਿਆਲਾ ਅਤੇ ਨੇੜੇ ਤੇੜੇ ਦੇ ਕਸਬਿਆਂ ਸ਼ਹਿਰਾਂ ਵਿਚੋਂ ਸਮੇਂ ਸਮੇਂ 100 ਦੇ ਕਰੀਬ ਰੰਗਕਰਮੀਆਂ ਨੇ ਸਿਖਲਾਈ ਪ੍ਰਾਪਤ ਕੀਤੀ। ਇਸ ਵਰਕਸ਼ਾਪ ਦੇ ਪ੍ਰੋਗਰਾਮ ਇਨਚਾਰਜ ਸਨ ਸ੍ਰੀ ਯੋਗੇਸ਼ ਗੰਭੀਰ।

ਮਾਸਕੋ ਵਿਚ ਕਾਲੀਦਾਸ ਦਾ ਮੰਚਣ

ਮਾਸਕੋ ਦਾ ਡੋਰਿਆਂ ਅਤੇ ਗੂੰਗਿਆਂ ਲਈ ਪੈਂਟੋਮਾਈਮ ਥੀਏਟਰ ਸੰਸਾਰ ਵਿਚ ਇਕ ਬਹੁਤ ਹੀ ਅਸਾਧਾਰਨ ਥੀਏਟਰ ਹੈ। ਕਲਾਕਾਰ ਮੁੱਖ ਰੂਪ ਵਿਚ ਡੋਰੇ ਅਤੇ ਗੂੰਗੇ ਹੁੰਦੇ ਹਨ ਜੋ ਸੈਨਤਾਂ ਅਤੇ ਨਕਲ ਰਾਹੀਂ ਸੰਚਾਰ ਕਰਦੇ ਹਨ। ਲਾਇਨ ਫਿਊਚਵੈਂਗਰ ਨੇ 1917 ਵਿਚ 5ਵੀਂ ਸਦੀ ਦੇ ਭਾਰਤ ਦੇ ਇਕ ਮਹਾਨ ਲੇਖਕ ਕਾਲੀਦਾਸ ਦੇ ਨਾਟਕ 'ਅਗਨੀਮਿਤਰ' ਅਤੇ 'ਮਾਲਵਿਕਾ' ਦੇ ਆਧਾਰ ਉਤੇ ਇਸ ਥੀਏਟਰ ਲਈ 'ਰਾਜਾ ਅਤੇ ਨਰਤਕੀ' ਨਾਂ ਦਾ ਨਾਟਕ ਲਿਖਿਆ ਸੀ।

ਇਕ ਨਰਤਕੀ ਲਈ ਇਕ ਸ਼ਕਤੀਸ਼ਾਲੀ ਰਾਜੇ ਦੇ ਦਿਲ ਵਿਚ ਉਪਜੇ ਪਿਆਰ ਦੀ ਕਹਾਣੀ ਨੇ ਸਦੀਆਂ-ਬੱਧੀ ਪਾਠਕਾਂ ਦੇ ਦਿਲ ਅਤੇ ਦਿਮਾਗ ਨੂੰ ਟੁੰਬੀ ਰਖਿਆ। ਪੁਰਾਣੇ ਸਮਿਆਂ ਵਿਚ ਰਚੇ ਗਏ ਇਸ ਨਾਟਕ ਦੇ ਵਿਸ਼ੇ-ਵਸਤੂ ਨੂੰ ਅਸੀਂ ਆਪਣੀ ਸਦੀ ਵਿਚ ਦੋਬਾਰਾ ਨੇੜੇ ਤੋਂ ਘੋਖਦੇ ਹਾਂ।

ਭਾਰਤੀ ਵਿਸ਼ੇ ਸੰਬੰਧੀ ਕਿਰਤਾਂ ਇਸ ਥੀਏਟਰ ਲਈ ਕੋਈ ਨਵੀਂ ਗੱਲ ਨਹੀਂ ਹਨ। ਕਈ ਸਾਲ ਪਹਿਲਾਂ ਰੁਡਿਆਰਡ ਕਿਪਲਿੰਗ ਦੀ ਰਚਨਾ 'ਮੋਗਲੀ' ਮੰਚ ਉਤੇ ਖੇਡੀ ਗਈ ਸੀ।

'ਰਾਜਾ ਅਤੇ ਨਰਤਕੀ' ਦੇ ਨਿਰਦੇਸ਼ਕ ਜੀ. ਯਾਕੋਰਸੋਨ ਨੇ ਕਿਹਾ, ਭਾਰਤ ਮਹਾਨ ਸਭਿਆਚਾਰ, ਖ਼ੂਬਸੂਰਤ ਲੋਕਾਂ ਅਤੇ ਖ਼ੂਬਸੂਰਤ ਪਰਕਿਰਤੀ ਦਾ ਦੇਸ਼ ਹੈ। ਅਸੀਂ ਖ਼ੂਬਸੂਰਤੀ ਨਾਲ ਭਰੇ-ਭਕੁੰਨੇ ਨਾਟਕ ਨੂੰ ਖੇਡਣ ਦਾ ਫ਼ੈਸਲਾ ਕੀਤਾ ਜਿਸ ਦੀ ਮੰਚ-ਸੱਜਾ, ਸੰਗੀਤ, ਲੋਕ ਅਤੇ ਭਾਵਨਾਵਾਂ ਖ਼ੂਬਸੂਰਤ ਹੋਣ। ਕਹਾਣੀ ਦਾ ਕਰਮ-ਖੇਤਰ ਪੁਰਾਣੇ ਸਮਿਆਂ ਦਾ ਹੈ। ਪਰ ਪਾਤਰਾਂ ਦਾ ਪਿਆਰ ਉਨ੍ਹਾਂ ਨੂੰ ਅੱਜ ਦੇ ਸਰੋਤਿਆਂ ਨਾਲ ਜੋੜ ਦਿੰਦਾ ਹੈ। ਇਹਨੀਂ ਦਿਨੀਂ ਸੋਵੀਅਤ ਯੂਨੀਅਨ ਦੇ ਥੀਏਟਰ ਅਤੇ ਸਿਨਮੇ ਨੇ ਲਿੰਗ ਸੰਬੰਧੀ ਵਿਸ਼ਿਆਂ ਨੂੰ ਲੈਣਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਕਈ ਵਰ੍ਹਿਆਂ ਲਈ ਇਹ ਮਸਲੇ ਵਰਜਿਤ ਸਨ। ਪੱਛਮ ਵਿਚ ਅਜਿਹੇ ਮਸਲਿਆਂ ਵਿਚ ਦਿਲਚਸਪੀ ਘਟਦੀ ਜਾ ਰਹੀ ਹੈ ਪਰ ਇਸ ਦੇਸ਼ ਵਿਚ ਹਰ ਪ੍ਰਕਾਰ ਦੇ 'ਕਾਮ ਦ੍ਰਿਸ਼' ਵਿਚ ਦਿਲਚਪੀ ਵਿਖਾਈ ਜਾ ਰਹੀ ਹੈ। ਇਸ ਪ੍ਰਵਿਰਤੀ ਦੇ ਉਲਟ ਅਸੀਂ ਆਪਣੀ ਪੇਸ਼ਕਸ਼ ਵਿਚ ਪੁਰਾਣੀ ਕਿਸਮ ਦੇ ਪਿਆਰ ਦੀ ਹੰਢਣਸਾਰ ਕਦਰ ਤੇ ਖ਼ੂਬਸੂਰਤੀ ਨੂੰ ਦਰਸਾਉਣਾ ਚਾਹੁੰਦੇ ਹਾਂ ਅਤੇ ਇਸ ਮੰਤਵ ਲਈ ਪ੍ਰਾਚੀਨ ਸਮਿਆਂ ਦਾ ਕਵੀ ਮਹਾਨ ਕਾਲੀਦਾਸ ਸਾਨੂੰ ਦਸਦਾ ਹੈ : "ਜਦੋਂ ਅਸੀਂ ਪਿਆਰ ਦੇ ਸੋਮੇ ਤੋਂ ਖਾਲੀ ਹੁੰਦੇ ਹਾਂ ਤਾਂ ਅਸੀਂ ਬਹੁਤ ਕੁਝ ਗੁਆ ਲੈਂਦੇ ਹਾਂ, ਆਪਣੇ ਆਪ ਨੂੰ ਗਰੀਬ ਕਰ ਲੈਂਦੇ ਹਾਂ। ਪਿਆਰ ਕਰੋ ਅਤੇ ਪਿਆਰੇ ਬਣੋ।" ਇਸ ਪੇਸ਼ਕਸ਼ ਦਾ ਮਨੋਰਥ ਪਿਆਰ ਦੀ ਸ਼ਕਤੀ ਦਰਸਾਉਣਾ ਹੈ ਜੋ ਜ਼ਾਤੀ ਅਤੇ ਜਮਾਤੀ ਵਿਤਕਰਿਆਂ ਤੋਂ ਉਚੀ ਵਸਤੂ ਹੈ।

ਆਉ ਪਿਆਰ ਅਤੇ ਵਿਸ਼ਵਾਸ ਲਈ ਦਿਲ ਦੇ ਦਰ ਖੋਲ੍ਹ ਦੇਈਏ। ਇਸ ਨਾਟਕ ਦਾ ਇਹੋ ਸੁਨੇਹਾ ਹੈ।

ਤਿਮਾਹੀਨਾਮਾ ਲਈ ਰਿਪੋਰਟਾਂ ਨਿਮਨ ਪਤੇ ਤੇ ਭੇਜੀਆਂ ਜਾਣ :
ਆਰ-27, ਟੀਚਰਜ਼ ਫਲੈਟਸ, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ।

ਛਾਪਕ : ਬਾਲੀ ਪ੍ਰਿੰਟਿੰਗ ਪ੍ਰੈਸ, ਕਮਲਾ ਮਾਰਕੀਟ, ਮੁਹਾਲੀ



ਹਾਸ਼ਮੀ ਦਾ ਸ੍ਵੈ-ਚਿੱਤਰ



ਅਦਾਕਾਰ ਹਾਸ਼ਮੀ